6-SEP-PAGE-1.qxd 9/5/2024 10:20 PM Page 1

ਸ਼ੁੱਕਰਵਾਰ, 6 ਸਤੰਬਰ, 2024

22 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 96

# ਨਵਾਂ ਜ਼ਮਾਨਾ

DAILY NAWAN ZAMANA • FRIDAY, 6 SEPTEMBER, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਪੈਟਰੋਲ-ਡੀਜ਼ਲ ਮਹਿੰਗੇ, ਚੰਨੀ ਵਾਲੀ ਬਿਜਲੀ ਸਬਸਿਡੀ ਖ਼ਤਮ



**ਚੰਡੀਗੜ੍ਹ (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**-ਪੰਜਾਬ ਕੈਬਨਿਟ ਨੇ ਰਾਜ ਦੀ ਮਾਲੀ ਹਾਲਤ ਸੁਧਾਰਨ ਲਈ ਵੀਰਵਾਰ ਦੋ ਅਹਿਮ ਫੈਸਲੇ ਕੀਤੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਪੈਟਰੋਲ ਅਤੇ ਡੀਜ਼ਲ 'ਤੇ ਵੈਟ 'ਚ ਵਾਧਾ ਕਰ ਦਿੱਤਾ ਗਿਆ। ਪੈਟਰੋਲ ਉੱਤੇ 61 ਪੈਸੇ ਅਤੇ ਡੀਜ਼ਲ ਉੱਤੇ 92 ਪੈਸੇ ਵੈਟ ਵਧਾਇਆ ਗਿਆ ਹੈ। ਇਸ ਨਾਲ ਸਰਕਾਰ ਨੂੰ ਡੀਜ਼ਲ ਤੋਂ 392 ਕਰੋੜ ਤੇ ਪੈਟਰੋਲ ਤੋਂ 150 ਕਰੋੜ ਰੁਪਏ ਵੱਧ ਟੈਕਸ ਵਸੂਲੀ ਹੋਵੇਗੀ। ਦੂਜਾ ਫੈਸਲਾ ਇਹ ਕੀਤਾ ਗਿਆ ਕਿ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਨੇ 7 ਕਿੱਲੋਵਾਟ ਦੇ ਲੋਡ ਤੱਕ ਘਰੇਲੂ ਖਪਤਕਾਰਾਂ ਨੂੰ ਜਿਹੜਾ ਤਿੰਨ ਰੁਪਏ ਪ੍ਰਤੀ ਯੂਨਿਟ ਬਿੱਲ ਘਟਾਇਆ ਸੀ, ਉਹ ਖਤਮ ਕਰ ਦਿੱਤਾ ਗਿਆ। ਇਸ ਨਾਲ ਸਰਕਾਰ ਨੂੰ 1500 ਕਰੋੜ ਤੋਂ 1800 ਕਰੋੜ ਤਕ ਬਚਣਗੇ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਨ੍ਹਾਂ ਫੈਸਲਿਆਂ ਦਾ ਐਲਾਨ ਕਰਦਿਆਂ ਦੱਸਿਆ ਕਿ ਆਪ ਸਰਕਾਰ 300 ਯੂਨਿਟ ਤੱਕ ਪਹਿਲਾਂ ਹੀ ਫਰੀ ਬਿਜਲੀ ਦੇ ਰਹੀ ਹੈ। ਕੁਝ ਖਪਤਕਾਰ ਚੰਨੀ ਸਰਕਾਰ ਵਾਲੀ ਸਬਸਿਡੀ ਦਾ ਫਾਇਦਾ ਵੀ ਲੈ ਰਹੇ ਸਨ, ਜਿਹੜੀ ਬੰਦ ਕਰ ਦਿੱਤੀ ਗਈ ਹੈ।

ਕੈਬਨਿਟ ਨੇ ਨਵੀਂ ਖੇਤੀਬਾੜੀ ਨੀਤੀ ਬਣਾਉਣ ਨੂੰ ਵੀ ਹਰੀ ਝੰਡੀ ਦਿੱਤ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਮੇਂ ਰਵਾਇਤੀ ਖੇਤੀ ਖੜੋਤ ਦੇ ਕੰਢੇ ਉਤੇ ਪੁੱਜ ਗਈ ਹੈ ਅਤੇ ਅਨਾਜ ਉਤਪਾਦਨ ਨੂੰ ਹੁਲਾਰਾ ਦੇਣ ਲਈ ਨਵੀਂ ਖੇਤੀਬਾੜੀ ਨੀਤੀ ਬਣਾਉਣ ਦੀ ਲੋੜ ਹੈ। ਆਉਣ ਵਾਲੀਆਂ ਨਸਲਾਂ ਲਈ ਧਰਤੀ ਹੇਠਲਾ ਪਾਣੀ ਬਚਾਉਣ ਅਤੇ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਵੀ ਨਵੀਂ ਖੇਤੀਬਾੜੀ ਨੀਤੀ ਦੀ ਲੋੜ ਹੈ। ਮੀਟਿੰਗ ਵਿੱਚ ਫੈਸਲਾ ਹੋਇਆ ਕਿ ਨਵੀਂ ਖੇਤੀਬਾੜੀ ਨੀਤੀ ਬਣਾਉਣ ਲਈ ਸਾਰੇ ਵੱਡੇ ਭਾਈਵਾਲਾਂ ਦੀ ਰਾਇ ਲਈ ਜਾਵੇਗੀ।

ਕੈਬਨਿਟ ਨੇ ਹੁਨਰ ਤੇ ਤਕਨੀਕ ਆਧਾਰਤ ਸਿੱਖਿਆ ਨੂੰ ਵੱਡਾ ਹੁਲਾਰਾ ਦੇਣ ਲਈ ਸੂਬੇ ਵਿੱਚ ਨਵੀਂ ਸਿੱਖਿਆ ਨੀਤੀ ਲਾਗੂ ਕਰਨ ਦੀ ਸਹਿਮਤੀ ਵੀ ਦੇ ਦਿੱਤੀ। ਇਸ ਨਾਲ ਜਿੱਥੇ ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ, ਉੱਥੇ ਉਹ ਪੰਜਾਬ ਦੀ ਸਮਾਜਿਕ-ਆਰਥਿਕ ਤਰੱਕੀ ਦਾ ਅਨਿੱਖੜ ਅੰਗ ਬਣਨਗੇ। ਇਸ ਨੀਤੀ ਨਾਲ ਸੂਬੇ ਵਿੱਚ ਸਿੱਖਿਆ ਵਿੱਚ ਗੁਣਾਤਮਕ ਤਬਦੀਲੀ ਦੇਖਣ ਨੂੰ ਮਿਲੇਗੀ, ਜਿਸ ਨਾਲ ਨੌਜਵਾਨਾਂ ਨੂੰ ਵੱਡੇ ਪੱਧਰ ਉਤੇ ਫਾਇਦਾ ਮਿਲੇਗਾ।

ਮੰਤਰੀ ਮੰਡਲ ਨੇ ਪੰਜਾਬ ਦੇ ਵੱਧ ਤੋਂ ਵੱਧ ਵਪਾਰੀਆਂ ਨੂੰ ਲਾਭ ਦੇਣ ਲਈ ਵੈਟ ਦੇ ਲਟਕਦੇ ਕੇਸਾਂ ਦੇ ਨਿਬੇੜੇ ਲਈ ਓ.ਟੀ.ਐੱਸ.-3 ਦਾ ਦਾਇਰਾ ਵਧਾਉਣ ਦੀ ਵੀ ਸਹਿਮਤੀ ਦੇ ਦਿੱਤੀ। ਪੂਰੀ ਤਰ੍ਹਾਂ ਨਾਕਾਮ ਰਹੀਆਂ ਪਿਛਲੀਆਂ ਸਕੀਮਾਂ ਦੇ ਮੁਕਾਬਲੇ ਮੌਜੂਦਾ ਸਕੀਮ ਦਾ ਕਾਰੋਬਾਰੀਆਂ ਨੂੰ ਚੋਖਾ ਲਾਭ ਮਿਲਿਆ ਹੈ, ਜਿਸ ਨਾਲ ਇਸ ਓ.ਟੀ.ਐੱਸ. ਰਾਹੀਂ ਸੂਬਾ ਸਰਕਾਰ ਨੇ ਪਿਛਲੇ ਵਿੱਤੀ ਵਰ੍ਹੇ ਦੇ ਮੁਕਾਬਲੇ 164 ਕਰੋੜ ਰੁਪਏ ਵਾਧੂ ਕਮਾਏ। ਇਸ ਸਕੀਮ ਦਾ ਦਾਇਰਾ ਵਧਾਉਣ ਬਾਰੇ ਰਸਮੀ ਆਦੇਸ਼ ਜਲਦੀ ਜਾਰੀ ਕੀਤੇ ਜਾਣਗੇ।

ਢੋਆ-ਢੁਆਈ ਵਾਲੇ ਵਾਹਨਾਂ ਤੇ ਥ੍ਰੀ ਵੀਲ੍ਹਰ (ਯਾਤਰੀ, ਆਟੋ ਰਿਕਸ਼ਾ) ਮਾਲਕਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਕੈਬਨਿਟ ਨੇ ਹਰੇਕ ਤਿਮਾਹੀ ਬਾਅਦ ਟੈਕਸ ਅਦਾ ਕਰਨ ਦੀ ਪ੍ਰਕਿਰਿਆ ਨੂੰ ਖ਼ਤਮ ਕਰਨ ਦੀ ਸਹਿਮਤੀ ਦੇ ਦਿੱਤੀ, ਜਿਸ ਨਾਲ ਮਾਲਕਾਂ ਦੀ ਬੇਲੋੜੀ ਪ੍ਰੇਸ਼ਾਨੀ ਘਟੇਗੀ।

ਹੁਣ ਇਨ੍ਹਾਂ ਪੁਰਾਣੇ ਕਮਰਸ਼ੀਅਲ ਵਾਹਨਾਂ ਦੇ ਮਾਲਕ ਆਪਣੇ ਵਾਹਨਾਂ ਲਈ ਸਾਲਾਨਾ ਉੱਕਾ-ਪੁੱਕਾ ਟੈਕਸ ਜਮ੍ਹਾਂ ਕਰਵਾ ਸਕਣਗੇ, ਜਿਸ ਨਾਲ ਉਨ੍ਹਾਂ ਦੇ ਪੈਸੇ, ਸਮੇਂ ਤੇ ਊਰਜਾ ਦੀ ਬੱਚਤ ਹੋਵੇਗੀ। ਅਜਿਹੇ ਨਵੇਂ ਵਾਹਨ ਲੈਣ ਵਾਲਿਆਂ ਨੂੰ ਹੁਣ ਚਾਰ ਜਾਂ ਅੱਠ ਸਾਲਾਂ ਲਈ ਇਕੱਠਾ ਟੈਕਸ ਭਰਨ ਦਾ ਵਿਕਲਪ ਮਿਲੇਗਾ, ਜਿਸ ਉਤੇ ਉਨ੍ਹਾਂ ਨੂੰ ਕ੍ਰਮਵਾਰ 10 ਤੇ 20 ਫੀਸਦੀ ਦੀ ਰਿਆਇਤ ਮਿਲੇਗੀ।

# ਇਕ ਜ਼ਮਾਨਤ ਦਾ ਮਾਮਲਾ ਹੀ ਸੁਪਰੀਮ ਕੋਰਟ ਦਾ ਸਾਰਾ ਦਿਨ ਖਾ ਗਿਆ



**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਦਿੱਲੀ ਆਬਕਾਰੀ ਨੀਤੀ ਸੰਬੰਧੀ ਘਪਲੇ ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਸੀ ਬੀ ਆਈ ਵੱਲੋਂ 26 ਜੂਨ ਨੂੰ ਕੀਤੀ ਗਈ ਗ੍ਰਿਫਤਾਰੀ ਖਿਲਾਫ ਅਤੇ ਜ਼ਮਾਨਤ ਦੀ ਮੰਗ ਕਰਦੀਆਂ ਪਟੀਸ਼ਨਾਂ ਉਤੇ ਵੀਰਵਾਰ ਨੂੰ ਸੁਪਰੀਮ ਕੋਰਟ ਵਿਚ ਹੋਈ ਸੁਣਵਾਈ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਜਸਟਿਸ ਸੂਰੀਆ ਕਾਂਤ ਦੀ ਅਗਵਾਈ ਵਾਲੀ ਬੈਂਚ ਨੇ ਫੈਸਲਾ ਰਾਖਵਾਂ ਰੱਖਦਿਆਂ ਕਿਹਾ—ਇਕ ਜ਼ਮਾਨਤ ਦਾ ਮਾਮਲਾ ਹੀ ਸਾਡਾ ਸਾਰਾ ਦਿਨ ਖਾ ਗਿਆ ਹੈ, ਸਾਨੂੰ ਵੱਡੀ ਗਿਣਤੀ ਕੇਸਾਂ ਨੂੰ ਦੇਖਣਾ ਹੁੰਦਾ ਹੈ ਤੇ ਹੋਰ ਮੁਕੱਦਮੇਬਾਜ਼ਾਂ ਬਾਰੇ ਵੀ ਸੋਚੋ। ਫੈਸਲਾ ਰਾਖਵਾਂ ਰੱਖਿਆ ਜਾਂਦਾ ਹੈ। ਇਸ ਤੋਂ ਪਹਿਲਾਂ ਕੇਜਰੀਵਾਲ ਦੀ ਤਰਫੋਂ ਬਹਿਸ ਦੀ ਸ਼ੁਰੂਆਤ ਕਰਦਿਆਂ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਉੱਜਲ ਭੂਈਆਂ ਦੀ ਬੈਂਚ ਨੂੰ ਦੱਸਿਆ ਕਿ ਇਹ ਅਜਿਹਾ 'ਇਕੋ-ਇਕ ਤੇ ਨਿਵੇਕਲਾ' ਕੇਸ ਹੈ, ਜਿਸ ਵਿਚ ਸੁਪਰੀਮ ਕੋਰਟ ਵੱਲੋਂ ਉਨ੍ਹਾ ਦੇ ਮੁਵੱਕਿਲ ਦੀ ਰਿਹਾਈ ਦੇ ਦੋ ਅਤੇ ਹੇਠਲੀ ਅਦਾਲਤ ਵੱਲੋਂ ਇਕ ਹੁਕਮ ਜਾਰੀ ਕੀਤੇ ਜਾਣ ਦੇ ਬਾਵਜੂਦ ਉਨ੍ਹਾ ਦਾ ਮੁਵੱਕਿਲ ਹਾਲੇ ਵੀ ਜੇਲ੍ਹ ਵਿਚ ਹੈ।ਸਿੰਘਵੀ ਦਾ ਇਸ਼ਾਰਾ ਸੁਪਰੀਮ ਕੋਰਟ ਵੱਲੋਂ ਕੇਜਰੀਵਾਲ ਨੂੰ ਵਧੇਰੇ ਸਖਤ ਮਨੀ ਲਾਂਡਰਿੰਗ ਰੋਕੂ ਐਕਟ (ਪੀ ਐੱਮ ਐੱਲ ਏ) ਤਹਿਤ ਪਹਿਲਾਂ 10 ਮਈ ਨੂੰ ਦਿੱਤੀ ਗਈ ਅੰਤਰਮ ਜ਼ਮਾਨਤ ਤੇ ਫਿਰ 21 ਜੁਲਾਈ ਨੂੰ ਦਿੱਤੀ ਗਈ ਆਮ ਜ਼ਮਾਨਤ ਅਤੇ ਨਾਲ ਹੀ ਦਿੱਲੀ ਦੇ ਵਕੇਸ਼ਨ ਜੱਜ ਨਿਆਏ ਬਿੰਦੂ ਵੱਲੋਂ 20 ਜੂਨ ਨੂੰ ਜਾਰੀ ਹੁਕਮਾਂ ਵੱਲ ਸੀ। ਉਨ੍ਹਾ ਕਿਹਾ ਕਿ ਇਹ ਮਾਮਲਾ ਆਮ ਸਮਝ ਮੁਤਾਬਕ ਨਿਬੇੜਿਆ ਜਾਣਾ ਚਾਹੀਦਾ ਹੈ। ਬਹੁਤ ਜ਼ਿਆਦਾ ਤਕਨੀਕੀ ਨੁਕਤਿਆਂ ਨਾਲ ਕਿਸੇ ਦੀ ਆਜ਼ਾਦੀ ਨੂੰ ਤਕਨੀਕੀ ਨੁਕਤਿਆਂ ਖਾਤਰ ਨਹੀਂ ਲਟਕਾਇਆ ਜਾ ਸਕਦਾ। ਉਨ੍ਹਾ ਕਿਹਾ ਕਿ ਕੇਜਰੀਵਾਲ ਸਮਾਜ ਲਈ ਕੋਈ ਖਤਰਾ ਨਹੀਂ ਹਨ ਅਤੇ ਉਨ੍ਹਾ ਨੂੰ ਜ਼ਮਾਨਤ ਉਤੇ ਰਿਹਾਅ ਕੀਤਾ ਜਾਵੇ, ਕਿਉਂਕਿ ਇਸ ਮਾਮਲੇ ਵਿਚ ਗ੍ਰਿਫਤਾਰ ਹੋਰ ਮੁਲਜ਼ਮਾਂ ਦੀ ਪਹਿਲਾਂ ਹੀ ਜ਼ਮਾਨਤ ਹੋ ਚੁੱਕੀ ਹੈ।

## ਉਮਰ ਦਾ ਤਕਾਜ਼ਾ!





**ਨਵੀਂ ਦਿੱਲੀ** : ਬੈਲਨ ਡੀ'ਓਰ ਫੁੱਟਬਾਲ ਜਗਤ ਦੇ ਸਭ ਤੋਂ ਵੱਡੇ ਐਵਾਰਡਾਂ ਵਿੱਚੋਂ ਇਕ ਹੈ। ਫਰੈਂਚ ਭਾਸ਼ਾ ਵਿਚ ਗੋਲਡਨ ਬਾਲ ਨੂੰ ਬੈਲਨ ਡੀ'ਓਰ ਕਹਿੰਦੇ ਹਨ। ਇਹ ਕਲੱਬ ਤੇ ਕੌਮੀ ਟੀਮ 'ਚ ਖੇਡਦਿਆਂ ਸਾਲ-ਭਰ ਦੇ ਸਭ ਤੋਂ ਸ੍ਰੇਸ਼ਠ ਪ੍ਰਦਰਸ਼ਨ ਲਈ ਦਿੱਤਾ ਜਾਂਦਾ ਹੈ। ਇਸ ਦੀ ਸ਼ੁਰੂਆਤ ਫਰਾਂਸੀਸੀ ਰਸਾਲੇ 'ਫਰਾਂਸ ਫੁੱਟਬਾਲ' ਨੇ ਕੀਤੀ ਸੀ। ਸਰਵਸ੍ਰੇਸ਼ਠ ਖਿਡਾਰੀ ਦੀ ਚੋਣ ਫੁੱਟਬਾਲ ਪੱਤਰਕਾਰ ਕਰਦੇ ਹਨ। ਅਰਜਨਟੀਨਾ ਦੇ ਲਿਓਨਲ ਮੈਸੀ ਨੇ ਸਭ ਤੋਂ ਵੱਧ 2009, 10, 11, 12, 15, 19, 21 ਤੇ 23 ਵਿਚ ਇਹ ਪੁਰਸਕਾਰ ਹਾਸਲ ਕੀਤਾ, ਜਦਕਿ ਉਸ ਤੋਂ ਬਾਅਦ ਪੁਰਤਗਾਲ ਦੇ ਕ੍ਰਿਸਟੀਆਨੋ ਰੋਨਾਲਡੋ ਨੇ 2008, 13, 14, 16, 17 ਵਿਚ ਪੁਰਸਕਾਰ ਜਿੱਤਿਆ। ਕਹਿਣ ਦਾ ਮਤਲਬ ਲਗਭਗ ਡੇਢ ਦਹਾਕਾ ਇਹੀ ਛਾਏ ਰਹੇ। ਐਤਕੀਂ ਪਹਿਲੀ ਵਾਰ ਹੈ ਕਿ 2024 ਲਈ ਜਿਹੜੇ 30 ਖਿਡਾਰੀਆਂ ਵਿੱਚੋਂ ਇਸ ਪੁਰਸਕਾਰ ਲਈ ਚੋਣ ਕੀਤੀ ਜਾਣੀ ਹੈ, ਉਨ੍ਹਾਂ ਵਿੱਚ ਦੋਨਾਂ ਦੇ ਨਾਂਅ ਨਹੀਂ ਹਨ। ਮੈਸੀ ਦੀ ਉਮਰ 37 ਸਾਲ ਤੇ ਰੋਨਾਲਡੋ ਦੀ 39 ਸਾਲ ਹੈ। ਹਾਲਾਂਕਿ ਇਹ ਦੋਵੇਂ ਅਜੇ ਵੀ ਖੇਡ ਰਹੇ ਹਨ, ਪਰ ਧਾਰ ਥੋੜ੍ਹੀ ਖੁੰਢੀ ਹੋ ਗਈ ਹੈ।

## ਭਾਰਤ, ਚੀਨ ਤੇ ਬਰਾਜ਼ੀਲ ਦੇ ਸੰਪਰਕ 'ਚ ਹਾਂ : ਪੁਤਿਨ

**ਮਾਸਕੋ** : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀਰਵਾਰ ਕਿਹਾ ਕਿ ਉਹ ਯੂਕਰੇਨ ਨਾਲ ਰੂਸ ਦੀ ਜਾਰੀ ਜੰਗ ਦੇ ਮਾਮਲੇ ਉਤੇ ਲਗਾਤਾਰ ਭਾਰਤ, ਚੀਨ ਅਤੇ ਬਰਾਜ਼ੀਲ ਦੇ ਸੰਪਰਕ ਵਿਚ ਹਨ। ਉਨ੍ਹਾ ਕਿਹਾ—ਅਸੀਂ ਆਪਣੇ ਦੋਸਤਾਂ ਤੇ ਭਾਈਵਾਲਾਂ ਦਾ ਸਤਿਕਾਰ ਕਰਦੇ ਹਾਂ, ਜੋ ਮੇਰੇ ਖਿਆਲ ਵਿਚ ਇਸ ਟਕਰਾਅ ਨਾਲ ਜੁੜੇ ਹੋਏ ਮੁੱਦਿਆਂ ਦੇ ਹੱਲ ਲਈ ਸੰਜੀਦਾ ਕੋਸ਼ਿਸ਼ਾਂ ਕਰ ਰਹੇ ਹਨ, ਖਾਸਕਰ ਚੀਨ, ਬਰਾਜ਼ੀਲ ਅਤੇ ਭਾਰਤ। ਮੈਂ ਇਸ ਮੁੱਦੇ ਉਤੇ ਆਪਣੇ ਇਨ੍ਹਾਂ ਦੋਸਤਾਂ ਨਾਲ ਲਗਾਤਾਰ ਰਾਬਤਾ ਰੱਖਦਾ ਹਾਂ। ਰੂਸ ਦੇ ਵਲਾਦੀਵੋਸਤੋਕ ਵਿਚ ਪੂਰਬੀ ਆਰਥਕ ਫੋਰਮ ਦੇ ਹੋਏ ਪਲੈਨਰੀ ਸੈਸ਼ਨ ਬਾਰੇ ਰਿਪੋਰਟਿੰਗ ਕਰਦਿਆਂ ਅਮਰੀਕੀ ਮੀਡੀਆ ਪੋਰਟਲ 'ਪੋਲਿਟਿਕੋ' ਨੇ ਵੀ ਪੁਤਿਨ ਦੇ ਹਵਾਲੇ ਨਾਲ ਕਿਹਾ—ਜੇ ਯੂਕਰੇਨ ਦੀ ਗੱਲਬਾਤ ਕਰਨ ਦੀ ਖਾਹਿਸ਼ ਹੋਵੇ, ਤਾਂ ਮੈਂ ਅਜਿਹਾ ਕਰ ਸਕਦਾ ਹਾਂ।

## ਮੋਦੀ ਦੀਆਂ ਤਿੰਨ ਰੈਲੀਆਂ

**ਸ੍ਰੀਨਗਰ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੰਮੂ ਡਵੀਜ਼ਨ 'ਚ ਦੋ ਅਤੇ ਕਸ਼ਮੀਰ 'ਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਨਗੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੋ ਰੋਜ਼ਾ ਦੌਰੇ ਦੌਰਾਨ 6 ਸਤੰਬਰ ਨੂੰ ਜੰਮੂ 'ਚ ਭਾਜਪਾ ਦਾ ਚੋਣ ਮਨੋਰਥ ਪੱਤਰ ਜਾਰੀ ਕਰਨਗੇ।

## ਬੁੱਤ ਡਿੱਗਣ ਦੇ ਮਾਮਲੇ 'ਚ ਪੁਲਸ ਰਿਮਾਂਡ

**ਮੁੰਬਈ** : ਮਹਾਰਾਸ਼ਟਰ ਦੇ ਸਿੰਧੂ ਦੁਰਗ ਜ਼ਿਲ੍ਹੇ ਦੇ ਰਾਜਕੋਟ ਕਿਲ੍ਹੇ 'ਚ ਸ਼ਿਵਾਜੀ ਮਹਾਰਾਜ ਦਾ 35 ਫੁੱਟ ਉੱਚਾ ਬੁੱਤ 26 ਅਗਸਤ ਨੂੰ ਡਿਗਣ ਦੇ ਮਾਮਲੇ ਵਿਚ ਸਥਾਨਕ ਅਦਾਲਤ ਨੇ ਮੂਰਤੀਕਾਰ-ਠੇਕੇਦਾਰ ਜੈਦੀਪ ਆਪਟੇ ਅਤੇ ਢਾਂਚਾ ਸਲਾਹਕਾਰ ਚੇਤਨ ਪਾਟਿਲ ਨੂੰ ਵੀਰਵਾਰ 10 ਸਤੰਬਰ ਤੱਕ ਪੁਲਸ ਹਿਰਾਸਤ 'ਚ ਭੇਜ ਦਿੱਤਾ। ਪਾਟਿਲ ਨੂੰ 30 ਅਗਸਤ ਨੂੰ ਕੋਲਹਾਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਕਿ ਆਪਟੇ ਨੂੰ ਬੁੱਧਵਾਰ ਰਾਤ ਨੂੰ ਕਲਿਆਣ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# ਬਾਬੇ ਦਾ ਖਿਆਲ ਰੱਖਣ ਵਾਲੇ ਨੂੰ ਮਿਲਿਆ ਇਨਾਮ



**ਚੰਡੀਗੜ੍ਹ** : ਭਾਜਪਾ ਵੱਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਜਾਰੀ ਉਮੀਦਵਾਰਾਂ ਦੀ ਸੂਚੀ ਵਿਚ ਸੁਨੀਲ ਸਾਂਗਵਾਨ ਦੇ ਨਾਂਅ ਨੇ ਕਾਫੀ ਹੈਰਾਨ ਕੀਤਾ ਹੈ। ਉਸ ਨੂੰ ਦਾਦਰੀ ਤੋਂ ਟਿਕਟ ਦਿੱਤੀ ਗਈ ਹੈ।

ਉਸ ਨੇ ਤਿੰਨ ਦਿਨ ਪਹਿਲਾਂ ਹੀ ਜੇਲ੍ਹ ਸੁਪਰਡੈਂਟ ਦੇ ਅਹੁਦੇ ਤੋਂ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲਈ ਸੀ। ਉਸ ਨੇ ਐਤਵਾਰ ਸਰਕਾਰ ਨੂੰ ਪੱਤਰ ਲਿਖਿਆ ਅਤੇ ਸਰਕਾਰ ਨੇ ਉਸ ਨੂੰ ਤੁਰੰਤ ਸੇਵਾਮੁਕਤ ਕਰ ਦਿੱਤਾ। ਸਾਂਗਵਾਨ ਨੇ ਆਪਣੇ ਕਾਰਜਕਾਲ ਦੌਰਾਨ ਬਲਾਤਕਾਰ ਅਤੇ ਕਤਲ ਕੇਸ 'ਚ ਦੋਸ਼ੀ ਡੇਰਾ ਮੁਖੀ ਰਾਮ ਰਹੀਮ ਨੂੰ ਪੈਰੋਲ ਅਤੇ ਫਰਲੋ ਦਿੱਤੀ ਸੀ।

ਸਾਂਗਵਾਨ ਇਸ ਸਮੇਂ ਗੁਰੂਗ੍ਰਾਮ ਦੀ ਭੋਂਡਸੀ ਜੇਲ੍ਹ 'ਚ ਤਾਇਨਾਤ ਸੀ, ਪਰ ਇਸ ਤੋਂ ਪਹਿਲਾਂ ਉਹ ਰੋਹਤਕ ਦੀ ਸੁਨਾਰੀਆ ਜੇਲ੍ਹ ਦਾ ਸੁਪਰਡੈਂਟ ਰਿਹਾ ਅਤੇ ਇੱਥੇ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਬਾਬਾ ਰਾਮ ਰਹੀਮ ਨੂੰ ਛੇ ਵਾਰ ਪੈਰੋਲ ਦਿੱਤੀ ਗਈ। ਸਰਕਾਰ ਕਿਸੇ ਵੀ ਕੈਦੀ ਨੂੰ ਜੇਲ੍ਹ ਸੁਪਰਡੈਂਟ ਦੀ ਸਿਫਾਰਸ਼ 'ਤੇ ਹੀ ਪੈਰੋਲ ਅਤੇ ਫਰਲੋ ਦਿੰਦੀ ਹੈ। ਸਾਂਗਵਾਨ ਨੇ 22 ਸਾਲ ਹਰਿਆਣਾ ਪੁਲਸ 'ਚ ਕੰਮ ਕੀਤਾ। ਰਾਮ ਰਹੀਮ ਨੂੰ 2017 ਤੋਂ ਲੈ ਕੇ ਹੁਣ ਤੱਕ 10 ਵਾਰ ਪੈਰੋਲ-ਫਰਲੋ ਮਿਲ ਚੁੱਕੀ ਹੈ, ਜਿਸ 'ਚੋਂ 6 ਵਾਰ ਸਾਂਗਵਾਨ ਦੇ ਕਾਰਜਕਾਲ ਦੌਰਾਨ ਮਿਲੀ ਸੀ। ਦੰਗਲ ਗਰਲ ਫੇਮ ਭਲਵਾਨ ਬਬੀਤਾ ਫੋਗਾਟ ਵੀ ਦਾਦਰੀ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਲੜਨਾ ਚਾਹੁੰਦੀ ਸੀ। ਬਬੀਤਾ 2019 ਦੀਆਂ ਚੋਣਾਂ ਵਿੱਚ ਇੱਥੋਂ ਚੋਣ ਹਾਰ ਗਈ ਸੀ। ਸੁਨੀਲ ਸਾਂਗਵਾਨ ਦੇ ਪਿਤਾ ਸਤਪਾਲ ਸਾਂਗਵਾਨ ਹਰਿਆਣਾ 'ਚ ਕੈਬਨਿਟ ਮੰਤਰੀ ਰਹਿ ਚੁੱਕੇ ਹਨ।

# ਪਹਿਲੀ ਸੂਚੀ ਤੋਂ ਬਾਅਦ ਭਾਜਪਾ 'ਚ ਪੈਣ ਲੱਗੇ ਪਟਾਕੇ



ਸਾਵਿਤਰੀ ਜਿੰਦਲ, ਰਣਜੀਤ ਚੌਟਾਲਾ, ਯੋਗੇਸ਼ਵਰ ਦੱਤ

**ਨਵੀਂ ਦਿੱਲੀ** : ਹਰਿਆਣਾ ਵਿਚ ਭਾਜਪਾ ਦੀ ਟਿਕਟ ਨਾ ਮਿਲਣ ਕਰਕੇ ਕਈ ਵੱਡੇ ਨਾਵਾਂ ਨੇ ਆਜ਼ਾਦ ਲੜਨ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚ ਨਾਮੀ ਉਦਯੋਗਪਤੀ ਸਾਵਿਤਰੀ ਜਿੰਦਲ ਵੀ ਹੈ। ਜਿੰਦਲ ਨੂੰ ਹਿਸਾਰ ਸੀਟ ਤੋਂ ਟਿਕਟ ਦੀ ਉਮੀਦ ਸੀ, ਪਰ ਭਾਜਪਾ ਨੇ ਡਾਕਟਰ ਕਮਲ ਗੁਪਤਾ ਨੂੰ ਉਮੀਦਵਾਰ ਐਲਾਨ ਦਿੱਤਾ। ਸਾਵਿਤਰੀ ਨੇ ਇਸ ਸਾਲ ਮਾਰਚ 'ਚ ਆਪਣੇ ਬੇਟੇ ਨਵੀਨ ਜਿੰਦਲ ਦੇ ਅਸਤੀਫੇ ਤੋਂ ਬਾਅਦ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਨਵੀਨ ਭਾਜਪਾ ਵਿਚ ਸ਼ਾਮਲ ਹੋ ਗਏ ਹਨ ਅਤੇ ਹੁਣ ਕੁਰੂਕਸ਼ੇਤਰ ਸੀਟ ਤੋਂ ਸੰਸਦ ਮੈਂਬਰ ਹਨ। ਜਿੰਦਲ ਤੋਂ ਇਲਾਵਾ ਹਰਿਆਣਾ ਦੀ ਸਾਬਕਾ ਮੰਤਰੀ ਕਵਿਤਾ ਜੈਨ ਵੀ ਟਿਕਟ ਨਾ ਮਿਲਣ 'ਤੇ ਆਪਣੇ ਸਮਰਥਕਾਂ ਨਾਲ ਗੱਲਬਾਤ ਕਰਦੇ ਰੋ ਪਈ। ਜੈਨ ਨੇ ਐਲਾਨ ਕੀਤਾ ਕਿ ਉਹ 8 ਸਤੰਬਰ ਨੂੰ ਆਪਣੇ ਸਮਰਥਕਾਂ ਨਾਲ ਅਗਲੀ ਮੀਟਿੰਗ ਦੌਰਾਨ ਕੋਈ ਵੱਡਾ ਫੈਸਲਾ ਲਵੇਗੀ। ਸਮਰਥਕਾਂ ਨੇ ਭਾਜਪਾ ਨੂੰ ਜੈਨ ਦੀ ਟਿਕਟ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਹੈ।

ਟਿਕਟ ਲਈ ਆਸਵੰਦ ਉਲੰਪਿਕ ਦਾ ਕਾਂਸੀ ਤਮਗਾ ਜੇਤੂ ਭਲਵਾਨ ਯੋਗੇਸ਼ਵਰ ਦੱਤ ਨੇ ਵੀ ਗੁੱਝੀ ਗੁਪਤ ਪੋਸਟ 'ਚ ਲਿਖਿਆ ਹੈ—ਜਦੋਂ ਤੇਰਾ ਚਰਿੱਤਰ ਸ਼ੁੱਧ ਹੈ, ਤਾਂ ਤੂੰ ਇਸ ਹਾਲਤ ਵਿਚ ਕਿਉਂ ਹੈਂ? ਇਨ੍ਹਾਂ ਪਾਪੀਆਂ ਨੂੰ ਤੈਨੂੰ ਪਰਖਣ ਦਾ ਕੋਈ ਹੱਕ ਨਹੀਂ ਹੈ। ਤੂੰ ਆਪਣੀ ਖੋਜ ਕਰ ਲਵੀਂ। ਦੱਤ ਨੇ ਗੋਹਾਨਾ ਸੀਟ ਤੋਂ ਚੋਣ ਲੜਨ ਦੀ ਇੱਛਾ ਵੀ ਜ਼ਾਹਰ ਕੀਤੀ ਸੀ। ਪਿਛਲੇ ਹਫਤੇ ਮੀਡੀਆ ਨਾਲ ਗੱਲ ਕਰਦਿਆਂ ਉਸ ਨੇ ਕਿਹਾ ਸੀ—ਮੈਂ ਮੁੱਖ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਕੋਲ ਚੋਣ ਲੜਨ ਦੀ ਇੱਛਾ ਜ਼ਾਹਰ ਕੀਤੀ ਹੈ। ਮੈਂ ਇੱਕ ਖਿਡਾਰੀ ਹਾਂ ਅਤੇ ਇੱਕ ਉਲੰਪਿਕ ਤਮਗਾ ਜੇਤੂ ਵੀ ਹਾਂ। ਮੈਂ ਪਹਿਲਾਂ ਵੀ ਭਾਜਪਾ ਤੋਂ ਚੋਣ ਲੜ ਚੁੱਕਾ ਹਾਂ, ਇਸ ਲਈ ਮੈਂ ਚਾਹੁੰਦਾ ਹਾਂ ਕਿ ਇੱਕ ਮੌਕਾ ਹੋਰ ਮਿਲੇ।

ਇੱਕ ਹੋਰ ਸੀਨੀਅਰ ਆਗੂ ਰਣਜੀਤ ਸਿੰਘ ਚੌਟਾਲਾ, ਜੋ ਕਿ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਛੋਟੇ ਭਰਾ ਹਨ, ਨੇ ਭਾਜਪਾ ਵੱਲੋਂ

• ਬਾਕੀ ਸਫ਼ਾ 2 'ਤੇ

# ਭਾਰਤ ਹਸੀਨਾ ਨੂੰ ਚੁੱਪ ਰੱਖੇ : ਯੂਨਸ

**ਢਾਕਾ** : ਬੰਗਲਾਦੇਸ਼ ਦੀ ਅੰਤਰਮ ਸਰਕਾਰ ਦਾ ਕਹਿਣਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਭਾਰਤ ਤੋਂ ਸਿਆਸੀ ਟਿੱਪਣੀ ਕਰਨਾ ਇੱਕ 'ਗੈਰਦੋਸਤਾਨਾ ਇਸ਼ਾਰਾ' ਹੈ, ਉਸ ਦੀ ਹਵਾਲਗੀ ਮੰਗਣ ਤੱਕ ਦੋਵਾਂ ਦੇਸ਼ਾਂ ਵਿਚਕਾਰ ਪ੍ਰੇਸ਼ਾਨੀ ਨੂੰ ਰੋਕਣ ਲਈ ਉਸ (ਹਸੀਨਾ) ਨੂੰ ਚੁੱਪ ਰਹਿਣਾ ਚਾਹੀਦਾ ਹੈ। ਅੰਤਰਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਕਿਹਾ ਕਿ ਜਦੋਂ ਤੱਕ ਬੰਗਲਾਦੇਸ਼ ਸਰਕਾਰ ਉਸ ਦੀ ਹਵਾਲਗੀ ਨਹੀਂ ਮੰਗਦੀ, ਉਦੋਂ ਤੱਕ ਭਾਰਤ ਉਸ ਨੂੰ ਰੱਖਣਾ ਚਾਹੁੰਦਾ ਹੈ ਤਾਂ ਸ਼ਰਤ ਇਹ ਹੋਵੇਗੀ ਕਿ ਉਸ ਨੂੰ ਚੁੱਪ ਰਹਿਣਾ ਪਵੇਗਾ। ਯੂਨਸ ਨੇ ਜ਼ੋਰ ਦੇ ਕੇ ਕਿਹਾ ਕਿ ਬੰਗਲਾਦੇਸ਼ ਭਾਰਤ ਨਾਲ ਮਜ਼ਬੂਤ ਸੰਬੰਧਾਂ ਦੀ ਕਦਰ ਕਰਦਾ ਹੈ, ਨਵੀਂ ਦਿੱਲੀ ਨੂੰ ਉਸ ਬਿਰਤਾਂਤ ਤੋਂ ਪਾਸੇ ਜਾਣਾ ਚਾਹੀਦਾ ਹੈ ਜੋ ਅਵਾਮੀ ਲੀਗ ਨੂੰ ਛੱਡ ਕੇ ਹਰ ਦੂਜੀ ਸਿਆਸੀ ਪਾਰਟੀ ਨੂੰ ਕੱਟੜਵਾਦੀਆਂ ਵਜੋਂ ਦਰਸਾਉਂਦਾ ਹੈ ਅਤੇ ਪੇਸ਼ ਕਰਦਾ ਹੈ ਕਿ ਸ਼ੇਖ ਹਸੀਨਾ ਤੋਂ ਬਿਨਾਂ ਦੇਸ਼ ਅਫਗਾਨਿਸਤਾਨ ਬਣ ਜਾਵੇਗਾ। ਉਨ੍ਹਾ ਕਿਹਾ—ਹਸੀਨਾ ਵੱਲੋਂ ਭਾਰਤ ਵਿਚ ਅਪਣਾਏ ਗਏ ਰੁਖ ਨਾਲ ਕੋਈ ਵੀ ਸਹਿਜ ਨਹੀਂ ਹੈ। ਹਸੀਨਾ ਭਾਰਤ 'ਚ ਹੈ ਅਤੇ ਕਈ ਵਾਰ ਉਹ ਗੱਲ (ਬਿਆਨ) ਕਰ ਰਹੀ ਹੈ, ਜੋ ਕਿ ਸਮੱਸਿਆ ਵਾਲੀ ਹੈ। ਜੇ ਉਹ ਚੁੱਪ ਹੁੰਦੀ, ਅਸੀਂ ਭੁੱਲ ਜਾਂਦੇ; ਲੋਕ ਵੀ ਭੁੱਲ ਗਏ ਹੋਣਗੇ। ਪਰ ਭਾਰਤ 'ਚ ਬੈਠ ਕੇ ਉਹ ਬੋਲ ਰਹੀ ਹੈ ਅਤੇ ਹਦਾਇਤਾਂ ਦੇ ਰਹੀ ਹੈ, ਕੋਈ ਵੀ ਇਸ ਨੂੰ ਪਸੰਦ ਨਹੀਂ ਕਰਦਾ।

ਯੂਨਸ ਸਪੱਸ਼ਟ ਤੌਰ 'ਤੇ 13 ਅਗਸਤ ਦੇ ਹਸੀਨਾ ਦੇ ਉਸ ਬਿਆਨ ਦਾ ਹਵਾਲਾ ਦੇ ਰਹੇ ਸੀ, ਜਿਸ 'ਚ ਉਸ ਨੇ ਇਨਸਾਫ ਦੀ ਮੰਗ ਕੀਤੀ ਸੀ ਅਤੇ ਕਿਹਾ ਸੀ ਕਿ ਹਾਲੀਆ 'ਅੱਤਵਾਦੀ ਕਾਰਵਾਈਆਂ', ਕਤਲੇਆਮ ਅਤੇ ਬਰਬਾਦੀ 'ਚ ਸ਼ਾਮਲ ਲੋਕਾਂ ਦੀ ਜਾਂਚ, ਪਛਾਣ ਅਤੇ ਸਜ਼ਾ ਹੋਣੀ ਚਾਹੀਦੀ ਹੈ। ਯੂਨਸ ਨੇ ਕਿਹਾ—ਇਹ ਸਾਡੇ ਲਈ ਜਾਂ ਭਾਰਤ ਲਈ ਚੰਗਾ ਨਹੀਂ ਹੈ।

# ਵਿਦਿਆਰਥਣਾਂ ਨੂੰ ਧੁੱਪੇ ਖੜ੍ਹੇ ਕਰਨ ਵਾਲੇ ਪ੍ਰਿੰਸੀਪਲ ਦਾ ਐਵਾਰਡ ਰੋਕਿਆ

**ਬੇਂਗਲੂਰੂ** : ਹਿਜਾਬ ਪਹਿਨਣ ਵਾਲੀਆਂ ਕੁੜੀਆਂ ਨੂੰ ਧੁੱਪ ਵਿਚ ਖੜ੍ਹੀਆਂ ਰੱਖਣ ਨਾਲ ਸੰਬੰਧਤ ਵਿਵਾਦ ਦੇ ਮੱਦੇਨਜ਼ਰ ਕਰਨਾਟਕ ਸਰਕਾਰ ਨੇ ਉਡੂਪੀ ਜ਼ਿਲ੍ਹੇ ਵਿਚ ਸਥਿਤ ਕੁੰਡਾਪੁਰ ਸਰਕਾਰੀ ਪ੍ਰੀ-ਯੂਨੀਵਰਸਿਟੀ ਕਾਲਜ ਦੇ ਪ੍ਰਿੰਸੀਪਲ ਨੂੰ ਵੀਰਵਾਰ 'ਅਧਿਆਪਕ ਦਿਵਸ' ਮੌਕੇ ਦਿੱਤਾ ਜਾਣ ਵਾਲਾ 'ਬੈਸਟ ਪ੍ਰਿੰਸੀਪਲ ਦਾ ਐਵਾਰਡ' ਐਨ ਆਖਰੀ ਮੌਕੇ ਅਗਲੇ ਹੁਕਮਾਂ ਤੱਕ ਰੋਕ ਲਿਆ। ਸੂਬੇ ਦੇ ਸਿੱਖਿਆ ਮੰਤਰੀ ਮਧੂ ਬੰਗਾਰੱਪਾ ਨੇ ਕਿਹਾ ਕਿ ਪ੍ਰਿੰਸੀਪਲ ਬੀ ਜੀ ਰਾਮਕ੍ਰਿਸ਼ਨ ਨੇ ਵਿਦਿਆਰਥਣਾਂ ਨਾਲ ਜਿਹੋ-ਜਿਹਾ ਸਲੂਕ ਕੀਤਾ ਸੀ, ਉਹ ਆਪਣੇ ਆਪ ਵਿਚ ਇਕ ਮੁੱਦਾ ਹੈ। 2021 ਵਿਚ ਕਰਨਾਟਕ ਦੀ ਭਾਜਪਾ ਸਰਕਾਰ ਨੇ ਵਿੱਦਿਅਕ ਅਦਾਰਿਆਂ ਵਿਚ ਮੁਸਲਮ ਵਿਦਿਆਰਥਣਾਂ ਦੇ ਹਿਜਾਬ ਪਹਿਨਣ ਉਤੇ ਪਾਬੰਦੀ ਲਾ ਦਿੱਤੀ ਸੀ। ਇਸ ਦੌਰਾਨ ਪ੍ਰਿੰਸੀਪਲ ਰਾਮਕ੍ਰਿਸ਼ਨ ਉਤੇ ਕਾਲਜ ਵਿਚ ਹਿਜਾਬ ਪਹਿਨ ਕੇ ਆਉਣ ਵਾਲੀਆਂ ਵਿਦਿਆਰਥਣਾਂ ਨੂੰ ਧੁੱਪੇ ਖੜ੍ਹੀਆਂ ਰੱਖਣ ਦਾ ਦੋਸ਼ ਹੈ। ਉਸ ਖਿਲਾਫ ਇਸ ਵਿਵਾਦ ਕਾਰਨ ਸੋਸ਼ਲ ਮੀਡੀਆ ਉਤੇ ਚੱਲੀ ਜ਼ੋਰਦਾਰ ਮੁਹਿੰਮ ਦੇ ਮੱਦੇਨਜ਼ਰ ਸਰਕਾਰ ਨੇ ਅਗਲੇ ਹੁਕਮਾਂ ਤੱਕ ਉਸ ਨੂੰ ਦਿੱਤਾ ਜਾਣ ਵਾਲਾ ਐਵਾਰਡ ਰੋਕ ਲਿਆ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਹੋਰ ਸੰਸਥਾਵਾਂ ਤੇ ਲੋਕਾਂ ਵੱਲੋਂ ਰਾਮਕ੍ਰਿਸ਼ਨ ਨੂੰ ਇਹ ਐਵਾਰਡ ਦੇਣ ਦਾ ਐਲਾਨ ਕੀਤੇ ਜਾਣ ਦਾ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਸੀ। ਇਸ ਸੰਬੰਧੀ ਬੇਂਗਲੂਰੂ ਵਿਚ ਵਿਧਾਨ ਸਭਾ ਅਹਾਤੇ ਵਿਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਵੀਰਵਾਰ ਬੰਗਾਰੱਪਾ ਨੇ ਕਿਹਾ ਕਿ ਭਾਵੇਂ ਪ੍ਰਿੰਸੀਪਲ ਸਰਕਾਰੀ ਹੁਕਮਾਂ ਦਾ ਪਾਲਣ ਕਰ ਰਿਹਾ ਸੀ ਪਰ ਉਸ ਨੇ ਬੱਚਿਆਂ ਨਾਲ ਜਿਹੋ ਜਿਹਾ ਸਲੂਕ ਕੀਤਾ, ਉਹ ਆਪਣੇ ਆਪ ਵਿਚ ਇਕ ਮੁੱਦਾ ਹੈ।

# ਯੋਗੀ ਬੁਲਡੋਜ਼ਰ ਦੀ ਡਰਾਈਵਰੀ ਛੱਡਣ : ਮਾਇਆਵਤੀ

**ਲਖਨਊ** : ਬਸਪਾ ਪ੍ਰਧਾਨ ਮਾਇਆਵਤੀ ਨੇ ਵੀਰਵਾਰ ਯੂ ਪੀ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਦੀ ਸਰਕਾਰ ਨੂੰ 'ਬੁਲਡੋਜ਼ਰ ਸਿਆਸਤ' ਬੰਦ ਕਰ ਕੇ ਮਨੁੱਖੀ ਬਸਤੀਆਂ ਵਿਚ ਘੁੰਮ ਰਹੇ ਅਤੇ ਲੋਕਾਂ ਉਤੇ ਹਮਲੇ ਕਰ ਰਹੇ ਜੰਗਲੀ ਜਾਨਵਰਾਂ ਨੂੰ ਨੱਥ ਪਾਉਣ ਦੀ ਕੋਈ ਰਣਨੀਤੀ ਘੜਨ ਲਈ ਕਿਹਾ।

ਸਾਬਕਾ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਨੇ ਇਕ ਬਿਆਨ ਵਿਚ ਕਿਹਾ—ਯੂ ਪੀ ਦੇ ਕੁਝ ਜ਼ਿਲ੍ਹਿਆਂ ਵਿਚ ਜੰਗਲੀ ਜਾਨਵਰ ਬੱਚਿਆਂ, ਬਜ਼ੁਰਗਾਂ ਅਤੇ ਨੌਜਵਾਨਾਂ ਉਤੇ ਹਮਲੇ ਕਰ ਰਹੇ ਹਨ। ਸਰਕਾਰ ਨੂੰ ਫੌਰੀ ਇਸ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ, ਕਿਉਂਕਿ ਇਸ ਕਾਰਨ ਮਜ਼ਦੂਰ ਤੇ ਗਰੀਬ ਲੋਕ ਆਪਣੇ ਪਸ਼ੂਆਂ ਦੇ ਚਾਰੇ ਦਾ ਪ੍ਰਬੰਧ ਤੱਕ ਕਰਨ ਤੋਂ ਲਾਚਾਰ ਹਨ, ਸਰਕਾਰ ਨੂੰ ਜੰਗਲੀ ਜਾਨਵਰਾਂ ਨੂੰ ਨੱਥ ਪਾਉਣ ਲਈ ਰਣਨੀਤੀ ਉਲੀਕਣੀ ਚਾਹੀਦੀ ਹੈ। ਉਨ੍ਹਾ ਯੂ ਪੀ ਸਰਕਾਰ ਅਤੇ ਨਾਲ ਹੀ ਸਮਾਜਵਾਦੀ ਪਾਰਟੀ ਨੂੰ ਕਿਹਾ ਕਿ ਉਹ 'ਬੁਲਡੋਜ਼ਰ ਸਿਆਸਤ' ਨੂੰ ਸੁਪਰੀਮ ਕੋਰਟ ਉਤੇ ਛੱਡ ਦੇਣ 'ਜਿਥੇ ਇਸ ਬਾਰੇ ਪੂਰਾ ਇਨਸਾਫ' ਹੋਣ ਦੀ ਉਮੀਦ ਹੈ। ਉਨ੍ਹਾ ਸੂਬੇ ਵਿਚ ਇਕ ਪ੍ਰਾਈਵੇਟ ਐਂਬੂਲੈਂਸ ਵਿਚ ਇਕ ਔਰਤ ਨਾਲ ਹੋਈ ਛੇੜਛਾੜ ਦੀ ਘਟਨਾ ਦਾ ਵੀ ਜ਼ਿਕਰ ਕੀਤਾ ਅਤੇ ਸਰਕਾਰ ਨੂੰ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਲਈ ਕਿਹਾ। ਉਨ੍ਹਾਂ ਕਿਹਾ—ਬਸਤੀ ਜ਼ਿਲ੍ਹੇ ਵਿਚ ਇਕ ਪ੍ਰਾਈਵੇਟ ਐਂਬੂਲੈਂਸ ਦੇ ਡਰਾਈਵਰ ਨੇ ਇਕ ਮਰੀਜ਼ ਨੂੰ ਲਿਜਾਂਦੇ ਸਮੇਂ ਉਸ ਦੀ ਪਤਨੀ ਨਾਲ ਛੇੜਖਾਨੀ ਅਤੇ ਜਬਰ-ਜ਼ਨਾਹ ਕਰਨ ਦੀ ਕੋਸ਼ਿਸ਼ ਕੀਤੀ, ਜੋ ਬਹੁਤ ਹੀ ਸ਼ਰਮਨਾਕ ਹੈ। ਸਰਕਾਰ ਨੂੰ ਡਰਾਈਵਰ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

# ਸੰਘ ਪਰਵਾਰ ਦੀ ਮਨਸ਼ਾ ਔਰਤਾਂ ਨੂੰ ਪ੍ਰਾਪਤ ਬਰਾਬਰੀ ਦਾ ਦਰਜਾ ਖ਼ਤਮ ਕਰਨਾ : ਅਰਸ਼ੀ

**ਫਰੀਦਕੋਟ, (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜ਼ਾ)**-ਮੋਦੀ ਸਰਕਾਰ ਦਾ ਪਿਛਲੇ ਦਸ ਵਰਿਆਂ ਦਾ ਰਾਜ ਔਰਤਾਂ 'ਤੇ ਜਬਰ-ਜ਼ੁਲਮ ਅਤੇ ਬਲਾਤਕਾਰਾਂ ਵਿਚ ਵਾਧੇ ਦੇ ਕਲੰਕ ਨਾਲ ਯਾਦ ਕੀਤਾ ਜਾਵੇਗਾ, ਜਿਸ ਵਿਚ ਕੋਲਕਾਤਾ ਕਾਂਡ ਵਰਗੇ ਅਨੇਕਾਂ ਦੁਖਦਾਈ ਕਾਂਡ ਭਾਜਪਾ ਸ਼ਾਸਤ ਰਾਜਾਂ ਵਿੱਚ ਭਾਜਪਾਈ ਆਗੂਆਂ ਅਤੇ ਵਰਕਰਾਂ ਵੱਲੋਂ ਹੀ ਵਰਤਾਏ ਗਏ ਹਨ। ਸੀ ਪੀ ਆਈ ਦੇ ਕੌਮੀ ਆਗੂ ਹਰਦੇਵ ਅਰਸ਼ੀ ਨੇ ਕਿਹਾ ਕਿ ਦਰਅਸਲ ਭਾਜਪਾ ਜਿਸ ਸੰਘੀ ਵਿਚਾਰਧਾਰਾ ਅਤੇ ਮਨੂੰ ਸਿਮਰਤੀ ਤੋਂ ਸੇਧ ਲੈਂਦੀ ਹੈ, ਉਹ ਔਰਤਾਂ ਤੋਂ ਇਲਾਵਾ ਦਲਿਤਾਂ ਅਤੇ ਘੱਟ ਗਿਣਤੀਆਂ ਨੂੰ ਸੰਵਿਧਾਨ ਵੱਲੋਂ ਦਿੱਤੇ ਗਏ ਬਰਾਬਰੀ ਦੇ ਅਧਿਕਾਰਾਂ ਦੇ ਵਿਰੁੱਧ ਹੈ। ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਨਰਿੰਦਰ ਸੋਹਲ ਨੇ ਮੋਦੀ ਰਾਜ ਦੌਰਾਨ ਵਾਪਰੇ ਬਿਲਕਿਸ ਬਾਨੋ ਕਾਂਡ, ਹਾਥਰਸ ਕਾਂਡ, ਮਨੀਪੁਰ ਕਾਂਡ ਅਤੇ ਮਹਿਲਾ ਪਹਿਲਵਾਨ ਸ਼ੋਸ਼ਣ ਕਾਂਡ ਦਾ ਜਿਕਰ ਕਰਦੇ ਹੋਏ ਕਿਹਾ ਕਿ ਦੇਸ਼ ਦੀਆਂ ਧੀਆਂ-ਭੈਣਾਂ 'ਤੇ ਹੋਏ ਇਨ੍ਹਾਂ ਜ਼ੁਲਮਾਂ ਨੇ ਮੋਦੀ ਸਰਕਾਰ ਦੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਨਾਹਰੇ ਦਾ ਖੋਖਲਾਪਣ ਜੱਗ-ਜ਼ਾਹਰ ਕਰ ਦਿੱਤਾ ਹੈ। ਜ਼ਿਲ੍ਹਾ ਸਕੱਤਰ ਸ਼ਸ਼ੀ ਸ਼ਰਮਾ ਨੇ ਦੱਸਿਆ ਕਿ ਪੰਜਾਬ ਇਸਤਰੀ ਸਭਾ ਜ਼ਿਲ੍ਹਾ ਫਰੀਦਕੋਟ ਵੱਲੋਂ ਜ਼ਿਲ੍ਹਾ ਮੁਕਤਸਰ ਦੇ ਸਹਿਯੋਗ ਨਾਲ ਸਥਾਨਕ 'ਸ਼ਹੀਦ ਕਾਮਰੇਡ ਅਮੋਲਕ ਭਵਨ' ਵਿਖੇ ਵਰਕਰ ਸਿਖਲਾਈ ਸਕੂਲ ਦਾ ਆਯੋਜਨ ਕੀਤਾ ਗਿਆ ਸੀ, ਜਿਸ ਦਾ ਉਦੇਸ਼ ਔਰਤਾਂ ਨੂੰ ਮੌਜੂਦਾ ਸਮੇਂ ਦਰਪੇਸ਼ ਚੁਣੌਤੀਆਂ ਦੇ ਨਾਲ-ਨਾਲ ਜਥੇਬੰਦੀ ਦੇ ਸੰਘਰਸ਼ਾਂ ਭਰੇ ਇਤਿਹਾਸ ਤੋਂ ਜਾਣੂੰ ਕਰਵਾਉਣਾ ਸੀ। ਸਮਾਗਮ ਨੂੰ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਵੇਂ ਅੱਜ ਦੀਆਂ ਔਰਤਾਂ ਜ਼ਿੰਦਗੀ ਦੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਆਪਣੀ ਕਾਮਯਾਬੀ ਦੇ ਝੰਡੇ ਗੱਡ ਚੁੱਕੀਆਂ ਹਨ, ਪਰ ਅਜੇ ਵੀ ਉਹ ਹਿੰਸਾ ਅਤੇ ਵਿਤਕਰੇ ਦਾ ਸ਼ਿਕਾਰ ਹਨ। ਸਮਾਗਮ ਨੂੰ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ, ਆਸ਼ਾ

• ਬਾਕੀ ਸਫ਼ਾ 2 'ਤੇ

## ਪੰਜਾਬ ਇਸਤਰੀ ਸਭਾ ਨੂੰ ਆਪਣੇ ਸੰਘਰਸ਼ਾਂ ਭਰੇ ਇਤਿਹਾਸ 'ਤੇ ਮਾਣ ਹੈ : ਨਰਿੰਦਰ ਸੋਹਲ



# ਹੜ੍ਹਾਂ ਨੂੰ ਰਾਸ਼ਟਰੀ ਆਫ਼ਤ ਐਲਾਨਿਆ ਜਾਵੇ : ਆਲ ਇੰਡੀਆ ਕਿਸਾਨ ਸਭਾ

**ਲੁਧਿਆਣਾ (ਐੱਮ ਐੱਸ ਭਾਟੀਆ)**-ਕੁੱਲ ਹਿੰਦ ਕਿਸਾਨ ਸਭਾ ਦੇ ਕੌਮੀ ਪ੍ਰਧਾਨ ਰਾਜਨ ਕਸ਼ੀਰਸਾਗਰ ਅਤੇ ਜਨਰਲ ਸਕੱਤਰ ਰਾਵੂਲਾ ਵੈਂਕਈਆ ਨੇ ਦਿੱਲੀ ਤੋਂ ਜਾਰੀ ਬਿਆਨ ਵਿੱਚ ਕਿਹਾ ਕਿ ਆਂਧਰਾ ਪ੍ਰਦੇਸ਼, ਬਿਹਾਰ, ਤੇਲੰਗਾਨਾ, ਮਹਾਰਾਸ਼ਟਰ, ਗੁਜਰਾਤ, ਅਸਾਮ ਅਤੇ ਹੋਰ ਹਿੱਸਿਆਂ ਵਿੱਚ ਤੇਜ਼ ਮੀਂਹ ਕਾਰਨ ਭਾਰੀ ਹੜ੍ਹ ਆ ਗਏ ਹਨ। ਜਦੋਂ ਲੋਕ ਮੁਸੀਬਤ ਵਿੱਚ ਹੁੰਦੇ ਹਨ ਤਾਂ ਇਹ ਸਮਾਂ ਮਦਦ ਅਤੇ ਸਹਾਇਤਾ ਕਰਨ ਦਾ ਹੁੰਦਾ ਹੈ, ਪਰ ਬਦਕਿਸਮਤੀ ਨਾਲ ਕੇਂਦਰ ਸਰਕਾਰ ਨੇ ਰਾਹਤ ਅਤੇ ਮੁੜ-ਵਸੇਬਾ ਕਾਰਜਾਂ ਲਈ ਫੰਡ ਜਾਰੀ ਕਰਨ ਅਤੇ ਪੈਕੇਜ ਦਾ ਐਲਾਨ ਕਰਨ ਲਈ ਲੋੜੀਂਦੀ ਪਹਿਲਕਦਮੀ ਨਹੀਂ ਕੀਤੀ।ਵਿਕਾਸ ਦੇ ਨਾਂਅ 'ਤੇ ਕਾਰਪੋਰੇਟਾਂ ਦੇ ਲਾਲਚ ਅਤੇ ਗੈਰ-ਵਿਗਿਆਨਕ ਗਤੀਵਿਧੀਆਂ ਕਾਰਨ ਇਹ ਕੁਦਰਤੀ ਆਫ਼ਤਾਂ ਬਦਤਰ ਹੋ ਗਈਆਂ ਹਨ। ਦੁੱਖ ਦੀ ਗੱਲ ਹੈ ਕਿ ਅਜਿਹੇ ਸਮੇਂ ਵਿੱਚ ਸਾਡੇ ਪ੍ਰਧਾਨ ਮੰਤਰੀ ਸਿੰਗਾਪੁਰ ਵਿੱਚ ਆਪਣੇ ਢੋਲ ਦੇ ਹੁਨਰ ਨੂੰ ਦਿਖਾਉਣ ਵਿੱਚ ਰੁਝੇ ਹੋਏ ਹਨ। ਭਾਰਤ ਸਰਕਾਰ ਜ਼ਿੰਮੇਵਾਰੀ ਤੋਂ ਪਿੱਛੇ ਹਟਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਕੰਮ ਐੱਨ ਡੀ ਆਰ ਐੱਫ ਅਤੇ ਵਿੱਤ ਕਾਰਪੋਰੇਟਸ ਦੇ ਕੁਝ ਅਧਿਕਾਰੀਆਂ ਨੂੰ ਸੌਂਪ ਰਹੀ ਹੈ। ਇਹ ਸਮਾਜਿਕ ਤਬਾਹੀ ਵੱਲ ਲੈ ਜਾਵੇਗਾ, ਜਿਸ ਨਾਲ ਭੋਜਨ ਲਈ ਦੰਗੇ ਹੋ ਸਕਦੇ ਹਨ। ਆਲ ਇੰਡੀਆ ਕਿਸਾਨ ਸਭਾ ਨੇ ਰਾਜਾਂ ਦੀਆਂ ਟੀਮਾਂ ਦਾ ਗਠਨ ਕੀਤਾ ਅਤੇ ਆਂਧਰਾ ਪ੍ਰਦੇਸ਼, ਤੇਲੰਗਾਨਾ, ਬਿਹਾਰ ਵਿੱਚ ਹੜ੍ਹ ਪ੍ਰਭਾਵਤ ਖੇਤਰਾਂ ਅਤੇ ਰਾਹਤ ਕਾਰਜਾਂ ਦਾ ਦੌਰਾ ਕੀਤਾ। ਆਲ ਇੰਡੀਆ ਕਿਸਾਨ ਸਭਾ, ਜੋ ਰਾਹਤ ਕਾਰਜਾਂ ਵਿੱਚ ਸਰਗਰਮੀ ਨਾਲ ਰੁਝੀ ਹੋਈ ਹੈ, ਇਹ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਨੂੰ ਆਂਧਰਾ ਪ੍ਰਦੇਸ਼, ਬਿਹਾਰ, ਤੇਲੰਗਾਨਾ, ਮਹਾਰਾਸ਼ਟਰ, ਗੁਜਰਾਤ, ਅਸਾਮ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਰਾਸ਼ਟਰੀ ਆਫ਼ਤ ਵਜੋਂ ਤੁਰੰਤ ਘੋਸ਼ਿਤ ਕਰਨਾ ਚਾਹੀਦਾ ਹੈ।ਭਾਰਤ ਸਰਕਾਰ ਜਿਸ ਨੇ ਪਹਿਲਾਂ ਹੀ ਬੀਮਾ ਕਾਰਪੋਰੇਟਾਂ ਦੇ ਹੱਥਾਂ ਵਿੱਚ ਦੇ ਕੇ ਆਫ਼ਤ ਰਾਹਤ ਫੰਡ ਨੂੰ ਖਤਮ ਕਰ ਦਿੱਤਾ ਹੈ, ਨੂੰ ਇੱਕ ਉੱਚ ਪੱਧਰੀ ਮੀਟਿੰਗ ਬੁਲਾਉਣੀ ਚਾਹੀਦੀ ਹੈ ਅਤੇ ਹੜ੍ਹ ਪ੍ਰਭਾਵਤ ਲੋਕਾਂ ਦੀਆਂ ਰਾਹਤ ਗਤੀਵਿਧੀਆਂ ਲਈ ਫੰਡਾਂ ਲਈ ਲੋੜੀਂਦੀ ਕਾਰਵਾਈ ਕਰਨੀ ਚਾਹੀਦੀ ਹੈ।ਕੇਂਦਰ ਸਰਕਾਰ ਨੂੰ ਬਿਨਾਂ ਕਿਸੇ ਸਿਆਸੀ ਪੱਖਪਾਤ ਦੇ ਸਾਰੇ ਰਾਜਾਂ ਨੂੰ ਬਰਾਬਰ ਮੁਆਵਜ਼ਾ ਦੇਣਾ ਚਾਹੀਦਾ ਹੈ। ਭਾਰਤ ਸਰਕਾਰ ਨੂੰ ਹਰ ਜਾਨ ਗੁਆਉਣ ਲਈ ਘੱਟੋ-ਘੱਟ ਇੱਕ ਕਰੋੜ ਰੁਪਏ ਦੀ ਰਾਹਤ ਦਾ ਐਲਾਨ ਕਰਨਾ ਚਾਹੀਦਾ ਹੈ। ਭਾਰਤ ਸਰਕਾਰ ਨੂੰ ਸਾਵਧਾਨੀ ਨਾਲ ਰਾਹਤ ਕੈਂਪਸ ਸਥਾਪਤ ਕਰਨ ਲਈ ਤੁਰੰਤ ਫੰਡ ਮੁਹੱਈਆ ਕਰਵਾਉਣੇ ਚਾਹੀਦੇ ਹਨ, ਤਾਂ ਜੋ ਹਰ ਹੜ੍ਹ ਪ੍ਰਭਾਵਤ ਵਿਅਕਤੀ ਨੂੰ ਰਾਹਤ ਦੇ ਲੋੜੀਂਦੇ ਲਾਭ ਮਿਲਣ। ਸਰਕਾਰ ਪ੍ਰਭਾਵਤ ਪਰਵਾਰਾਂ ਦੇ ਪਸ਼ੂਆਂ ਲਈ ਚਾਰਾ ਮੁਹੱਈਆ ਕਰੇ। ਸਰਕਾਰ ਨੂੰ ਪ੍ਰਤੀ ਏਕੜ ਖੁਰਾਕੀ ਫ਼ਸਲ ਲਈ ਘੱਟੋ-ਘੱਟ 50 ਹਜ਼ਾਰ ਅਤੇ ਨਗਦੀ ਫ਼ਸਲਾਂ ਲਈ ਇੱਕ ਲੱਖ ਦਾ ਐਲਾਨ ਕਰਨਾ ਚਾਹੀਦਾ ਹੈ। ਸਰਕਾਰ ਨੂੰ ਕਿਰਾਏਦਾਰ ਕਿਸਾਨਾਂ, ਹਿੱਸੇਦਾਰਾਂ ਅਤੇ ਪੇਂਡੂ ਮਜ਼ਦੂਰਾਂ ਦੀ ਨੌਕਰੀ ਦੇ ਨੁਕਸਾਨ ਦਾ ਹੱਲ ਕਰਨਾ ਚਾਹੀਦਾ ਹੈ, ਜਿਨ੍ਹਾਂ ਨੂੰ 3 ਮਹੀਨਿਆਂ ਲਈ ਘੱਟੋ-ਘੱਟ ਉਜਰਤ ਦਰਾਂ ਨਾਲ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

## ਅੱਜ-ਨਾਮਾ

ਫੜਿਆ ਫੇਰ ਇੱਕ ਸੁਣੀਂਦਾ ਕਾਂਗਰਸੀਆ,
ਭ੍ਰਿਸ਼ਟਾਚਾਰ ਦਾ ਕਹਿਣ ਇਲਜ਼ਾਮ ਮੀਆਂ।
ਸਤਾਰਾਂ-ਬਾਈ ਵਿੱਚ ਕੀਤੇ ਜੋ ਗਏ ਘਪਲੇ,
ਚਰਚਾ ਹੁੰਦੀ ਪਈ ਉਹੋ ਬੱਸ ਆਮ ਮੀਆਂ।
ਜਿਹੜੇ ਦੌਲਤ ਦੇ ਢੇਰ ਸਨ ਰਹੇ ਲਾਉਂਦੇ,
ਫਸਦੇ ਫਿਰਦੇ ਹਨ ਲੀਡਰ ਤਮਾਮ ਮੀਆਂ।
ਵਕਤ ਰਾਜ ਦੇ ਜਿਹੜੇ ਕਈ ਨਾਲ ਫਿਰਦੇ,
ਜੋੜਨਾ ਨਾਲ ਉਹ ਚਾਹੁਣ ਨਾ ਨਾਮ ਮੀਆਂ।
ਮਲਾਈ ਚੱਟਣ ਲਈ ਯਾਰ ਨੇ ਬਹੁਤ ਹੁੰਦੇ,
ਮੁਸ਼ਕਲ ਆਵੇ ਤਾਂ ਛੱਡ ਗਏ ਰਾਹ ਮੀਆਂ।
ਯਾਰੀ-ਦੋਸਤੀ ਮਾਇਆ ਲਈ ਸਾਂਝ ਹੁੰਦੀ,
ਕੋਈ ਨਹੀਂ ਕਿਸੇ ਦਾ ਖੈਰ-ਖਵਾਹ ਮੀਆਂ।

-ਤੀਸ ਮਾਰ ਖਾਂ

# ਮੁੱਖ ਮੰਤਰੀ ਵੱਲੋਂ ਪੰਜਾਬੀ ਅਧਿਆਪਕਾਂ ਦੀਆਂ ਸਾਰੀਆਂ ਅਸਾਮੀਆਂ ਭਰਨ ਦਾ ਐਲਾਨ

## 77 ਅਧਿਆਪਕਾਂ ਦਾ ਸਨਮਾਨ




**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**-ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਹੋਰ ਪ੍ਰਫੁੱਲਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਭਰ ਦੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਅਧਿਆਪਕਾਂ ਦੀਆਂ ਖਾਲੀ ਪਈਆਂ ਸਾਰੀਆਂ ਅਸਾਮੀਆਂ ਨੂੰ ਪਹਿਲ ਦੇ ਆਧਾਰ 'ਤੇ ਭਰਨ ਦਾ ਐਲਾਨ ਕੀਤਾ ਹੈ।

ਇੱਥੇ ਅਧਿਆਪਕ ਦਿਵਸ ਮੌਕੇ ਸੂਬਾ ਪੱਧਰੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਹੋਰ ਉਤਸ਼ਾਹਤ ਕਰਨਾ ਸਮੇਂ ਦੀ ਮੁੱਖ ਮੰਗ ਹੈ। ਉਨ੍ਹਾ ਕਿਹਾ ਕਿ ਹਰੇਕ ਪੰਜਾਬੀ ਦੀ ਮਾਂ ਬੋਲੀ ਨੂੰ ਪ੍ਰਫੁੱਲਤ ਕਰਨਾ ਸੂਬਾ ਸਰਕਾਰ ਦਾ ਮੁੱਢਲਾ ਤੇ ਤਰਜੀਹੀ ਫ਼ਰਜ਼ ਹੈ ਅਤੇ ਇਸ ਸੰਬੰਧ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮਾਨ ਨੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਚੰਗੀ ਤਰ੍ਹਾਂ ਬੋਲਣ ਅਤੇ ਲਿਖਣ ਲਈ ਪ੍ਰੇਰਿਤ ਕੀਤਾ, ਤਾਂ ਜੋ ਉਹ ਆਪਣੇ ਸ਼ਾਨਾਮੱਤੇ ਵਿਰਸੇ ਨਾਲ ਨੇੜਿਓਂ ਜੁੜੇ ਰਹਿ ਸਕਣ।ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਵੱਡੀ ਗਿਣਤੀ ਵਿੱਚ ਆਸਾਮੀਆਂ ਖਾਲੀ ਪਈਆਂ ਹਨ, ਜਿਸ ਕਾਰਨ ਪੜ੍ਹਾਈ ਪ੍ਰਭਾਵਤ ਹੋ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਕੈਂਪਸ ਮੈਨੇਜਰ, ਸੈਨੇਟਰੀ ਵਰਕਰ, ਚੌਂਕੀਦਾਰ ਸਮੇਤ ਵੱਡੀ ਗਿਣਤੀ ਵਿੱਚ ਹੋਰ ਆਸਾਮੀਆਂ ਦੀ ਭਰਤੀ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿ ਇੱਕ ਅਧਿਆਪਕ ਦਾ ਪੁੱਤਰ ਹੋਣ ਦੇ ਨਾਤੇ ਉਹ ਅਧਿਆਪਕਾਂ ਦੀਆਂ ਸਮੱਸਿਆਵਾਂ ਤੋਂ ਭਲੀਭਾਂਤ ਜਾਣੂ ਹਨ ਅਤੇ ਅਧਿਆਪਕਾਂ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਹੱਲ ਕਰਨਾ ਉਨ੍ਹਾਂ ਦਾ ਫ਼ਰਜ਼ ਹੈ।

ਉਹਨਾ ਕਿਹਾ ਕਿ ਮਾਪਿਆਂ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਨੂੰ ਸੇਧ ਦੇ ਕੇ ਆਪਣੀ ਤਕਦੀਰ ਲਿਖਣ ਦੇ ਕਾਬਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਮਾਨ ਨੇ ਕਿਹਾ ਕਿ ਅਧਿਆਪਕਾਂ ਵੱਲੋਂ ਨਿਭਾਈ ਜਾਂਦੀ ਅਹਿਮ ਭੂਮਿਕਾ ਸਦਕਾ ਉਨ੍ਹਾਂ ਨੂੰ 'ਦੇਸ਼ ਦੇ ਨਿਰਮਾਤਾ' ਵਜੋਂ ਜਾਣਿਆ ਜਾਂਦਾ ਹੈ। ਉਨ੍ਹਾ ਆਸ ਪ੍ਰਗਟਾਈ ਕਿ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਅਧਿਆਪਕ ਮਿਸ਼ਨਰੀ ਭਾਵਨਾ ਨਾਲ ਵਿਦਿਆਰਥੀਆਂ ਦੀ ਸੇਵਾ ਕਰਦੇ ਰਹਿਣਗੇ। ਇਸ ਮੌਕੇ ਮੁੱਖ ਮੰਤਰੀ ਨੇ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ 77 ਅਧਿਆਪਕਾਂ ਨੂੰ ਸਨਮਾਨਤ ਵੀ ਕੀਤਾ।

## ਸੰਤ ਬਾਬਾ ਨੰਦ ਸਿੰਘ ਤੇ ਬਾਬਾ ਈਸ਼ਰ ਸਿੰਘ ਦੀ ਯਾਦ 'ਚ ਸੰਤ ਸਮਾਗਮ 10 ਤੋਂ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੰਤ ਬਾਬਾ ਨੰਦ ਸਿੰਘ ਜੀ, ਸੰਤ ਬਾਬਾ ਈਸ਼ਰ ਸਿੰਘ ਜੀ ਦੇ ਸ਼ੁੱਭ ਆਗਮਨ ਦਿਵਸ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਤੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 59ਵਾਂ ਸਾਲਾਨਾ ਸੰਤ ਸਮਾਗਮ 10 ਤੋਂ 16 ਸਤੰਬਰ ਤੱਕ ਨਾਨਕਸਰ ਸੰਪਰਦਾਇ ਦੇ ਤੱਕਵੇਂ ਠਾਠ ਨਾਨਕਸਰ ਮਹਿਲ ਕਲਾਂ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ।ਸੰਤ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਮਹੰਤ ਗੁਰਦੀਪ ਸਿੰਘ, ਬਾਬਾ ਗੁਰਦੇਵ ਸਿੰਘ ਨੇ ਦੱਸਿਆ ਕਿ ਸ੍ਰੀ ਸੰਪਟ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ 10 ਸਤੰਬਰ ਨੂੰ ਕੀਤੇ ਜਾਣਗੇ।ਹਰ ਰੋਜ਼ ਦਿਨ ਸਮੇਂ ਧਾਰਮਿਕ ਦੀਵਾਨ ਸਜਾਏ ਜਾਣਗੇ, ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ 15 ਸਤੰਬਰ ਨੂੰ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ।ਸਮਾਪਤੀ ਸਮਾਗਮ ਸਮੇਂ 16 ਸਤੰਬਰ ਨੂੰ ਸੰਪਟ ਅਖੰਡ ਪਾਠਾਂ ਦੇ ਭੋਗ ਉਪਰੰਤ ਸੰਤ ਮਹਾਂਪੁਰਖ, ਪ੍ਰਸਿੱਧ ਰਾਗੀ, ਕਥਾ ਵਾਚਕ ਜਥਿਆਂ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਵੇਗੀ।ਉੱਘੇ ਰਾਜਨੀਤਕ, ਧਾਰਮਿਕ ਤੇ ਸਮਾਜਿਕ ਨੁਮਾਇੰਦੇ ਵੀ ਹਾਜ਼ਰੀ ਭਰਨਗੇ।ਉਨ੍ਹਾਂ ਦੱਸਿਆ ਕਿ ਇਸ ਸਾਲਾਨਾ ਸੰਤ ਸਮਾਗਮ ਦੀਆਂ ਤਿਆਰੀਆਂ ਸੰਗਤੀ ਪੱਧਰ 'ਤੇ ਚੱਲ ਰਹੀਆਂ ਹਨ।ਇਸ ਮੌਕੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ 'ਚ ਸ਼ਰਧਾਲੂ ਸੰਗਤਾਂ ਦੀ ਸ਼ਮੂਲੀਅਤ ਦੇ ਮੱਦੇਨਜ਼ਰ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ।

## ਰੇਲ ਗੱਡੀ ਹੇਠਾਂ ਆਉਣ ਕਾਰਨ ਅਣਪਛਾਤੇ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਬਸੀ ਪਠਾਣਾ ਤੇ ਨੌਗਾਵਾਂ ਦਰਮਿਆਨ ਰੇਲ ਗੱਡੀ ਹੇਠਾਂ ਆ ਜਾਣ ਕਾਰਨ ਇੱਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਜਾਣ ਦਾ ਸਮਾਚਾਰ ਹੈ। ਮਾਮਲੇ ਦੀ ਜਾਂਚ ਕਰ ਰਹੇ ਜੀਆਰਪੀ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਕਾਬਲ ਸਿੰਘ ਨੇ ਦੱਸਿਆ ਕਿ ਬਸੀ ਪਠਾਣਾ ਤੇ ਨੌਗਾਵਾਂ ਰੇਲਵੇ ਸਟੇਸ਼ਨ ਦਰਮਿਆਨ ਰੇਲਵੇ ਕਿਲੋਮੀਟਰ ਨੰਬਰ 8/10-11 ਨੇੜਿਓਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ।ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਉਮਰ ਕਰੀਬ 30-35 ਸਾਲ, ਜਿਸ ਦੇ ਕਾਲੇ ਰੰਗ ਦੀ ਕਮੀਜ਼ ਤੇ ਕਾਲੇ ਰੰਗ ਦੀ ਪੈਂਟ ਪਹਿਨੀ ਹੋਈ ਸੀ ਤੇ ਪੈਰ ਵਿੱਚ ਨੀਲੇ ਰੰਗ ਦੀਆਂ ਕੈਂਚੀ ਚੱਪਲਾਂ ਪਾਈਆਂ ਹੋਈਆਂ ਸਨ।ਕਾਬਲ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਦੀ ਮੌਤ ਰੇਲ ਗੱਡੀ ਹੇਠਾਂ ਆ ਜਾਣ ਕਾਰਨ ਹੋਈ ਜਾਪਦੀ ਹੈ, ਜਿਸ ਦੀ ਸ਼ਨਾਖਤ ਨਹੀਂ ਹੋ ਸਕੀ ਤੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਸਿਵਲ ਹਸਪਤਾਲ ਬਸੀ ਪਠਾਣਾ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਹੈ।ਉਨ੍ਹਾਂ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਕਿਸੇ ਕੋਲ ਕੋਈ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਜੀਆਰਪੀ ਥਾਣਾ ਸਰਹਿੰਦ ਜਾਂ ਉਨ੍ਹਾਂ ਦੇ ਮੋਬਾਈਲ ਨੰਬਰ 8968331263 'ਤੇ ਸਾਂਝੀ ਕੀਤੀ ਜਾਵੇ।

## ਲਾਰਡ ਬੁੱਧਾ ਟਰੱਸਟ 'ਚ ਤਿੰਨ ਨਵੇਂ ਮੈਂਬਰ ਹੋਏ ਸ਼ਾਮਲ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਇਲਾਕੇ ਦੀ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਐੱਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਵਿਸ਼ੇਸ਼ ਮੀਟਿੰਗ ਸਥਾਨਕ ਸਰਕੂਲਰ ਰੋਡ ਸਥਿਤ ਜੈਸਮੀਨ ਹੋਟਲ ਵਿਖੇ ਹੋਈ।ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਟਰੱਸਟ ਦੀ ਚੀਫ਼ ਪੈਟਰਨ ਮੈਡਮ ਹੀਰਾਵਤੀ ਸਮੇਤ ਜਨਰਲ ਸਕੱਤਰ ਮਲਕੀਤ ਸਿੰਘ ਮੰਮਣ ਤੇ ਸ੍ਰੀ ਕ੍ਰਿਸ਼ਨ ਆਰ. ਏ. ਸਮੇਤ ਕਈ ਹੋਰ ਉੱਚ ਪੱਧਰੀ ਅਹੁਦੇਦਾਰ ਤੇ ਮੈਂਬਰ ਸ਼ਾਮਲ ਹੋਏ।ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਮੁਕਤਸਰ ਵਿਸ਼ੇਸ਼ ਤੌਰ 'ਤੇ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ ਦੌਰਾਨ ਸਥਾਨਕ ਡਿਪਟੀ ਕਮਿਸ਼ਨਰ ਦਫਤਰ ਵਿੱਚੋਂ ਸੇਵਾ ਮੁਕਤ ਸੁਪਰਡੈਂਟ ਗ੍ਰੇਡ-1 ਮੈਡਮ ਸ਼ਾਂਤੀ ਦੇਵੀ, ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚੋਂ ਸੇਵਾ ਮੁਕਤ ਨਰਸਿੰਗ ਸਿਸਟਰ ਮੈਡਮ ਰਵਿੰਦਰ ਕੌਰ ਅਤੇ ਸੇਵਾ ਮੁਕਤ ਪੀ.ਟੀ.ਆਈ. ਜੋਗਿੰਦਰ ਸਿੰਘ ਸਮੇਤ ਤਿੰਨ ਨਵੇਂ ਮੈਂਬਰ ਟਰੱਸਟ ਵਿੱਚ ਸ਼ਾਮਲ ਹੋਏ।ਇਨ੍ਹਾਂ ਤਿੰਨਾਂ ਮੈਂਬਰਾਂ ਨੇ ਕਿਹਾ ਕਿ ਉਹ ਟਰੱਸਟ ਦੀਆਂ ਨੀਤੀਆਂ ਤੇ ਸਮਾਜ ਸੇਵਾ ਦੇ ਕਾਰਜਾਂ ਤੋਂ ਪ੍ਰਭਾਵਤ ਹੋ ਕੇ ਟਰੱਸਟ ਦੇ ਮੈਂਬਰ ਬਣ ਰਹੇ ਹਨ।ਉਹ ਆਪਣੇ ਜ਼ਿੰਮੇ ਲਗਾਈ ਗਈ ਹਰ ਡਿਊਟੀ ਨੂੰ ਬਾਖੂਬੀ ਤੇ ਨੇਕ ਨੀਤੀ ਨਾਲ ਨਿਭਾਉਣਗੇ।ਨਵੇਂ ਚੁਣੇ ਮੈਂਬਰਾਂ ਦਾ ਟਰੱਸਟ ਆਗੂਆਂ ਵੱਲੋਂ ਹਾਰ ਪਾ ਕੇ ਸਵਾਗਤ ਕੀਤਾ ਗਿਆ।ਮੀਟਿੰਗ ਦੌਰਾਨ ਸਥਾਨਕ ਯੂਕੋਨ (ਯੂਨੀਵਰਸਿਟੀ ਕਾਲਜ ਆਫ਼ ਨਰਸਿੰਗ) ਵਿਖੇ ਤਾਇਨਾਤ ਵੰਦਨਾ ਦੀ ਪ੍ਰੋਫੈਸਰ ਵਜੋਂ ਪ੍ਰਮੋਸ਼ਨ ਹੋਣ 'ਤੇ ਉਨ੍ਹਾ ਨੂੰ ਗੁਲਦਸਤਾ ਭੇਟ ਕਰਕੇ ਸ਼ੁੱਭ-ਕਾਮਨਾਵਾਂ ਭੇਟ ਕੀਤੀਆਂ।ਉਕਤ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਮਨਜੀਤ ਰਾਣੀ, ਨਿਰਮਲਜੀਤ ਕੌਰ, ਪ੍ਰਵੰਤਾ ਦੇਵੀ, ਬਿਮਲਾ ਢੋਸੀਵਾਲ, ਛਿੰਦਰ ਪਾਲ ਕੌਰ, ਮਾਧਵ ਤੇ ਮਾਧੇਸ਼, ਤ੍ਰਿਸ਼ਾ, ਗੁਰਇਬਾਦਤ, ਮਨਜੀਤ ਖਿੱਚੀ, ਅਮਰਬੀਰ ਸਿੰਘ ਰਾਣਾ, ਗੋਬਿੰਦ ਕੁਮਾਰ ਅਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ।

## ਕਾਲਜ ਪ੍ਰਬੰਧਕਾਂ 'ਤੇ ਰਾਈਫਲ ਤਾਨ ਕੇ ਮੰਗੇ ਪੈਸੇ, ਦੋ ਖਿਲਾਫ ਕੇਸ ਦਰਜ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜ਼ਿਲ੍ਹੇ ਦੇ ਮੌੜ ਮੰਡੀ ਵਿੱਚ ਸਰਸਵਤੀ ਇੰਸਟੀਚਿਊਟ ਆਫ ਨਰਸਿੰਗ ਵਿੱਚ ਬਤੌਰ ਸਿਕਿਉਰਟੀ ਗਾਰਡ ਕੰਮ ਕਰਨ ਵਾਲੇ ਦੋ ਵਿਅਕਤੀਆਂ ਨੇ ਕਾਲਜ ਪ੍ਰਬੰਧਕਾਂ ਉੱਪਰ ਬੰਦੂਕ ਤਾਣ ਲਈ ਅਤੇ ਪੈਸਿਆਂ ਦੀ ਮੰਗ ਕੀਤੀ।ਥਾਣਾ ਮੌੜ ਮੰਡੀ ਪੁਲਸ ਕੋਲ ਦਰਜ ਕਰਵਾਏ ਬਿਆਨਾਂ ਵਿੱਚ ਡਾਕਟਰ ਸਵਰਨ ਪ੍ਰਕਾਸ਼ ਪੁੱਤਰ ਪ੍ਰੇਮ ਕੁਮਾਰ ਵਾਸੀ ਮੌੜ ਮੰਡੀ ਨੇ ਦੱਸਿਆ ਕਿ ਮਦਨ ਸਿੰਘ ਪੁੱਤਰ ਗੁਰਦੇਵ ਸਿੰਘ ਉਨ੍ਹਾਂ ਦੇ ਕਾਲਜ ਸਰਸਵਤੀ ਇੰਸਟੀਚਿਊਟ ਆਫ ਨਰਸਿੰਗ ਮੌੜ ਮੰਡੀ ਵਿਖੇ ਬਤੌਰ ਗਾਰਡ ਕਰੀਬ ਦੋ ਮਹੀਨੇ ਡਿਊਟੀ ਕਰਦਾ ਸੀ।ਉਨ੍ਹਾਂ ਦੱਸਿਆ ਕਿ ਉਕਤ ਗਾਰਡ ਦੀ ਤਨਖਾਹ ਉਸ ਦੀ ਕੰਪਨੀ ਦਿੰਦੀ ਸੀ, ਜਦੋਂ ਕਿ ਹੁਣ ਮਦਨ ਸਿੰਘ ਤੇ ਉਸ ਦਾ ਸਾਥੀ ਗੁਰਮੀਤ ਸਿੰਘ ਪੁੱਤਰ ਅਜੈਬ ਸਿੰਘ ਵਾਸੀਆਨ ਮੌੜ ਖੁਰਦ ਹਥਿਆਰਾਂ ਨਾਲ ਲੈਸ ਹੋ ਕੇ ਕਾਲਜ ਵਿੱਚ ਆਏ ਅਤੇ ਰਾਈਫਲ ਤਾਣ ਕੇ ਉਨ੍ਹਾਂ ਕੋਲੋਂ ਪੈਸਿਆਂ ਦੀ ਮੰਗ ਕੀਤੀ।ਥਾਣਾ ਮੌੜ ਮੰਡੀ ਦੇ ਸਬ ਇੰਸਪੈਕਟਰ ਕਿਰਪਾਲ ਸਿੰਘ ਨੇ ਦੱਸਿਆ ਕਿ ਕਾਲਜ ਪ੍ਰਬੰਧਕਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਸਿਕਿਉਰਟੀ ਗਾਰਡ ਮਦਨ ਸਿੰਘ ਤੇ ਗੁਰਮੀਤ ਸਿੰਘ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਪਰ ਅਜੇ ਤੱਕ ਉਨ੍ਹਾਂ ਦੀ ਗ੍ਰਿਫਤਾਰੀ ਨਹੀਂ ਹੋਈ।

## ਮਾਊਂਟ ਲਿਟਰਾ ਜ਼ੀ ਸਕੂਲ 'ਚ ਅਧਿਆਪਕ ਦਿਵਸ ਮਨਾਇਆ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਮਾਊਂਟ ਲਿਟਰਾ ਜ਼ੀ ਸਕੂਲ ਵਿਖੇ ਅਧਿਆਪਕ ਦਿਵਸ ਬੜੇ ਹੀ ਉਤਸ਼ਾਹ ਤੇ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਪੂਰੀ ਜ਼ਿੰਮੇਵਾਰੀ ਨਾਲ ਅਧਿਆਪਕਾਂ ਦੀ ਭੂਮਿਕਾ ਨਿਭਾਉਂਦੇ ਹੋਏ ਪੂਰੇ ਸਕੂਲ ਨੂੰ ਚਲਾਇਆ।ਵਿਦਿਆਰਥੀਆਂ ਵੱਲੋਂ ਕਰਵਾਏ ਗਏ ਇਕੱਠ ਵਿੱਚ ਜਿੱਥੇ ਅਧਿਆਪਕਾਂ ਦਾ ਭਰਵਾਂ ਸਵਾਗਤ ਕੀਤਾ ਗਿਆ, ਉੱਥੇ ਹੀ ਅਧਿਆਪਕਾਂ ਨੂੰ ਵਿਸ਼ੇਸ਼ ਖਿਤਾਬ ਦੇ ਕੇ ਸਨਮਾਨਤ ਕੀਤਾ ਗਿਆ।ਅਧਿਆਪਕਾਂ ਲਈ ਮਨੋਰੰਜਕ ਖੇਡਾਂ ਮਿਊਜ਼ੀਕਲ ਚੇਅਰ, ਤੰਬੋਲਾ ਤੇ ਰੈਪਿਡ ਫਾਇਰ ਵਰਗੀਆਂ ਗਤੀਵਿਧੀਆਂ ਨੇ ਸਾਰਿਆਂ ਨੂੰ ਹੱਸਣ ਤੇ ਮਸਤੀ ਕਰਨ ਦਾ ਮੌਕਾ ਦਿੱਤਾ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾ: ਸੁਰੇਸ਼ ਸ਼ਰਮਾ, ਮੈਨੇਜਿੰਗ ਡਾਇਰੈਕਟਰ ਪੰਕਜ ਗੁਲਾਟੀ ਤੇ ਚੇਅਰਮੈਨ ਇੰਜੀ. ਚਮਨ ਲਾਲ ਗੁਲਾਟੀ ਨੇ ਵੀ ਅਧਿਆਪਕਾਂ ਨਾਲ ਸਮਾਂ ਬਿਤਾਇਆ ਤੇ ਉਨ੍ਹਾਂ ਨੂੰ ਸਨਮਾਨਤ ਕੀਤਾ।

## ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ 'ਚ ਮਨਾਇਆ ਅਧਿਆਪਕ ਦਿਵਸ



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਵਿਖੇ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਮੁਖੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਸਵੇਰ ਦੀ ਸਭਾ ਸਮੇਂ ਬੱਚਿਆਂ ਵੱਲੋਂ ਸਮੂਹ ਸਟਾਫ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਗਈ। ਇਸ ਸਭ ਤੋਂ ਪਹਿਲਾਂ ਸਵੱਛਤਾ ਤੇ ਹਰਿਆਲੀ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਰਾਮ ਸਿੰਘ, ਸਟਾਫ ਤੇ ਬੱਚਿਆਂ ਵੱਲੋਂ ਸਕੂਲ 'ਚ ਪੌਦੇ ਲਗਾਏ ਗਏ ਅਤੇ ਸਕੂਲ ਕੈਂਪਸ ਦੀ ਸਫਾਈ ਵੀ ਕੀਤੀ ਗਈ। ਸਕੂਲ ਮੁਖੀ ਵੱਲੋਂ ਅਧਿਆਪਕਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਮਿਡ ਡੇ ਮੀਲ ਵਰਕਰਾਂ ਚਰਨਜੀਤ ਕੌਰ, ਵੀਰਪਾਲ ਕੌਰ, ਆਂਗਨਵਾੜੀ ਮੁਲਾਜ਼ਮ ਗੀਤਾ ਰਾਣੀ ਤੇ ਸੈਨੀਟੇਸ਼ਨ ਵਰਕਰ ਮਨਜੀਤ ਕੌਰ ਵੱਲੋਂ ਵੀ ਸਾਰੇ ਅਧਿਆਪਕਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਅਧਿਆਪਕ ਸੁਰਜੀਤ ਸਿੰਘ, ਗੁਰਦੀਪ ਸਿੰਘ, ਅਸਵਿੰਦਰ ਸਿੰਘ, ਅਵਤਾਰ ਸਿੰਘ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਅੰਮ੍ਰਿਤਪਾਲ ਕੌਰ, ਆਂਗਨਵਾੜੀ ਸਟਾਫ ਗੁਰਵਿੰਦਰ ਕੌਰ, ਕਿਰਨਦੀਪ ਕੌਰ ਆਦਿ ਹਾਜ਼ਰ ਸਨ।

## ਸ੍ਰੀ ਰਾਮ ਇੰਟਰਨੈਸ਼ਨਲ ਸਕੂਲ 'ਚ ਉਤਸ਼ਾਹ ਨਾਲ ਮਨਾਇਆ ਅਧਿਆਪਕ ਦਿਵਸ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ੍ਰੀ ਰਾਮ ਇੰਟਰਨੈਸ਼ਨਲ ਸਕੂਲ ਕੱਕੜਵਾਲ ਵਿਖੇ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਬੱਚਿਆਂ ਵੱਲੋਂ ਗੀਤ, ਭੰਗੜਾ ਤੇ ਪ੍ਰੇਰਮਾਦਾਇਕ ਸਕਿੱਟ ਪੇਸ਼ ਕੀਤੇ ਗਏ। ਬੱਚਿਆਂ ਵੱਲੋਂ ਅਧਿਆਪਕਾਂ ਤੋਂ ਕਈ ਹਾਸ-ਭਰਭੂਰ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਸਕੂਲ ਪ੍ਰਿੰਸੀਪਲ ਤੇਜਿੰਦਰ ਕੌਰ ਸੇਖੋਂ ਤੇ ਵਾਈਸ ਪ੍ਰਿੰਸੀਪਲ ਸੁਰੇਸ਼ ਗਰਗ ਨੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਮਾਪਿਆਂ ਤੋਂ ਬਾਅਦ ਅਧਿਆਪਕਾਂ ਦਾ ਵੱਡਾ ਯੋਗਦਾਨ ਦੱਸਦਿਆਂ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਬੋਰਡ ਆਫ ਡਾਇਰੈਕਟਰ ਤੇ ਸਾਰੇ ਅਧਿਆਪਕ ਮੌਜੂਦ ਸਨ।

## ਰੈਗੂਲਰ ਤੇ ਠੇਕਾ ਮੁਲਾਜ਼ਮ ਵੀ ਕਿਸਾਨਾਂ, ਮਜ਼ਦੂਰਾਂ ਦੇ ਸੰਘਰਸ਼ ਦੀ ਹਮਾਇਤ 'ਚ ਨਿੱਤਰੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਪਰਮਜੀਤ ਸਿੰਘ/ਚਾਵਲਾ)**-ਵੀਰਵਾਰ ਵੱਖ-ਵੱਖ ਜਥੇਬੰਦੀਆਂ ਜਿਵੇਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ, ਬੀ ਕੇ ਯੂ ਉਗਰਾਹਾਂ, ਪੈਨਸ਼ਨਰ ਐਸੋਸੀਏਸ਼ਨ ਸ੍ਰੀ ਮੁਕਤਸਰ ਸਾਹਿਬ ਅਤੇ ਟੀ ਐੱਸ ਯੂ ਭੰਗਲ ਵੱਲੋਂ ਬਿਜਲੀ ਘਰ ਸ੍ਰੀ ਮੁਕਤਸਰ ਸਾਹਿਬ ਵਿਖੇ ਨਵੀਂ ਖੇਤੀ ਨੀਤੀ ਬਣਵਾਉਣ ਦੀ ਮੰਗ ਨੂੰ ਲੈ ਕੇ ਕਿਸਾਨਾਂ ਮਜ਼ਦੂਰਾਂ ਵੱਲੋਂ ਚੰਡੀਗੜ੍ਹ ਵਿਖੇ ਚੱਲ ਰਹੇ ਮੋਰਚੇ ਦੀ ਹਮਾਇਤ ਵਿੱਚ ਭਰਵੀਂ ਰੈਲੀ ਕੀਤੀ ਗਈ।

ਵੱਖ ਵੱਖ ਬੁਲਾਰਿਆਂ ਨੇ ਬੋਲਦਿਆਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਕਿਸਾਨਾਂ ਮਜ਼ਦੂਰਾਂ ਦੇ ਚੰਡੀਗੜ੍ਹ ਵਿਖੇ ਚੱਲ ਰਹੇ ਮੋਰਚੇ ਦੀਆਂ ਮੰਗਾਂ ਫੌਰੀ ਮੰਨੀਆਂ ਜਾਣ।ਕਿਸਾਨ ਮਜ਼ਦੂਰ ਮੰਗ ਕਰ ਰਹੇ ਹਨ ਕਿ ਪੰਜਾਬ ਸਰਕਾਰ ਵੱਲੋਂ ਕਿਸਾਨ ਪੱਖੀ, ਵਾਤਾਵਰਨ ਪੱਖੀ ਖੇਤੀ ਨੀਤੀ ਬਣਾਈ ਜਾਵੇ, ਕਿਸਾਨੀ ਨੂੰ ਕਰਜ਼ੇ 'ਚੋਂ ਕੱਢਣ ਲਈ ਖੇਤੀ ਦੀਆਂ ਲਾਗਤ ਕੀਮਤਾਂ ਘਟਾਈਆਂ ਜਾਣ, ਖਾਦਾਂ ਦਵਾਈਆਂ ਦੇ ਰੇਟ ਵਧਾਉਣ 'ਤੇ ਰੋਕ ਲਗਾਈ ਜਾਵੇ, ਬਿਨਾਂ ਵਿਆਜ ਤੋਂ ਕਿਸਾਨਾਂ ਨੂੰ ਕਰਜ਼ੇ ਮੁਹੱਈਆ ਕਰਵਾਏ ਜਾਣ, ਸਸਤੇ ਖੇਤੀ ਸੰਦ ਮੁਹੱਈਆ ਕਰਵਾਏ ਜਾਣ, ਮਜ਼ਦੂਰਾਂ ਨੂੰ ਬਿਨਾਂ ਗਰੰਟੀ ਦੇ ਸਸਤੇ ਕਰਜ਼ੇ ਦਿੱਤੇ ਜਾਣ, ਫਸਲਾਂ ਦੀ ਸਰਕਾਰੀ ਖਰੀਦ ਦੀ ਗਰੰਟੀ ਦਾ ਕਾਨੂੰਨ ਬਣਾਇਆ ਜਾਵੇ, ਵਾਤਾਵਰਨ ਦੂਸ਼ਿਤ ਹੋਣ ਤੋਂ ਬਚਾਉਣ ਲਈ ਦਵਾਈਆਂ ਰਹਿਤ-ਸਪਰੇਅ ਰਹਿਤ ਫਸਲਾਂ ਬਿਜਵਾਈਆਂ ਜਾਣ, ਘੱਟ ਪਾਣੀ ਦੀ ਲਾਗਤ ਵਾਲੇ ਝੋਨੇ ਦੇ ਬੀਜ ਮੁਹੱਈਆ ਕਰਵਾਏ ਜਾਣ।

ਆਗੂਆਂ ਨੇ ਕਿਹਾ ਕਿ ਇਹ ਭਗਵੰਤ ਮਾਨ ਸਰਕਾਰ ਵੀ ਪਹਿਲੀਆਂ ਵੱਖ-ਵੱਖ ਪਾਰਟੀ ਦੀਆਂ ਸਰਕਾਰਾਂ ਵਾਂਗ ਹੀ ਸਾਮਰਾਜੀ ਦਿਸ਼ਾ ਨਿਰਦੇਸ਼ਿਤ ਨਿੱਜੀਕਰਨ ਦੀਆਂ ਨੀਤੀਆਂ ਨੂੰ ਪੂਰੇ ਜ਼ੋਰ ਨਾਲ ਲਾਗੂ ਕਰ ਰਹੀ ਹੈ।ਵੱਖ-ਵੱਖ ਵਿਭਾਗਾਂ ਵਿੱਚ ਲੰਮੇ ਸਮੇਂ ਤੋਂ ਆਊਟਸੋਰਸ, ਇਨਲਿਸਟਮੈਂਟ, ਠੇਕੇਦਾਰਾਂ ਰਾਹੀਂ ਕੰਮ ਕਰ ਰਹੇ ਠੇਕਾ ਕਾਮੇ ਰੈਗੂਲਰ ਨਹੀਂ ਕੀਤੇ ਜਾ ਰਹੇ, ਜਲ ਸਪਲਾਈ ਤੇ ਬਿਜਲੀ ਵਿਭਾਗ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ, ਪੰਜਾਬ ਦੇ ਸਰਕਾਰੀ ਅਦਾਰੇ ਬਿਜਲੀ ਜਲ ਸਪਲਾਈ, ਟਰਾਂਸਪੋਰਟ, ਹਸਪਤਾਲ, ਸੜਕਾਂ ਦਾ ਨਿੱਜੀਕਰਨ ਕਰਕੇ ਕਾਰਪੋਰੇਟ ਘਰਾਣਿਆਂ ਅੱਗੇ ਪਰੋਸਿਆ ਜਾ ਰਿਹਾ ਹੈ। ਸਰਕਾਰ ਨੂੰ ਇਨ੍ਹਾਂ ਲੋਕ ਮਾਰੂ ਨੀਤੀਆਂ ਤੋਂ ਪਿੱਛੇ ਮੋੜਨ ਲਈ ਸਭਨਾਂ ਮਿਹਨਤਕਸ਼ ਤਬਕਿਆਂ ਨੂੰ ਇਕੱਠੇ ਹੋ ਕੇ ਲੜਨ ਦੀ ਲੋੜ ਹੈ।

ਰੈਲੀ ਤੋਂ ਉਪਰੰਤ ਤਹਿਸੀਲ ਕੰਪਲੈਕਸ ਤੱਕ ਨਾਅਰੇ ਮਾਰਦੇ ਮੁਜ਼ਾਹਰਾ ਕੀਤਾ ਗਿਆ ਤੇ ਐੱਸ.ਡੀ.ਐੱਮ. ਨੂੰ ਮੰਗ ਪੱਤਰ ਸੌਂਪਿਆ ਗਿਆ।ਅਖੀਰ ਵਿੱਚ ਪਾਵਰਕਾਮ ਮੈਨੇਜਮੈਂਟ ਵੱਲੋਂ ਸੰਘਰਸ਼ਾਂ ਨੂੰ ਕੁਚਲਣ ਲਈ ਐਸਮਾ ਦੀਆਂ ਧਮਕੀਆਂ ਦੇਣ ਵਾਲੇ ਜਾਰੀ ਕੀਤੇ ਪੱਤਰ ਦਾ ਵੀ ਵਿਰੋਧ ਕੀਤਾ ਗਿਆ।

## ਜਲ ਸਪਲਾਈ ਵਿਭਾਗ ਦੇ ਠੇਕਾ ਮੁਲਾਜ਼ਮਾਂ ਮੁੱਖ ਮੰਤਰੀ ਦੇ ਨਾਂਅ 'ਤੇ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

### ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਜਲਦ ਪ੍ਰਵਾਨ ਕਰੇ ਸਰਕਾਰ : ਸੁਖਚੈਨ ਸੋਢੀ



**ਜਲਾਲਾਬਾਦ (ਜੀਤ ਕੁਮਾਰ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਫੈਸਲੇ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਤੇ ਦਫਤਰੀ ਸਟਾਫ ਦੇ ਸੂਬਾਈ ਆਗੂ ਸੁਖਚੈਨ ਸਿੰਘ ਸੋਢੀ ਦੀ ਅਗਵਾਈ ਹੇਠ ਸਥਾਨਕ ਤਹਿਸੀਲ ਕੰਪਲੈਕਸ ਵਿਖੇ ਐੱਸ.ਡੀ.ਐੱਮ. ਦੇ ਰੀਡਰ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਮ 'ਤੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਗਿਆ।

ਇਸ ਮੌਕੇ ਸੂਬਾ ਆਗੂ ਸਤਨਾਮ ਸਿੰਘ ਫਲੀਆਂਵਾਲਾ ਅਤੇ ਸੁਖਚੈਨ ਸਿੰਘ ਸੋਢੀ ਨੇ ਸੂਬਾ ਤੇ ਕੇਂਦਰ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਹਕੂਮਤ ਤੇ ਰਾਜ ਸਰਕਾਰਾਂ ਵੱਲੋਂ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਪੋਰੇਟ ਘਰਾਣਿਆਂ ਦੀ ਲੁੱਟ ਤੇ ਮੁਨਾਫ਼ੇ ਦੀ ਲੋੜ ਨੂੰ ਮੁੱਖ ਰੱਖਕੇ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਪਹਿਲਾਂ ਤਹਿ ਖੇਤੀ, ਸਨਅਤੀ ਤੇ ਆਰਥਿਕ ਨੀਤੀਆਂ ਵਿੱਚ ਤਬਦੀਲੀ ਕਰਕੇ ਕਾਰਪੋਰੇਟ ਘਰਾਣਿਆਂ ਦੇ ਲੁੱਟ ਤੇ ਮੁਨਾਫ਼ੇ ਕਮਾਉਣ ਦੇ ਰਾਹ ਦੀਆਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਕੇ ਦੇਸ਼ ਦੇ ਪੈਦਾਵਾਰੀ ਵਸੀਲਿਆਂ ਤੇ ਮਿਹਨਤ ਸ਼ਕਤੀ ਨੂੰ ਉਨ੍ਹਾਂ ਅੱਗੇ ਪਰੋਸ ਦਿੱਤਾ ਗਿਆ ਹੈ। ਸਰਕਾਰੀ ਵਿਭਾਗਾਂ ਤੇ ਮੰਡੀਆਂ ਦਾ ਨਿੱਜੀਕਰਨ ਕਰਕੇ, ਘੱਟੋ-ਘੱਟ ਸਮਰਥਨ ਮੁੱਲ ਤੇ ਘੱਟੋ-ਘੱਟ ਤਨਖਾਹ ਦੀ ਨੀਤੀ ਰੱਦ ਕਰਕੇ, ਘੱਟ ਤੋਂ ਘੱਟ ਕੀਮਤ 'ਤੇ ਫਸਲਾਂ ਦੀ ਖਰੀਦ ਕਰਨ ਤੇ ਮੁਨਾਫ਼ੇ ਦੀ ਲੋੜ ਅਨੁਸਾਰ ਤਨਖਾਹ ਅਦਾਇਗੀ ਲਈ ਲੁੱਟ ਦਾ ਰਾਹ ਪੱਧਰਾ ਕੀਤਾ ਗਿਆ। ਆਗੂਆਂ ਨੇ ਮੰਗ ਕੀਤੀ ਸਰਕਾਰਾਂ ਸਾਮਰਾਜੀ ਸੇਵਾ ਦਾ ਰਾਹ ਛੱਡ ਕੇ ਦੇਸ਼ ਦੇ ਕਿਸਾਨਾਂ-ਮਜ਼ਦੂਰਾਂ ਤੇ ਵੱਖ ਵੱਖ ਸਰਕਾਰੀ ਵਿਭਾਗਾਂ ਵਿਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮਾਂ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਸਮੇਤ ਹੋਰ ਹੱਕੀ ਤੇ ਜਾਇਜ਼ ਮੰਗਾਂ ਨੂੰ ਜਲਦ ਪ੍ਰਵਾਨ ਕਰਨ, ਸਾਮਰਾਜੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤੀ ਤੇ ਸਨਅਤੀ ਨੀਤੀ ਵਿੱਚ ਕੀਤੀ ਬੇਲੋੜੀ ਗਈ ਤਬਦੀਲੀ ਨੂੰ ਰੱਦ ਕਰਕੇ ਕਿਸਾਨ-ਮਜ਼ਦੂਰ ਤੇ ਮੁਲਾਜ਼ਮ ਹਿੱਤਾਂ ਨੂੰ ਰਾਸ ਬੈਠਦੀ ਨਵੀਂ ਖੇਤੀ ਤੇ ਸਨਅਤੀ ਨੀਤੀ ਤਹਿ ਕਰਨ ਦੇ ਨਾਲ-ਨਾਲ ਮੰਗ ਪੱਤਰ ਵਿੱਚ ਦਰਜ ਹੋਰ ਸਮੂਹ ਮੰਗਾਂ ਨੂੰ ਜਲਦ ਪ੍ਰਵਾਨ ਕੀਤੀਆਂ ਜਾਣ। ਇਸ ਮੌਕੇ ਹੋਰਾਂ ਤੋਂ ਇਲਾਵਾ ਮਹਿੰਦਰ ਸਿੰਘ ਮੰਨੇਵਾਲਾ, ਸ਼ੋਕ ਸਿੰਘ, ਨਾਨਕ ਸਿੰਘ, ਹਰਜਿੰਦਰ ਸਿੰਘ ਬਿਜਲੀ ਵਿਭਾਗ, ਸੂਰਜ ਹਾਂਡਾ, ਮੁਲਾਜ਼ਮ ਆਗੂ ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਮੌਜੂਦ ਸਨ।

## ਸੁਨਾਮ ਦੇ ਵਕੀਲ 'ਤੇ ਹੋਏ ਹਮਲੇ ਦੇ ਰੋਸ ਵਜੋਂ ਬਾਰ ਐਸੋਸੀਏਸ਼ਨ ਵੱਲੋਂ ਹੜਤਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਅਦਾਲਤਾਂ ਦਾ ਕੰਮ ਕਾਜ ਬੰਦ ਰੱਖਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਰੰਧਾਵਾ ਨੇ ਦੱਸਿਆ ਕਿ ਬੀਤੇ ਦਿਨ ਸੁਨਾਮ ਦੇ ਵਕੀਲ ਸਾਹਿਲ ਬਾਂਸਲ 'ਤੇ ਜਾਨ ਲੇਵਾ ਹਮਲਾ ਹੋਇਆ ਸੀ, ਜਿਸ ਕਰਕੇ ਬਾਰ ਐਸੋਸੀਏਸ਼ਨ ਸੁਨਾਮ ਜ਼ਿਲ੍ਹਾ ਸੰਗਰੂਰ ਨੇ ਪੰਜਾਬ ਵਿੱਚ ਹੜਤਾਲ ਕਰਨ ਦਾ ਸੱਦਾ ਦਿੱਤਾ ਸੀ, ਜਿਸ ਕਰਕੇ ਸਮਾਣਾ ਬਾਰ ਐਸੋਸੀਏਸ਼ਨ ਨੇ ਅੱਜ ਹੜਤਾਲ ਕੀਤੀ।ਸਮਾਣਾ ਬਾਰ-ਸੁਨਾਮ ਬਾਰ ਐਸੋਸੀਏਸ਼ਨ ਦੇ ਨਾਲ ਇਸ ਮਸਲੇ 'ਤੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਐਡਵੋਕੇਟ ਰਿਸ਼ੀ ਚੋਪੜਾ, ਸੈਕਟਰੀ ਐਡਵੋਕੇਟ ਹਰਮਨਦੀਪ ਸਿੰਘ ਸਿੱਧੂ, ਜੁਆਇੰਟ ਸੈਕਟਰੀ ਜਗਤਾਰ ਸ਼ਰਮਾ, ਕੈਸ਼ੀਅਰ ਐਡਵੋਕੇਟ ਸੰਦੀਪ ਜਿੰਦਲ, ਲਾਈਬ੍ਰੇਰੀਅਨ ਐਡਵੋਕੇਟ ਨਿਰਲੇਪ ਕੌਰ, ਐਗਜ਼ੈਕਟਿਵ ਮੈਂਬਰ ਐਡਵੋਕੇਟ ਗੁਰਜੀਤ ਕੌਰ ਬੱਲ, ਐਡਵੋਕੇਟ ਰਾਜਵਿੰਦਰ ਗੋਇਲ, ਐਡਵੋਕੇਟ ਅਰਮਾਨ ਸਿੰਘ ਤੋਂ ਇਲਾਵਾ ਸੀਨੀਅਰ ਐਡਵੋਕੇਟਸ ਕੁਲਵੰਤ ਸਿੰਘ ਢਿੱਲੋਂ, ਸੁਰੇਸ਼ ਸ਼ਰਮਾ, ਨਵਦੀਪ ਸਿੰਘ ਢਿੱਲੋਂ, ਰੋਮੀ ਵਡੇਰਾ, ਰਣਦੀਪ ਸਿੰਘ ਥਿੰਦ, ਹਰਪਾਲ ਸਿੰਘ, ਵਿਕਰਮ ਭਟਨਾਗਰ, ਜਸਵਿੰਦਰ ਸਿੰਘ, ਦਵਿੰਦਰ ਸਿੰਘ ਢਿੱਲੋਂ, ਵਿਕਾਸ ਸ਼ਰਮਾ, ਇੰਦਰਜੀਤ ਸਿੰਘ ਸਲੂਜਾ, ਅਮਰਜੀਤ ਸਿੰਘ ਬਾਜਵਾ, ਸੰਜੀਵ ਬਾਂਸਲ, ਪੀ ਐੱਸ ਕੰਡਾ, ਵਿਪਨ ਬਾਂਸਲ, ਅਰੁਣ ਸੰਧੂ, ਰਵਿੰਦਰ ਕੁਮਾਰ ਸਹੋਤਾ, ਸਾਹਿਬ ਸਿੰਘ ਸ਼ੇਰਗੜ੍ਹ, ਲਵਲੀ ਗਰਗ, ਮੈਡਮ ਮਨਪ੍ਰੀਤ ਕੌਰ, ਪ੍ਰਿਆ ਸ਼ਰਮਾ, ਰਮਨਦੀਪ ਕੌਰ, ਨੇਹਾ ਮਿੱਤਲ, ਹੈਰੀ, ਵਿਕਰਮ ਭਟਨਾਗਰ, ਖੁਆਬ ਸੋਨੀ, ਕਸ਼ਮੀਰ ਸਿੰਘ ਚੂੰਬਰ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਡਵੋਕੇਟਸ ਹਾਜ਼ਰ ਸਨ।

## ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਇੱਕੋ ਪਰਵਾਰ ਦੇ ਚਾਰ ਜੀਆਂ ਦੀ ਮੌਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਵਿੱਚ ਪੈਂਦੇ ਬਾਘਾ ਪੁਰਾਣਾ ਅਧੀਨ ਆਉਂਦੇ ਪਿੰਡ ਨੱਥੂਵਾਲਾ ਗਰਬੀ ਦੇ ਨਜ਼ਦੀਕ ਮੁੱਦਕੀ ਰੋਡ 'ਤੇ ਕਾਰ ਤੇ ਮੋਟਰਸਾਈਕਲ ਦੀ ਭਿਆਨਕ ਟੱਕਰ ਹੋਣ ਨਾਲ ਇੱਕੋ ਪਰਵਾਰ ਦੇ ਚਾਰ ਜੀਆਂ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੌਕੇ 'ਤੇ ਇਕੱਤਰ ਲੋਕਾਂ ਨੇ ਦੱਸਿਆ ਕਿ ਧਰਮਪ੍ਰੀਤ ਸਿੰਘ, ਪਤਨੀ ਕੁਲਦੀਪ ਕੌਰ ਆਪਣੇ ਦੋ ਛੋਟੇ ਛੋਟੇ ਬੱਚਿਆਂ ਸਮੇਤ ਆਪਣੇ ਮੋਟਰਸਾਈਕਲ ਉੱਪਰ ਸਵਾਰ ਹੋ ਕੇ ਪਿੰਡ ਜੈਮਲਵਾਲਾ ਤੋਂ ਪਿੰਡ ਨੱਥੂ ਵਾਲਾ ਗਰਬੀ ਵਿਖੇ ਦਵਾਈ ਲੈਣ ਜਾ ਰਹੇ ਸੀ, ਜਦੋਂ ਇਹ ਪਿੰਡ ਨੱਥੂਵਾਲਾ ਗਰਬੀ ਦੇ ਨਜ਼ਦੀਕ ਪੁੱਜੇ ਤਾਂ ਪਿੱਛੋਂ ਤੇਜ਼ ਰਫਤਾਰ ਆ ਰਹੀ ਇੱਕ ਕਾਰ ਨੇ ਟੱਕਰ ਮਾਰ ਕੇ ਦੂਰ ਤੱਕ ਘੜੀਸਦੀ ਲੈ ਗਈ, ਜਿਸ ਨਾਲ ਧਰਮਪ੍ਰੀਤ ਸਿੰਘ, ਕੁਲਦੀਪ ਕੌਰ ਤੇ ਇੱਕ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇੱਕ ਬੱਚਾ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ, ਜਿਸ ਦੀ ਹਸਪਤਾਲ ਜਾ ਕੇ ਮੌਤ ਹੋ ਗਈ। ਇਸ ਹਾਦਸੇ ਦੌਰਾਨ ਮੋਟਰਸਾਈਕਲ ਨੂੰ ਅੱਗ ਲੱਗ ਗਈ ਤੇ ਸੜ ਕੇ ਸਵਾਹ ਹੋ ਗਿਆ ਅਤੇ ਕਾਰ ਵੀ ਖੇਤਾਂ ਵਿੱਚ ਜਾ ਡਿੱਗੀ। ਮੌਕੇ 'ਤੇ ਲੋਕਾਂ ਨੇ ਦੱਸਿਆ ਕਿ ਕਾਰ ਚਾਲਕ ਐਕਸੀਡੈਂਟ ਕਰਨ ਤੋਂ ਬਾਅਦ ਭੱਜਣ ਦੀ ਕੋਸ਼ਿਸ਼ ਕਰਦਾ ਲੋਕਾਂ ਨੇ ਉਸ ਨੂੰ ਫ਼ੜ ਕੇ ਪੁਲਸ ਹਵਾਲੇ ਕਰ ਦਿੱਤਾ ਗਿਆ। ਮੌਜੂਦ ਲੋਕਾਂ ਨੇ ਇਹ ਵੀ ਦੱਸਿਆ ਕਿ ਕਾਰ ਚਾਲਕ ਦੀ ਸ਼ਰਾਬ ਪੀਤੀ ਹੋਈ ਸੀ। ਲੋਕਾਂ ਨੇ ਕਾਰ ਵਿੱਚ ਸ਼ਰਾਬ ਦੀਆਂ ਟੁੱਟੀਆਂ ਹੋਈਆਂ ਬੋਤਲਾਂ ਵੀ ਦੇਖੀਆਂ। ਪੁਲਸ ਵੱਲੋਂ ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਭਿਆਨਕ ਹਾਦਸੇ ਨੂੰ ਲੈ ਕੇ ਇਲਾਕੇ ਅੰਦਰ ਸੋਗ ਦੀ ਲਹਿਰ ਪਾਈ ਜਾ ਰਹੀ ਹੈ।ਮੌਕੇ 'ਤੇ ਇਕੱਤਰ ਲੋਕਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਕਾਰ ਚਾਲਕ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਸੀਵਰੇਜ ਦੇ ਪਾਣੀ ਕਾਰਨ ਬਣੀ ਨਰਕ ਵਰਗੀ ਸਥਿਤੀ, ਲੋਕਾਂ ਵੱਲੋਂ ਰੋਸ ਪ੍ਰਦਰਸ਼ਨ



**ਬਰੇਟਾ (ਰੀਤਵਾਲ)**-ਸਰਕਾਰਾਂ ਹਰ ਰੋਜ਼ ਵਿਕਾਸ ਕਾਰਜ ਕਰਵਾਉਣ ਦੇ ਦਾਅਵੇ ਕਰਦੀਆਂ ਹਨ, ਪਰ ਹਕੀਕਤ ਇਸ ਤੋਂ ਕੋਹਾਂ ਦੂਰ ਹੈ। ਜੇਕਰ ਜ਼ਮੀਨੀ ਪੱਧਰ 'ਤੇ ਝਾਤ ਮਾਰੀ ਜਾਵੇ ਤਾਂ ਲੋਕ ਹਾਲੇ ਤੱਕ ਮੁੱਢਲੀਆਂ ਲੋੜਾਂ ਤੋਂ ਵੀ ਸੱਖਣੇ ਹਨ। ਅਜਿਹੀ ਹੀ ਇੱਕ ਸਮੱਸਿਆ ਨੂੰ ਲੈ ਕੇ ਅੱਜ ਸ਼ਹਿਰ ਦੇ ਵਾਰਡ ਨੰਬਰ 9 ਧਰਮਪੁਰਾ ਰੋਡ 'ਤੇ ਲੀਕੇਜ ਹੋ ਰਹੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਝੀਲ ਦਾ ਰੂਪ ਧਾਰਨ ਕਰ ਚੁੱਕੀ ਸੜਕ ਤੋਂ ਪ੍ਰੇਸ਼ਾਨ ਲੋਕਾਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਰੋਸ ਪ੍ਰਦਰਸ਼ਨ ਕਰਦਿਆਂ ਪੰਜਾਬ ਸਰਕਾਰ, ਸੀਵਰੇਜ ਬੋਰਡ ਤੇ ਨਗਰ ਕੌਂਸਲ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਜਾਣਕਾਰੀ ਦਿੰਦਿਆਂ ਮੁਹੱਲਾ ਵਾਸੀ ਲਾਲੀ ਸਿੰਘ ਨੇ ਦੱਸਿਆ ਕਿ ਸੀਵਰੇਜ ਦਾ ਗੰਦਾ ਪਾਣੀ ਇਥੇ ਝੀਲ ਦਾ ਰੂਪ ਧਾਰਨ ਕਰਕੇ ਖੜਾ ਹੋਣ ਕਾਰਨ ਜਿੱਥੇ ਲੋਕਾਂ ਨੂੰ ਇਥੋਂ ਲੰਘਣ 'ਚ ਮੁਸ਼ਕਲਾਂ ਦਾ ਸਹਾਮਣਾ ਕਰਨਾਂ ਪੈਂਦਾ ਹੈ, ਉਥੇ ਨਾਲ ਹੀ ਇਥੇ ਗੰਦੀ ਬਦਬੋ ਤੇ ਇਸ ਗੰਦੇ ਪਾਣੀ 'ਚ ਪੈਦਾ ਹੋਣ ਵਾਲੇ ਮੱਖੀਆਂ ਮੱਛਰ ਕਾਰਨ ਇਥੇ ਮਲੇਰੀਆ, ਡਾਇਰਿਆ, ਡੇਂਗੂ ਤੇ ਹੋਰ ਭਿਆਨਕ ਬੀਮਾਰੀਆਂ ਫੈਲਣ ਦਾ ਵੀ ਪੂਰਾ ਖਾਦਸ਼ਾ ਬਣਿਆ ਹੋਇਆ ਹੈ ਅਤੇ ਜਦ ਤੇਜ਼ ਬਰਸਾਤ ਹੁੰਦੀ ਹੈ ਤਾਂ ਇਹ ਗੰਦਾ ਪਾਣੀ ਲੋਕਾਂ ਦੇ ਘਰਾਂ 'ਚ ਵੜ੍ਹਨ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਕਰਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਪਿਛਲੇ ਕਰੀਬ 5 ਮਹੀਨੇ ਤੋਂ ਲੋਕ ਇਸ ਸਮੱਸਿਆ ਨਾਲ ਜੂਝ ਰਹੇ ਹਨ, ਪਰ ਨਗਰ ਕੌਂਸਲ ਤੇ ਸੀਵਰੇਜ ਬੋਰਡ ਵੱਲੋਂ ਇਸ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਵਾਰਡ ਵਾਸੀਆਂ ਤੇ ਰਾਹਗੀਰਾਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਅਸੀ ਕਈ ਵਾਰ ਸੰਘਰਸ਼ ਕਰਨ ਦੇ ਨਾਲ ਨਾਲ ਨਗਰ ਕੌਂਸਲ ਨੂੰ ਲਿਖ਼ਤੀ ਰੂਪ 'ਚ ਪੱਤਰਾਂ ਰਾਹੀਂ ਇਸ ਦੇ ਹੱਲ ਲਈ ਮੰਗ ਕਰ ਚੁੱਕੇ ਹਾਂ, ਪਰ ਕਹਿਣਾ ਮੋੜਨਾ ਨਹੀਂ ਤੇ ਡੱਕਾ ਤੋੜਨਾ ਨਹੀਂ ਦੀ ਕਹਾਵਤ ਵਾਂਗ ਇਥੇ ਸਥਿਤ ਜਿਓਂ ਦੀ ਤਿਓਂ ਬਣੀ ਹੋਈ ਹੈ ਅਤੇ ਲੋਕ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਜਦ ਇਸ ਸਮੱਸਿਆ ਨੂੰ ਲੈ ਕੇ ਹਲਕਾ ਵਿਧਾਇਕ ਪ੍ਰਿੰ: ਬੁੱਧ ਰਾਮ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਬਹੁਤ ਜਲਦ ਹੀ ਇਸ ਸਮੱਸਿਆ ਦਾ ਠੋਸ ਹੱਲ ਕੀਤਾ ਜਾ ਰਿਹਾ ਹੈ। ਰੋਸ ਪ੍ਰਦਸ਼ਰਨ ਮੌਕੇ ਲਾਲੀ ਸਿੰਘ, ਜੱਗੀ ਮਾਨ, ਗੁਰਤੇਜ ਸਿੰਘ, ਗਿਆਨ ਸਿੰਘ, ਸੁਖਵਿੰਦਰ ਸਿੰਘ, ਰਾਮ ਲਾਲ ਰਾਮਾ, ਸੁਖਚੈਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਮੁਹੱਲਾ ਵਾਸੀ ਹਾਜ਼ਰ ਸਨ।

## ਵਧੀਆ ਕਾਰਗੁਜ਼ਾਰੀ ਨਿਭਾਉਣ ਵਾਲੇ ਅਧਿਆਪਕ ਸਨਮਾਨਤ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਹਰੇਕ ਵਿਅਕਤੀ ਦੀ ਜ਼ਿੰਦਗੀ ਵਿੱਚ ਅਧਿਆਪਕ ਦਾ ਅਹਿਮ ਰੋਲ ਹੁੰਦਾ ਹੈ ਤੇ ਜਿਹੜੇ ਅਧਿਆਪਕ ਆਪਣੇ ਅਧਿਆਪਨ ਨੂੰ ਇੱਕ ਕਿੱਤੇ ਦੀ ਬਜਾਏ ਇੱਕ ਮਿਸ਼ਨ ਤਹਿਤ ਸੇਵਾ ਭਾਵਨਾ ਵਜੋਂ ਸੇਵਾਵਾਂ ਨਿਭਾਉਂਦੇ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਯਾਦ ਕੀਤਾ ਜਾਂਦਾ ਹੈ, ਜਿਸ ਤਰ੍ਹਾਂ ਅਧਿਆਪਕ ਦਿਵਸ ਮੌਕੇ ਅੱਜ ਸਵਰਗੀ ਮਾਸਟਰ ਇੰਦਰ ਸਿੰਘ ਜੀ ਨੂੰ ਯਾਦ ਕੀਤਾ ਜਾ ਰਿਹਾ ਹੈ।

ਇਸ ਗੱਲ ਦਾ ਪ੍ਰਗਟਾਵਾ ਪਿੰਡ ਜੋਧਪੁਰ ਵਿਖੇ ਉਘੇ ਸਮਾਜਸੇਵੀ ਤੇ ਸੀਨੀਅਰ ਪੱਤਰਕਾਰ ਬਲਦੇਵ ਰਾਜ ਸ਼ਰਮਾ ਨੇ ਮਾਸਟਰ ਇੰਦਰ ਸਿੰਘ ਜੀ ਯਾਦਗਾਰੀ ਸੋਸਾਇਟੀ ਵੱਲੋਂ ਕਰਵਾਏ ਸਮਾਗਮ ਦੌਰਾਨ ਆਪਣੇ ਸੰਬੋਧਨ ਦੌਰਾਨ ਕੀਤਾ। ਅਧਿਆਪਨ ਨੂੰ ਇੱਕ ਮਿਸ਼ਨ ਵਜੋਂ ਨਿਭਾਉਣ ਵਾਲੇ ਅਧਿਆਪਕ ਮਾਸਟਰ ਇੰਦਰ ਸਿੰਘ ਮਹਿਰੋਕ ਦੀ ਯਾਦ ਨੂੰ ਤਾਜ਼ਾ ਕਰਦਿਆਂ ਜਸਬੀਰ ਸਿੰਘ ਕੰਬੋਜ (ਪੱਤਰਕਾਰ) ਤੇ ਮਲਕੀਤ ਸਿੰਘ ਮਹਿਰੋਕ ਸਮੂਹ ਪਰਿਵਾਰ ਵੱਲੋਂ ਕਰਵਾਏ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਬੁਲਾਰਿਆਂ ਨੇ ਚੰਗੇ ਅਧਿਆਪਕ ਦੇ ਗੁਣ ਤੇ ਅਧਿਆਪਨ ਦੇ ਖੇਤਰ ਵਿੱਚ ਦਰਪੇਸ਼ ਆ ਰਹੀਆਂ ਚੁਣੌਤੀਆਂ ਬਾਰੇ ਆਪਣੇ ਵਿਚਾਰ ਰੱਖੇ। ਇਸ ਮੌਕੇ ਇਲਾਕੇ ਵਿੱਚ ਵਧੀਆ ਸੇਵਾਵਾਂ ਨਿਭਾਅ ਰਹੇ ਰੁਬੀਨਾ ਚੋਪੜਾ ਪ੍ਰਿੰਸੀਪਲ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ (ਸਕੂਲ ਆਫ ਐਮੀਨੈਂਸ) ਮਮਦੋਟ, ਜਸਵਿੰਦਰ ਸਿੰਘ ਬਲਾਕ ਸਿੱਖਿਆ ਅਫਸਰ ਮਮਦੋਟ, ਮਾਸਟਰ ਚਰਨ ਸਿੰਘ ਹੈੱਡ ਮਾਸਟਰ ਸਰਕਾਰੀ ਹਾਈ ਸਕੂਲ ਕੜ੍ਹਮਾ, ਰਮਨ ਸ਼ਰਮਾ ਤੇ ਵਰੁਣ ਧਵਨ ਅਧਿਆਪਕ ਸਰਕਾਰੀ ਹਾਈ ਸਕੂਲ ਕੜ੍ਹਮਾ, ਉੱਘੇ ਕਾਲਮ ਨਵੀਸ ਤੇ ਲੇਖਿਕਾ ਜਸਵਿੰਦਰ ਕੌਰ ਅਧਿਆਪਕਾ, ਅਧਿਆਪਕ ਹਰਵਿੰਦਰ ਸਿੰਘ, ਰਜਨੀਸ਼ ਸਰ ਤੇ ਸਮੂਹ ਅਧਿਆਪਕ ਸਰਕਾਰੀ ਮਿਡਲ ਸਕੂਲ ਜੋਧਪੁਰ, ਸਮੂਹ ਸਟਾਫ ਸਰਕਾਰੀ ਪ੍ਰਾਇਮਰੀ ਸਕੂਲ ਜੋਧਪੁਰ, ਰਾਜੀਵ ਧਵਨ ਤੇ ਸਮੂਹ ਸਟਾਫ ਸਰਕਾਰੀ ਪ੍ਰਾਇਮਰੀ ਸਕੂਲ ਕੜ੍ਹਮਾ, ਜਸਬੀਰ ਸਿੰਘ ਚੇਅਰਮੈਨ ਸਕੂਲ ਮੈਨਜਮੈਂਟ ਕਮੇਟੀ, ਰਵਿੰਦਰ ਸਿੰਘ ਕਾਲਾ ਪ੍ਰਧਾਨ ਤੇ ਸਮੂਹ ਅਹੁਦੇਦਾਰ ਤੇ ਮੈਂਬਰ ਸਹਿਬਾਨ ਪ੍ਰੈੱਸ ਕਲੱਬ ਮਮਦੋਟ ਰਜਿ:, ਦਲਜੀਤ ਸਿੰਘ ਬਾਬਾ ਤੇ ਸਮੂਹ ਟੀਮ ਆਮ ਆਦਮੀ ਪਾਰਟੀ ਮਮਦੋਟ, ਬਾਬਾ ਦਰਸ਼ਨ ਸਿੰਘ ਜੀ ਤੇ ਪ੍ਰਨੀਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜੋਗਿੰਦਰ ਸਿੰਘ ਭੋਲ, ਸੀਨੀਅਰ ਮੀਤ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ, ਹਰਪ੍ਰੀਤ ਸਿੰਘ ਹੈਪੀ, ਨਿਸ਼ਾਨ ਸਿੰਘ, ਗੁਰਪ੍ਰੀਤ ਸਿੰਘ, ਸੰਜੀਵ ਮਦਾਨ, ਬਲਜੀਤ ਸਿੰਘ, ਸੰਦੀਪ ਕੁਮਾਰ ਦੀਪ ਸੋਨੀ, ਨਿਰਮਲ ਸਿੰਘ ਫਿਰੋਜ਼ਪੁਰ, ਸੰਪੂਰਨ ਸਿੰਘ ਮਮਦੋਟ, ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਵਿਖੇ ਪ੍ਰਤਿਭਾ ਖੋਜ ਮੁਕਾਬਲੇ ਕਰਵਾਏ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੈਸ਼ਨ 2024-25 ਦੀ ਸ਼ੁਰੂਆਤ ਮੌਕੇ ਪ੍ਰਭਾਵਸ਼ਾਲੀ ਸਵਾਗਤੀ ਸਮਾਰੋਹ ਦੌਰਾਨ ਵਿਦਿਆਰਥੀਆਂ ਦੀ ਪ੍ਰਤਿਭਾ ਖੋਜ ਮੁਕਾਬਲੇ ਆਯੋਜਤ ਕਰਕੇ ਉਨ੍ਹਾਂ ਦੇ ਭਵਿੱਖੀ ਕੈਰੀਅਰ ਚੁਣੌਤੀਆਂ ਬਾਰੇ ਵਿਸਥਾਰਪੂਰਵਕ ਚਿੰਤਨ ਦੇ ਉਦੇਸ਼ ਤਹਿਤ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਦੇ ਵਿਸ਼ਾਲ ਪੰਡਾਲ ਵਿੱਚ ਪ੍ਰੋਗਰਾਮ ਸ਼ਾਨੋ ਸ਼ੌਕਤ ਨਾਲ ਆਪਣੀਆਂ ਅਮਿੱਟ ਯਾਦਾਂ ਬਿਖੇਰਦਾ ਹੋਇਆ ਸੰਪੰਨ ਹੋਇਆ।ਸਮਾਰੋਹ ਦੀ ਪ੍ਰਧਾਨਗੀ ਸੰਸਥਾ ਦੇ ਚੇਅਰਮੈਨ ਐੱਸ ਐੱਸ ਚੱਠਾ ਨੇ ਕਰਦਿਆਂ ਵਿਦਿਆਰਥੀਆਂ ਦੇ ਹਰ ਸੁਪਨੇ ਨੂੰ ਪੂਰਾ ਕਰਨ ਦੀ ਵੱਚਨਬੱਧਤਾ ਦੁਹਰਾਈ। ਉਨ੍ਹਾ ਕਿਹਾ ਕਿ ਵਿਦਿਆਰਥੀਆਂ ਲਈ ਪੜ੍ਹਾਈ ਸਮੇਤ ਹਰ ਤਰ੍ਹਾਂ ਦਾ ਢੁੱਕਵਾਂ ਮਾਹੌਲ, ਨਵੀਆਂ ਤਕਨੀਕਾਂ, ਖੇਡ ਸੱਭਿਆਚਾਰ ਤੇ ਨੈਤਿਕ ਗੁਣਾਂ ਸਮੇਤ ਅਗਾਂਹਵਧੂ ਵਿਚਾਰ ਵਿਵਹਾਰ ਤੋਂ ਇਲਾਵਾ ਸੂਬੇ ਦੇ ਵਾਤਾਵਰਣ ਸੁਰੱਖਿਆ, ਪਾਣੀ ਦੀ ਦੁਰਵਰਤੋਂ ਨੂੰ ਰੋਕਣ ਤੇ ਸਮਾਜਸੇਵਾ ਨੂੰ ਪਹਿਲ ਦੇ ਕੇ ਨਰੋਈ ਨੌਜਵਾਨੀ ਦੀ ਸਿਰਜਣਾ ਕਰਨ ਨੂੰ ਮੁੱਖ ਤਰਜੀਹਾਂ ਦੱਸਿਆ।ਪ੍ਰਿੰਸੀਪਲ ਡਾ. ਜਗਵਿੰਦਰ ਸਿੰਘ ਨੇ ਵਿਦਿਆਰਥੀਆਂ ਲਈ ਸਵਾਗਤੀ ਸ਼ਬਦ ਬੋਲਦਿਆਂ ਉਨ੍ਹਾਂ ਦੇ ਰੌਸ਼ਨ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਤੇ ਜਸਵਿੰਦਰ ਸਿੰਘ ਬਰਾੜ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਨਿਸ਼ਾਨਾ ਮਿੱਥਣ ਤੇ ਮਿਹਨਤ ਕਰਨ ਲਈ ਪ੍ਰੇਰਿਆ।ਐੱਮ ਡੀ ਮਨਜੀਤ ਕੌਰ ਚੱਠਾ, ਵਾਈਸ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਤ੍ਰਿਪਾਠੀ, ਪ੍ਰੋ. ਸੰਦੀਪ ਕੌਰ, ਪ੍ਰੋ. ਚਰਨਜੀਤ ਕੌਰ ਨੇ ਵੀ ਵਿਦਿਆਰਥੀਆਂ ਨੂੰ ਵੱਖ ਵੱਖ ਤਰੀਕਿਆਂ ਨਾਲ ਨੈਤਿਕ ਗੁਣਾਂ ਦਾ ਪਾਠ ਪੜ੍ਹਾਇਆ।ਸਮਾਰੋਹ ਦੌਰਾਨ ਲੋਕ ਗੀਤ, ਕਵਿਤਾ, ਸੋਲੋ ਡਾਂਸ, ਗਰੁੱਪ ਡਾਂਸ ਤੇ ਪਾਣੀ ਬਚਾਉਣ ਲਈ ਕੋਰੀਓਗ੍ਰਾਫੀ ਦੀ ਬਾਖੂਬੀ ਪੇਸ਼ਕਾਰੀ ਵਿਦਿਆਰਥੀਆਂ ਵੱਲੋਂ ਦਿੱਤੀ ਗਈ। ਇਸ ਮੌਕੇ ਮੰਚ ਸੰਚਾਲਨ ਪ੍ਰੋ. ਕ੍ਰਿਸ਼ਨ ਸਿੰਘ ਤੇ ਪ੍ਰੋ. ਸੋਨੀਆ ਨੇ ਬਾਖੂਬੀ ਕੀਤਾ।ਇਸ ਮੌਕੇ ਵੱਖ ਵੱਖ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਜੱਜਮੈਂਟ ਦੀ ਭੂਮਿਕਾ ਪ੍ਰੋ. ਹਰਜੀਤ ਕੌਰ, ਪ੍ਰੋ. ਸੁਖਬੀਰ ਸਿੰਘ, ਪ੍ਰੋ. ਰੋਬਿਨ ਮੰਗਲਾ, ਡਾ. ਗੁਰਵਿੰਦਰ ਸਿੰਘ, ਪ੍ਰੋ. ਜਸਪ੍ਰੀਤ ਕੌਰ, ਪ੍ਰੋ. ਸੁਖਪ੍ਰੀਤ ਕੌਰ ਨੇ ਨਿਭਾਈ।ਇਸ ਮੌਕੇ ਕਾਮਰਸ ਵਿਭਾਗ ਮੁਖੀ ਪ੍ਰੋ. ਅਨੀਤਾ ਗਰਗ, ਸਾਇੰਸ ਵਿਭਾਗ ਮੁਖੀ ਪ੍ਰੋ. ਕਰਮਜੀਤ ਕੌਰ ਮੰਡੀ ਕਲਾਂ, ਪ੍ਰੋ. ਮਨਦੀਪ ਕੌਰ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀ ਸ਼ਾਮਲ ਹੋਏ।

## ...ਸਫ਼ਾ 1 ਦੇ ਬਾਕੀ

### ਸੰਘ ਪਰਵਾਰ ਦੀ ਮਨਸ਼ਾ...

ਚੌਧਰੀ, ਪ੍ਰੇਮ ਲਤਾ ਮਲੋਟ ਨੇ ਵੀ ਸੰਬੋਧਨ ਕੀਤਾ। ਹਰਪ੍ਰੀਤ ਕੌਰ ਭਾਗਸਰ ਨੇ ਇਨਕਲਾਬੀ ਕਵਿਤਾ ਪੇਸ਼ ਕੀਤੀ।

ਇਸ ਮੌਕੇ ਸੰਤੋਸ਼ ਚਾਵਲਾ, ਸ਼ੀਲਾ ਮਨਚੰਦਾ, ਸੁਰਿੰਦਰ ਕੌਰ, ਸੁਖਜਿੰਦਰ ਕੌਰ ਥਾਂਦੇਵਾਲਾ, ਪੂਨਮ, ਰੁਪਿੰਦਰ ਕੌਰ ਔਲਖ ਅਤੇ ਰਵਿੰਦਰ ਕੌਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਸਰਬਸੰਮਤੀ ਨਾਲ ਦਿੱਲੀ ਵਿਖੇ 12 ਸਤੰਬਰ ਨੂੰ ਭਾਰਤੀ ਮਹਿਲਾ ਫੈਡਰੇਸ਼ਨ ਵੱਲੋਂ ਕੀਤੀ ਜਾ ਰਹੀ ਕਨਵੈਨਸ਼ਨ ਵਿੱਚ ਭਾਗ ਲੈਣ ਦਾ ਫੈਸਲਾ ਕੀਤਾ ਗਿਆ।

### ਪਹਿਲੀ ਸੂਚੀ ਤੋਂ ਬਾਅਦ...

ਚੋਣ ਟਿਕਟ ਨਾ ਦਿੱਤੇ ਜਾਣ ਤੋਂ ਬਾਅਦ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਐਲਾਨ ਕੀਤਾ ਕਿ ਉਹ ਰਾਣੀਆ ਵਿਧਾਨ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਚੌਟਾਲਾ ਨੇ ਹਾਲਾਂਕਿ ਕਿਹਾ ਕਿ ਭਾਜਪਾ ਨੇ ਡੱਬਵਾਲੀ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਦੀ ਪੇਸ਼ਕਸ਼ ਕੀਤੀ ਸੀ, ਪਰ ਉਨ੍ਹਾ ਠੁਕਰਾ ਦਿੱਤੀ। ਚੌਟਾਲਾ ਨੇ ਕਿਹਾ ਕਿ ਭਾਵੇਂ ਉਹ ਕਿਸੇ ਹੋਰ ਪਾਰਟੀ ਤੋਂ ਚੋਣ ਲੜਨ ਜਾਂ ਆਜ਼ਾਦ ਉਮੀਦਵਾਰ ਵਜੋਂ, ਉਹ ਰਾਣੀਆ ਤੋਂ ਹੀ ਚੋਣ ਲੜਨਗੇ।

ਗੁਰੂਗ੍ਰਾਮ ਜ਼ਿਲ੍ਹੇ 'ਚ ਭਾਜਪਾ ਵਪਾਰ ਸੈੱਲ ਦੇ ਸੂਬਾ ਕਨਵੀਨਰ ਨਵੀਨ ਗੋਇਲ ਅਤੇ ਉਨ੍ਹਾ ਦੇ ਵੱਡੇ ਭਰਾ ਤੇ ਭਾਜਪਾ ਐੱਨ ਜੀ ਓ ਸੈੱਲ ਦੇ ਸੂਬਾ ਸਹਿ-ਕਨਵੀਨਰ ਡੀ ਪੀ ਗੋਇਲ ਨੇ ਆਪਣੇ ਸਮਰਥਕਾਂ ਸਮੇਤ ਪਾਰਟੀ ਤੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਨਵੀਨ ਨੇ ਕਿਹਾ ਕਿ ਉਹ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ।


**VALLABH STEELS LIMITED**

**Regd. Off.**: G.T. Road, Village Pawa, Sahnewal, Ludhiana-141 120 (Punjab), India,
CIN: L27109PB1980PLC004327 Tel.:+91-161-2511413, Fax: +91-161-2511414,
**E-mail: fin.ho@vallabhgroup.com website: www.vallabhsteelsltd.in**

**NOTICE OF 44th ANNUAL GENERAL MEETING AND E VOTING PROCEDURES**

NOTICE IS HEREBY GIVEN THAT the 44th Annual General Meeting ('AGM') of members of VALLABH STEELS LIMITED will be held on Monday, 30th September, 2024 at 10.00 A.M. at the Registered office of the Company at G.T. Road, Village Pawa, Sahnewal, Ludhiana-141 120, Punjab to transact businesses as detailed in the Notice dated 05th September, 2024 of AGM. The Company has sent electronic copies of Annual Report for the financial year 2023-24, Notice of the 44th AGM and Attendance slip to those members who have registered their e-mail addresses. Electronic copy of Annual Report for the financial year 2023-24 and Notice for 44th AGM are also available on the Company's website www.vallabhsteelsltd.in. The Company has completed the despatch of physical copies of these documents to all other members at their registered address in the permitted mode. The e-communication/despatch of the same has been completed on Thursday, 05th September, 2024.

In compliance with the provisions of Section 108 and other applicable provisions of the Companies Act, 2013 read with Rule 20 of the Companies (Management and Administration) Rules, 2014 as amended and Regulation 44 of SEBI (Listing Obligations and Disclosure Requirements) Regulations, 2015, the Company is pleased to provide facility to its members holding shares either in physical or dematerialized form as on Monday, 23rd September, 2024, to exercise their right to vote on resolutions proposed to be considered at AGM by electronic means, through E-Voting platform provided by National Securities Depository Limited (NSDL). Members are requested to follow the instructions of e-voting. The e-voting period for the Agenda set forth for the AGM shall commence from Friday, 27th September, 2024 at 9.00 a.m. (IST) and end on Sunday, 29th September, 2024 at 5.00 p.m. (IST). The Members cannot exercise e-voting on the resolutions after 5:00 P.M. (IST) on 29.09.2024.

For instructions and manner of remote e-voting including Login ID and Password for remote e-voting, kindly refer to the notes section in the notice of AGM.

The facility for voting through ballot paper shall be made available at the AGM to the members who have not cast their vote through remote e-voting and are present at the AGM. Members who have cast their vote through remote e-voting prior to AGM may attend the AGM but shall not be entitled to vote again at the AGM.

The Company has appointed Mr. Jatin Singal, Practicing Company Secretary (Proprietor of M/s. Jatin Singal & Associates, Ludhiana) as 'Scrutinizer' for conducting the E-voting process in a fair and transparent manner. The Scrutinizer will submit his report to the company and the result of voting by way of electronic means /or through Ballot Paper will be declared on or after the AGM of the Company. The result will also be posted on the Company's website www.vallabhsteelsltd.in. In case of any query or grievance, you may refer to the Frequently Asked Questions (FAQ) and remote e-voting manual available at www.evoting.nsdl.com or call on toll free no. 1800-222-990.

For Vallabh Steels Limited
Sd/-
(Kapil Kumar Jain)
Director

Place : Ludhiana
Dated : 05-09-2024



**Capital Small Finance Bank Ltd.**

MIDAS Corporate Park, 3rd Floor, 37, G.T. Road, Jalandhar-144001, Punjab, India

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ**

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 13.08.2024 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਚ ਐੱਲ 'ਚ ਕਰਜ਼ਦਾਰ) : ਸ੍ਰੀ ਗੁਰਨਾਮ ਸਿੰਘ ਪੁੱਤਰ ਸ੍ਰੀ ਗਿਆਨ ਸਿੰਘ ਵਾਸੀ ਮਕਾਨ ਨੰ. 1483, ਗਲੀ ਨੰ. 2, ਜਸਵਾਲ ਕਾਲੋਨੀ, ਕੈਲਾਸ਼ ਨਗਰ, ਬਸਤੀ ਜੋਧੇਵਾਲ, ਬਜਰਾ, ਲੁਧਿਆਣਾ, ਪੰਜਾਬ-141007
2. (ਐੱਚ ਐੱਲ 'ਚ ਕਰਜ਼ਦਾਰ) : ਸ੍ਰੀਮਤੀ ਕੁਲਦੀਪ ਕੌਰ ਪਤਨੀ ਗੁਰਨਾਮ ਸਿੰਘ ਵਾਸੀ ਮਕਾਨ ਨੰ. 1256, ਵਾਲਮੀਕਿ ਨਗਰ, ਬਜਰਾ, ਲੁਧਿਆਣਾ, ਪੰਜਾਬ-141007
3. (ਐੱਚ ਐੱਲ 'ਚ ਗਰੰਟਰ) : ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਅਵਤਾਰ ਸਿੰਘ ਵਾਸੀ ਮਕਾਨ ਨੰ. 3027, ਗਲੀ ਨੰ. 6, ਨੇੜੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਗੁਰਦੁਆਰਾ, ਸ਼ਿਮਲਾ ਕਾਲੋਨੀ, ਪਿੰਡ ਕਾਕੋਵਾਲ, ਲੁਧਿਆਣਾ, ਪੰਜਾਬ-141007
4. (ਐੱਚ ਐੱਲ 'ਚ ਗਰੰਟਰ) : ਸ੍ਰੀ ਪ੍ਰਦੀਪ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਵਾਸੀ ਮਕਾਨ ਨੰ. 1483, ਗਲੀ ਨੰ. 2, ਜਸਵਾਲ ਕਾਲੋਨੀ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (01.08.2024 ਬਿਨਾਂ ਵਿਆਜ) |
|---|---|---|
| HL/104611000009 | Rs. 9,45,000/- | Rs. 10,79,739.50 |

**ਗਹਿਣੇ ਰੱਖੀ ਗਈ ਅਚੱਲ ਜਾਇਦਾਦ ਦਾ ਵੇਰਵਾ** : ਸਮੁੱਚੀ ਜਾਇਦਾਦ ਮਿਣਤੀ 60 ਵਰਗ ਗਜ਼ ਜੋ ਮਕਾਨ ਨੰ. 1438 ਪਿੰਡ ਤਰਫ ਗਹਿਲੇਵਾਲ ਵਿਖੇ ਹੈ। ਹਦਬਸਤ ਨੰ. 166 ਆਬਾਦੀ ਲਕਸ਼ਮੀ ਕਾਲੋਨੀ, ਗਲੀ ਨੰ. 2, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਸ੍ਰੀਮਤੀ ਕੁਲਦੀਪ ਕੌਰ ਪਤਨੀ ਗੁਰਨਾਮ ਸਿੰਘ ਦੀ ਸੇਲ ਡੀਡ ਦਸਤਾਵੇਜ਼ ਨੰ. 2019-20/106/1/23692 ਮਿਤੀ 22.01.2020 ਦੇ ਰਾਹੀਂ ਮਲਕੀਅਤ ਹੈ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਸੁੰਦਰ ਨਗਰ, ਲੁਧਿਆਣਾ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ।

(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲੱਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 09.08.2024 | ਸਥਾਨ : ਜਲੰਧਰ | (ਅਧਿਕਾਰਤ ਅਫਸਰ)


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

6-SEP-PAGE-3.qxd 9/5/2024 10:29 PM Page 1



# ਮੰਗਾਂ ਨੂੰ ਲੈ ਕੇ ਜੂਨੀਅਰ ਇੰਜੀਨੀਅਰਾਂ ਵੱਲੋਂ ਪੰਜਾਬ ਸਰਕਾਰ ਤੇ ਪਾਵਰਕਾਮ ਖ਼ਿਲਾਫ਼ ਰੋਸ ਰੈਲੀ



**ਗੁਰਦਾਸਪੁਰ, (ਜਨਕ ਮਹਾਜਨ)**-ਪਾਵਰਕਾਮ ਦੇ ਸਮੂਹ ਪਾਵਰ ਜੂਨੀਅਰ ਇੰਜੀਨੀਅਰਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਪਾਵਰਕਾਮ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਉਕਤ ਆਗੂਆਂ ਨੇ ਬੋਲਦਿਆਂ ਕਿਹਾ ਕਿ ਪਾਵਰ ਜੂਨੀਅਰ ਇੰਜੀਨੀਅਰ 24 ਘੰਟੇ ਡਿਊਟੀ 'ਤੇ ਹਾਜ਼ਰ ਰਹਿ ਕੇ ਨਿਰਵਿਘਨ ਬਿਜਲੀ ਸਪਲਾਈ ਬਹਾਲ ਰੱਖ ਰਹੇ ਹਨ। ਇਸ ਕੰਮ ਲਈ ਨਾ ਮਾਤਰ ਸਟਾਫ਼ ਹੋਣ ਕਰਕੇ ਨਿੱਜੀ ਜੇਬ ਵਿਚੋਂ ਪੈਸੇ ਖਰਚ ਕੇ ਪ੍ਰਾਈਵੇਟ ਲੇਬਰ ਰਾਹੀਂ ਕੰਮ ਕਰਵਾਇਆ ਜਾ ਰਿਹਾ ਹੈ ਪਰੰਤੂ ਨਾ ਪੰਜਾਬ ਸਰਕਾਰ ਅਤੇ ਨਾ ਹੀ ਪਾਵਰਕਾਮ ਮੈਨੇਜਮੈਂਟ ਇਸ ਪਾਸੇ ਧਿਆਨ ਦੇ ਰਹੀ ਹੈ। ਇੰਜ. ਜਤਿੰਦਰ ਸ਼ਰਮਾ ਅਤੇ ਇੰਜ. ਵਿਮਲ ਕੁਮਾਰ ਨੇ ਮੰਗ ਕੀਤੀ ਕਿ ਜੇ ਈ ਨੂੰ ਲੈਪਟਾਪ ਮੁੱਹਈਆ ਕਰਵਾਏ ਜਾਣ, ਵਰਕ ਤੋਂ ਰੂਲ ਕਰਨ ਰਾਤ ਨੂੰ, ਬਿਨ ਾਂ ਸਟਾਫ਼ ਦੇ ਲਾਈਨ ਨੂੰ ਚਲਾਉਣ ਲਈ ਮਜ਼ਬੂਰ ਨਾ ਕੀਤਾ ਜਾਵੇ। ਇੰਜ. ਜਗਦੀਸ਼ ਸਿੰਘ ਬਾਜਵਾ ਨੇ ਦੱਸਿਆ ਕਿ ਜ਼ੇ. ਈ. ਦੀ ਪੇਂਡਿੰਗ ਮੰਗਾਂ ਵਿੱਚ ਜ਼ੇ. ਈ. ਦੇ ਸਮਾਂ ਬੱਧ ਸਕੇਲ ਲਾਗੂ ਕਰਨ, ਸਬ ਸਟੇਸ਼ਨ ਤੇ ਕੰਮ ਕਰਦੇ ਜ਼ੇ. ਈਜ. ਨੂੰ ਵੀ 30 ਲੀਟਰ ਪੈਟਰੋਲ ਭੱਤਾ ਦੇਣ, ਸਟਾਫ਼ ਦੀ ਘਾਟ ਦੂਰ ਕਰਨੀ, ਜ਼ੇ. ਈ. ਨੂੰ ਲੈਪਟਾਪ ਦੇਣਾ, ਤਨਖਾਹ ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰਨਾ ਆਦਿ ਸ਼ਾਮਿਲ ਹਨ। ਇਸ ਮੌਕੇ ਸਰਕਲ ਗੁਰਦਾਸਪੁਰ ਦੀ ਰੋਸ ਰੈਲੀ ਸੂਬਾ ਆਗੂ ਇੰਜ. ਜਗਦੀਸ਼ ਸਿੰਘ ਬਾਜਵਾ, ਬਾਰਡਰ ਜ਼ੋਨ ਜਨਰਲ ਸਕੱਤਰ ਇੰਜ. ਵਿਮਲ ਕੁਮਾਰ, ਜ਼ਿਲ੍ਹਾ ਵਰਕਿੰਗ ਕਮੇਟੀ ਆਗੂ ਇੰਜ. ਤਰਸੇਮ ਲਾਲ, ਇੰਜ. ਬਲਦੇਵ ਰਾਜ, ਇੰਜ. ਦਵਿੰਦਰ ਪਰਾਸ਼ਰ, ਇੰਜ. ਨਿਤਿਨ ਸੈਣੀ, ਇੰਜ. ਬਲਵਿੰਦਰ ਸਿੰਘ ਅਤੇ ਮੰਡਲ ਕਮੇਟੀ ਆਗੂ ਚੰਦਰ ਮੋਹਨ ਮਹਾਜਨ, ਸੁਖਦੇਵ ਸਿੰਘ ਕਾਲਾ ਨੰਗਲ, ਇੰਜ. ਜਤਿੰਦਰ ਸਿੰਘ, ਇੰਜ. ਰਜਤ ਸ਼ਰਮਾ, ਇੰਜ. ਕੰਵਲਜੀਤ ਸਿੰਘ, ਇੰਜ. ਪੰਕਜ ਲਹਿਰੀ ਆਦਿ ਹਾਜ਼ਰ ਸਨ। ਇਸ ਦੌਰਾਨ ਇੰਜ: ਵਿਮਲ ਕੁਮਾਰ ਅਤੇ ਇੰਜ: ਜਤਿੰਦਰ ਸ਼ਰਮਾ ਨੇ ਸਮੂਹ ਜ਼ੇ. ਈਜ਼ ਨੂੰ 17 ਸਤੰਬਰ ਜ਼ੋਨਲ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਅਪੀਲ ਕੀਤੀ।

# ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਦਾ ਰੋਲ ਨਿਭਾਇਆ ।ਇਸ ਰੋਲ ਨੂੰ ਵਿਦਿਆਰਥੀਆਂ ਨੇ ਬਾਖੂਬੀ ਨਿਭਾਇਆ ਅਤੇ ਉਨ ਾਂ ਨੂੰ ਇਸ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ ।ਕੇਵਲ ਅਧਿਆਪਕ ਹੀ ਇੱਕ ਅਜਿਹਾ ਵਿਅਕਤੀ ਹੈ ਜੋ ਦੂਜਿਆਂ ਨੂੰ ਪੜ ਾ-ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ ਨਾਲ ਉੱਚ ਅਹੁਦਿਆਂ ਤੇ ਵੀ ਪਹੁੰਚਾਉਂਦਾ ਹੈ ਅਤੇ ਜੀਵਨ ਦੇ ਹਰ ਹਨੇਰੇ ਵਿੱਚ ਰੌਸ਼ਨੀ ਦਿਖਾਉਂਦਾ ਹੈ।ਜਦੋਂ ਸਾਰੇ ਰਸਤੇ ਬੰਦ ਹੋ ਜਾਣ ਤਾਂ ਅਧਿਆਪਕ ਹੀ ਵਿਦਿਆਰਥੀਆਂ ਦਾ ਮਾਰਗ ਦਰਸ਼ਕ ਹੁੰਦਾ ਹੈ।ਜੋ ਉਨ ਾਂ ਨੂੰ ਕਿਤਾਬੀ ਪੜ ਾਈ ਦੇ ਨਾਲ-ਨਾਲ ਚੰਗਾ ਵਿਅਕਤੀ ਬਣਾਉਣਾ ਵੀ ਸਿਖਾਉਂਦਾ ਹੈ।ਇਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਉਨ ਾਂ ਨੇ ਆਪਣੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੇ ਮੌਕੇ ਤੇ ਵਧਾਈ ਦਿੱਤੀ ਤੇ ਆਪਣੇ ਹੱਥਾਂ ਨਾਲ ਟੀਚਰ ਡੇ ਤੇ ਕਾਰਡ ਬਣਾ ਕੇ ਦਿੱਤੇ, ਜਿਸ ਵਿੱਚ ਸ਼ਰਨਜੀਤ ਕੌਰ, ਗੁਰਲੀਨ ਕੌਰ, ਗੁਰਲੀਨ ਪ੍ਰੀਤ ਕੌਰ, ਜੈਸਮੀਨ ਕੌਰ, ਏਕਮਪ੍ਰੀਤ ਕੌਰ, ਰੂਬਪਾਲ ਕੌਰ, ਮਹਿਕਪ੍ਰੀਤ ਕੌਰ, ਬਲਟੇਕ ਸਿੰਘ, ਤਾਜਪ੍ਰੀਤ ਸਿੰਘ, ਇੰਦਰਜੀਤ ਸਿੰਘ, ਅਨਮੋਲ ਪ੍ਰੀਤ ਸਿੰਘ, ਅੰਮ੍ਰਿਤ ਪਾਲ ਸਿੰਘ ਅਤੇ ਜੰਬਰ ਸਿੰਘ ਨੇ ਵੱਖੋ ਵੱਖਰੇ ਅਧਿਆਪਕਾਂ ਦਾ ਰੋਲ ਨਿਭਾਇਆ। ਇਸ ਮੌਕੇ ਸਕੂਲ ਦੇ ਪ੍ਰਿੰ. ਸੁਰਜੀਤ ਸਿੰਘ ਭਰੋਵਾਲ ਨੇ ਸਾਰੇ ਅਧਿਆਪਕਾਂ ਨੂੰ ਇਸ ਦਿਵਸ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਨੇ ਕਿਹਾ ਕਿ ਇੱਕ ਅਧਿਆਪਕ ਹੀ ਹੈ ਜੋ ਆਪਣੇ ਵਿਦਿਆਰਥੀਆਂ ਨੂੰ ਉੱਚੇ ਅਹੁਦੇ ਤੇ ਵੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ 'ਚ 75ਵੇਂ ਜ਼ਿਲ੍ਹਾ ਪੱਧਰੀ ਕਿੱਕ ਬਾਕਸਿੰਗ ਮੁਕਾਬਲੇ ਕਰਵਾਏ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਸਿੱਖਿਆ ਵਿਭਾਗ ਪੰਜਾਬ ਦੁਆਰਾ ਵਿਦਿਆਰਥੀਆਂ ਦੀਆਂ ਕਰਵਾਈਆਂ ਜਾ ਰਹੀਆਂ 75ਵੀਆਂ ਸਕੂਲ਼ ਖੇਡਾਂ ਦੌਰਾਨ ਕਿੱਕ ਬਾਕਸਿੰਗ ਦੇ ਮੁਕਾਬਲੇ ਕਰਵਾਏ ਗਏ। ਇਸ ਬਾਬਤ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਇਨ ਾਂ ਖੇਡਾਂ ਦੀ ਆਰੰਭਤਾ ਵਿਜੇ ਕੁਮਾਰ ਲੈਕਚਰਾਰ, ਕਰਮਜੀਤ ਸਿੰਘ, ਗੁਰਿੰਦਰਜੀਤ ਸਿੰਘ ਅਤੇ ਸੰਸਥਾ ਦੇ ਪ੍ਰਧਾਨ ਰਣਜੀਤ ਕੌਰ ਵੱਲੋਂ ਕਰਵਾਈ ਗਈ। ਇਨ ਾਂ ਮੁਕਾਬਲਿਆਂ ਵਿੱਚ ਜ਼ਿਲੇ ਦੇ 20 ਸਕੂਲਾਂ ਦੇ 150 ਵਿਦਿਆਰਥੀਆਂ ਨੇ ਭਾਗ ਲਿਆ। ਇਨ ਾਂ ਮੁਕਾਬਲਿਆਂ ਦਾ ਸਮੁੱਚਾ ਪ੍ਰਬੰਧ ਜੀ. ਜੀ. ਐੱਸ ਬਾਕਸਿੰਗ ਕਲੱਬ ਬਖਤਪੁਰ ਦੇ ਖਿਡਾਰੀਆਂ ਨੇ ਸਕੂਲ ਪ੍ਰਬੰਧਕਾਂ ਅਤੇ ਮਾਰਸ਼ਲ ਆਰਟਸ ਕੋਚ ਵਰਿਆਮ ਸਿੰਘ, ਨਵਤੇਜ ਸਿੰਘ ਅਤੇ ਮੈਡਮ ਹਰਪ੍ਰੀਤ ਕੌਰ ਦੀ ਨਿਗਰਾਨੀ ਹੇਠ ਅਨੁਸ਼ਾਸ਼ਨ ਵਿੱਚ ਰਹਿ ਕੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਇਨ ਾਂ ਦੋ ਰੋਜ਼ਾ ਮੁਕਾਬਲਿਆਂ ਵਿੱਚੋਂ ਅੰਡਰ-4 ਉਮਰ ਵਰਗ ਵਿੱਚ ਯੂਰੋ ਕਿਡਜ਼ ਸਕੂਲ ਗੁਰਦਾਸਪੁਰ ਨੇ ਪਹਿਲਾ ਸਥਾਨ, ਸ਼ੇਟ ਵਾਰੀਅਰਜ਼ ਸਕੂਲ਼ ਕਾਦੀਆਂ ਨੇ ਦੂਜਾ ਅਤੇ ਸਟਾਲਵਾਟ ਇੰਟਰਨੈਸ਼ਨਲ ਸਕੂਲ਼ ਨੇ ਤੀਜਾ; ਅੰਡਰ -17 ਉਮਰ ਵਰਗ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਹਿ ਸਿੰਘ ਸਕੂਲ ਨੇ ਪਹਿਲਾ, ਰੈਂਕਰਜ਼ ਇੰਟਰਨੈਸ਼ਨਲ ਸਕੂਲ਼ ਕੋਟ ਧੰਦਲ ਨੇ ਦੂਜਾ ਅਤੇ ਸੇਂਟ ਵਾਰੀਅਰਜ਼ ਸਕੂਲ਼ ਕਾਦੀਆਂ ਨੇ ਤੀਜਾ; ਅੰਡਰ-19 ਉਮਰ ਵਰਗ ਵਿੱਚ ਸੇਂਟ ਵਾਰੀਅਰਜ਼ ਸਕੂਲ਼ ਕਾਦੀਆਂ ਨੇ ਪਹਿਲਾ, ਪੰਡਿਤ ਮੋਹਨ ਲਾਲ ਐੱਸ. ਡੀ. ਕਾਲਜ਼ ਨੇ ਦੂਜਾ ਅਤੇ ਰੈਂਕਰਜ਼ ਇੰਟਰਨੈਸ਼ਨਲ ਸਕੂਲ਼ ਕੋਟ ਧੰਦਲ ਨੇ ਤੀਜਾ ਸਥਾਂਨ ਪ੍ਰਾਪਤ ਕੀਤਾ। ਇਨਾਮ ਵੰਡ ਸਮਾਗਮ ਦੌਰਾਨ ਵਿਜੇ ਕੁਮਾਰ ਲੈਕਚਰਾਰ, ਕਰਮਜੀਤ ਸਿੰਘ, ਗੁਰਿੰਦਰਜੀਤ ਸਿੰਘ ਨੇ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਏ ਜੇਤੂ ਵਿਦਿਆਰਥੀਆਂ ਨੂੰ ਕ੍ਰਮਵਾਰ ਸੋਨੇ, ਚਾਂਦੀ ਅਤੇ ਕਾਂਸੇ ਦੇ ਤਮਗੇ ਤਕਸੀਮ ਕੀਤੇ ਗਏ। ਅੰਪਾਇਰਜ਼ ਦੀ ਡਿਊਟੀ ਗੁਰਪ੍ਰੀਤ ਕੌਰ, ਮਨਜੀਤ ਕੌਰ, ਤਾਨੀਆਂ ਅਤੇ ਅਭੇਦੀਪ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਸਕੂਲ ਦੇ ਡਾ: ਮਹਿੰਦਰਪਾਲ ਸਿੰਘ ਕਲੇਰ, ਸੰਤੋਖ ਸਿੰਘ ਚਾਹਲ, ਹਾਕੀ ਕੋਚ ਤਰਸੇਮ ਸਿੰਘ ਅਤੇ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਤਾ ਪਿਤਾ ਵੀ ਹਾਜ਼ਰ ਸਨ।

# ਹਰਜਿੰਦਰ ਸਿੰਘ ਕਲਸੀ ਨੇ ਜ਼ਿਲ੍ਹਾ ਲੋਕ ਸੰਪਰਕ ਅਫਸਰ ਵਜੋਂ ਅਹੁਦਾ ਸੰਭਾਲਿਆ



**ਬਟਾਲਾ (ਡਾ. ਮਲਵਿੰਦਰ ਸਿੰਘ)**-ਹਰਜਿੰਦਰ ਸਿੰਘ ਕਲਸੀ ਨੇ ਜ਼ਿਲ ਾ ਲੋਕ ਸੰਪਰਕ ਅਫਸਰ ਗੁਰਦਾਸਪੁਰ (ਡੀਪੀਆਰਓ) ਦਾ ਅਹੁਦਾ ਸੰਭਾਲ ਲਿਆ ਹੈ।ਹਰਜਿੰਦਰ ਸਿੰਘ ਕਲਸੀ ਇਸ ਤੋਂ ਪਹਿਲਾਂ ਵੀ ਕਰੀਬ ਸੱਤ ਸਾਲ ਗਰਦਾਸਪੁਰ ਵਿਖੇ ਸੇਵਾਵਾਂ ਨਿਭਾ ਚੁੱਕੇ ਹਨ।ਪੰਜਾਬ ਸਰਕਾਰ ਵੱਲੋ ਬੀਤੇ ਦਿਨ ਕੀਤੇ ਗਏ ਜ਼ਿਲ ਾ ਲੋਕ ਸੰਪਰਕ ਅਫਸਰਾਂ ਦੇ ਤਬਾਦਲਿਆਂ ਤਹਿਤ ਉਨ ਾਂ ਨੂੰ ਬਟਾਲਾ ਦੇ ਨਾਲ ਗੁਰਦਾਸਪੁਰ ਡੀਪੀਆਰਓ ਦਾ ਵੀ ਵਾਧੂ ਚਾਰਜ ਦਿੱਤਾ ਗਿਆ ਹੈ।ਗੁਰਦਾਸਪੁਰ ਵਿਖੇ ਚਾਰਜ ਲੈਣ ਤੋਂ ਬਾਅਦ ਪੱਤਰਕਾਰ ਸਾਥੀਆਂ ਨਾਲ ਗੱਲਬਾਤ ਕਰਦਿਆਂ ਡੀਪੀਆਰਓ ਕਲਸੀ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਕੰਮ ਕਰਨਗੇ।ਜ਼ਿਲਾ ਲੋਕ ਸੰਪਰਕ ਅਫਸਰ ਦਾ ਅਹੁਦਾ ਸੰਭਾਲਣ ਮੌਕੇ ਪੱਤਰਕਾਰ ਸਾਥੀਆਂ ਤੋਂ ਇਲਾਵਾ ਆਪ ਪਾਰਟੀ ਦੇ ਸੀਨੀਅਰ ਆਗੂ ਭਾਰਤ ਭੂਸ਼ਣ ਚੇਅਰਮੈਨ ਮਾਰਕੀਟ ਕਮੇਟੀ ਗੁਰਦਾਸਪੁਰ, ਜਤਿੰਦਰ ਸਿੰਘ ਪੱਪਾ, ਨੀਰਜ ਸਲਹੋਤਰਾ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਗੁਰਦਾਸਪੁਰ, ਸੁਧੀਰ ਮਹਾਜਨ ਸਾਬਕਾ ਐੱਮਸੀ, ਗੁਰਭੇਜ ਸਿੰਘ, ਮਲਕੀਤ ਸਿੰਘ ਸੈਣੀ, ਕਰਮਜੀਤ ਸਿੰਘ ਸੈਣੀ, ਪਰਮਜੀਤ ਸਿੰਘ ਕਲਸੀ ਜ਼ਿਲਾ ਭਾਸ਼ਾ ਅਫਸਰ, ਪਰਮਿੰਦਰ ਸਿੰਘ ਸੈਣੀ ਜ਼ਿਲਾ ਗਾਈਡੈਂਸ ਕਾਊਂਸਲਰ, ਲੈਕਚਰਾਰ ਡਾ. ਸਰਦੂਲ ਸਿੰਘ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ ਔਲਖ, ਸੁਰਿੰਦਰ ਸਿੰਘ ਔਲਖ ਅਤੇ ਦਫਤਰ ਦਾ ਸਮੂਹ ਸਟਾਫ਼ ਵੀ ਹਾਜ਼ਰ ਸੀ।

# ਬੱਸ ਦੀ ਟੱਕਰ ਵੱਜਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ, ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਬੱਸ ਦੀ ਫੇਟ ਵੱਜਣ ਨਾਲ ਮੋਟਰਸਾਈਕਲ ਚਾਲਕ ਦੀ ਮੌਤ ਹੋ ਜਾਣ 'ਤੇ ਥਾਣਾ ਕਾਹਨੂੰਵਾਨ ਪੁਲਸ ਨੇ ਬੱਸ ਚਾਲਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਘੂਬੀਰ ਸਿੰਘ ਪੁੱਤਰ ਬਚਨ ਸਿੰਘ ਵਾਸੀ ਸਿੱਧਵਾ ਥਾਣਾ ਤਿੱਬੜ ਨੇ ਦੱਸਿਆ ਕਿ 3 ਸਤੰਬਰ ਨੂੰ ਸਾਡੇ ਪਿੰਡ ਦਾ ਸਰਪੰਚ ਰਸ਼ਪਾਲ ਸਿੰਘ ਪੁੱਤਰ ਚੰਦੂ ਰਾਮ ਆਪਣੇ ਪੋਤਰੇ ਹਰਪ੍ਰੀਤ ਸਿੰਘ (10) ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਟਾਲਾ ਤੋਂ ਆਪਣੇ ਘਰ ਨੂੰ ਆ ਰਹੇ ਸੀ ਤਾਂ ਸ਼ਾਮ 4 ਵਜੇ ਦੇ ਕਰੀਬ ਜਦ ਉਹ ਪਿੰਡ ਕਾਲਾ ਬਾਲਾ ਦੇ ਸ਼ਮਸ਼ਾਨਘਾਟ ਨੇੜੇ ਪੁੱਜੇ ਤਾਂ ਸਠਿਆਲੀ ਸਾਇਡ ਤੋਂ ਇੱਕ ਬੱਸ ਤੇਜ਼ ਰਫਤਾਰ ਨਾਲ ਆਈ ਜਿਸ ਨੂੰ ਦਲਜੀਤ ਸਿੰਘ ਚਲਾ ਰਿਹਾ ਸੀ, ਨੇ ਬੱਸ ਗਲਤ ਸਾਈਡ ਤੋਂ ਲਾਪ੍ਰਵਾਹੀ ਨਾਲ ਚਲਾ ਕੇ ਰਸ਼ਪਾਲ ਸਿੰਘ ਦੇ ਮੋਟਰਸਾਈਕਲ ਵਿੱਚ ਮਾਰ ਦਿੱਤੀ ਜਿਸ ਨਾਲ ਰਸ਼ਪਾਲ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਰਸ਼ਪਾਲ ਸਿੰਘ ਦੇ ਪੋਤਰੇ ਦੇ ਵੀ ਕਾਫੀ ਸੱਟਾਂ ਲੱਗੀਆਂ ਹਨ। ਇਸ ਹਾਦਸੇ ਵਿਚ ਮੋਟਰਸਾਈਕਲ ਦਾ ਵੀ ਟੁੱਟ ਭੱਜ ਗਿਆ ਹੈ। ਥਾਣਾ ਕਾਹਨੂੰਵਾਨ ਪੁਲਿਸ ਨੇ ਉਕਤ ਬੱਸ ਚਾਲਕ ਖ਼ਿਲਾਫ਼ ਜ਼ੇਰੇ ਧਾਰਾ 106, 281, 125 ਏ, 125 ਬੀ, 324 (4) ਬੀ.ਐਨ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ

# ਨਾਗਰਿਕ ਸਹੂਲਤਾਂ ਦੇ ਮੱਦੇਨਜ਼ਰ ਐੱਨ ਓ ਸੀ ਦਾ ਖ਼ਾਤਮਾ ਪੰਜਾਬ ਸਰਕਾਰ ਦਾ ਕ੍ਰਾਂਤੀਕਾਰੀ ਕਦਮ : ਬੰਦੇਸ਼ਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਿਕ ਸੂਬਾਈ ਮੈਂਬਰ ਤੇ ਪੰਜਾਬ ਬੁਲਾਰਾ ਆਮ ਆਦਮੀ ਪਾਰਟੀ ਜਸਕਰਨ ਬੰਦੇਸ਼ਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਲੋਂ ਲੋਕ ਹਿਤਾਂ ਨੂੰ ਸੁਰੱਖਿਅਤ ਰੱਖਦਿਆਂ ਸਾਬਕਾ ਸਰਕਾਰਾਂ ਦੀ ਕਥਿਤ ਨਲਾਇਕੀ ਕਾਰਣ ਹੁਣ ਤੱਕ ਹੱਕ ਹਲਾਲ ਤੇ ਮਿਹਨਤ ਦੀ ਕਮਾਈ ਨਾਲ ਨਜਾਇਜ਼ ਕਾਲੋਨੀਆਂ ਚ 500 ਗਜ਼ ਤੱਕ ਦੇ ਪਲਾਟਾਂ ਦੇ ਘਰ ਬਣਾ ਕੇ ਸਰਕਾਰੀ ਸਹੂਲਤਾਂ ਲਈ ਖੱਜਲ ਖ਼ਰਾਬੀ ਸਹਿ ਰਹੇ ਕਰੋੜਾਂ ਲੋਕਾਂ ਨੂੰ 500 ਗਜ਼ ਤੱਕ ਪਲਾਟਾਂ ਲਈ ਐੱਨ ਓ ਸੀ ਦੀ ਸ਼ਰਤ ਦਾ ਭੋਗ ਪਾਏ ਜਾਣ ਦਾ ਪਾਰਟੀ ਵਲੋਂ ਸੁਆਗਤ ਕੀਤਾ ਅਤੇ ਕਿਹਾ ਕਿ 600 ਯੂਨਿਟ ਤਕ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਸਪਲਾਈ, ਆਮ ਆਦਮੀ ਸਿਹਤ ਕਲੀਨਕਾਂ ਤੋਂ ਲੱਖਾਂ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਇਲਾਜ, ਮੁਫ਼ਤ ਸਿਹਤ ਲੈਬੋਟਰੀ ਟੈਸਟ, ਮਿਆਰੀ ਸਿੱਖਿਆ ਲਈ ਐਮੀਨੈਂਸ ਸਕੂਲਾਂ ਦੀ ਵਿਵਸਥਾ ਸਮੇਤ ਅਨੇਕਾਂ ਦਿੱਤੀਆਂ ਸੁੱਖ ਸਹੂਲਤਾਂ ਵਾਂਗ ਵੱਡਾ ਨਾਗਰਿਕ ਸੁੱਖ ਸਹੂਲਤਾਂ ਲਈ ਚੋਣ ਗਰੰਟੀ ਪੂਰੀ ਕਰਨ ਵੱਲ ਕ੍ਰਾਂਤੀਕਾਰੀ ਕਦਮ ਹੈ।

ਗੱਲਬਾਤ ਦੌਰਾਨ ਸੂਬਾ ਬੁਲਾਰੇ ਜਸਕਰਨ ਬੰਦੇਸ਼ਾ ਨੇ ਕਿਹਾ ਕਿ ਸਾਬਕਾ ਕਾਂਗਰਸ ਤੇ ਅਕਾਲੀ ਸਰਕਾਰਾਂ ਵਲੋਂ ਬਿਲਡਰਾਂ ਕੋਲੋ ਭਰਿਸ਼ਟ ਤਰੀਕੇ ਨਾਲ ਕਥਿਤ ਮਿਲੀ ਭੁਗਤ 'ਚ ਵੱਡੀਆਂ ਰਕਮਾਂ ਵਸੂਲ ਕੇ ਨਜ਼ਾਇਜ਼ ਕਾਲੋਨੀਆਂ ਉਸਾਰਨ ਦੀ ਖੁੱਲ ਦਿੱਤੀ ਅਤੇ ਅਜਿਹੀਆਂ 14 ਹਜ਼ਾਰ ਨਜਾਇਜ਼ ਕਾਲੋਨੀਆਂ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਉਸਾਰੀਆਂ ਗਈਆਂ ਅਤੇ ਮਿਹਨਤ ਦੀ ਕਮਾਈ ਨਾਲ ਘਰ ਉਸਾਰੀ ਲਈ ਘਰ ਵਸਾਉਣ ਦਾ ਸੁਪਨਾ ਵੇਖ ਗਰੀਬ ਤੇ ਮੱਧ ਵਰਗੀ ਕਰੋੜਾਂ ਲੋਕਾਂ ਗੁੰਮਰਾਹ ਕਰਕੇ ਪਲਾਟ ਵੇਚ ਕੇ ਬਿਲਡਰਾਂ ਨੇ ਸਿਆਸੀ ਸਰਪ੍ਰਸਤੀ 'ਚ ਕਥਿਤ ਤੌਰ ਤੇ ਲੋਕਾਂ ਨਾਲ ਧ੍ਰੋਹ ਕਮਾਇਆ।ਗੈਰ-ਕਾਨੂੰਨੀ ਕਲੋਨੀਆਂ ਦੀ ਸੋਧ ਲਈ ਵਿਧਾਨ ਸਭਾ 'ਚ ਮਾਨ ਸਰਕਾਰ ਵਲੋਂ ਪਾਸ ਕੀਤੇ ਬਿੱਲ ਦਾ ਪਾਰਟੀ ਵਲੋਂ ਸਵਾਗਤ ਕਰਦਿਆਂ ਉਹਨਾਂ ਨੇ ਸਪਸ਼ਟ ਕੀਤਾ ਕਿ ਗੈਰ ਕਾਨੂੰਨੀ ਕਾਲੋਨੀਆਂ ਤੇ ਮਾਨ ਸਰਕਾਰ ਸ਼ਿਕੰਜਾ ਕੱਸੇਗੀ ਅਤੇ ਸੋਧ ਦੀ ਉਲੰਘਣਾ ਕਰਨ ਵਾਲੇ ਕਸੂਰਵਾਰ ਲੋਕਾਂ ਨੂੰ ਕਾਨੂੰਨੀ ਸਜ਼ਾ ਤਹਿਤ ਘੱਟ ਤੋਂ ਘੱਟ 25 ਲੱਖ ਅਤੇ ਵੱਧ ਤੋਂ ਵੱਧ 5 ਕਰੋੜ ਰੁਪਏ ਤਕ ਜੁਰਮਾਨਾ ਤੋਂ ਇਲਾਵਾ 5 ਸਾਲ ਤੋਂ ਲੈ ਕੇ 10 ਸਾਲ ਤੱਕ ਕੈਦ ਦੀ ਸਜ਼ਾ ਭੁਗਤਣੀ ਪਵੇਗੀ। ਉਨ ਾਂ ਕਿਹਾ ਕਿ ਗੈਰ-ਕਾਨੂੰਨੀ ਕਾਲੋਨੀ ਸੋਧ ਬਿੱਲ ਪਾਸ ਹੋਣ ਨਾਲ ਗੈਰ-ਕਾਨੂੰਨੀ ਕਾਲੋਨੀਆਂ ਦਾ ਪੱਕਾ ਹੱਲ ਹੋ ਗਿਆ ਹੈ ਅਤੇ ਭਵਿੱਖ ਚ ਕੋਈ ਵੀ ਵਿਅਕਤੀ ਗੈਰ ਕਾਲੋਨੀਆਂ ਦੇ ਬਿਲਡਰਾਂ ਹਥੋ ਲੁੱਟ ਖਸੁੱਟ ਦਾ ਸ਼ਿਕਾਰ ਨਹੀਂ ਹੋਵੇਗਾ। ਉਨ ਾਂ ਦਾਅਵਾ ਕੀਤਾ ਕਿ ਭਗਵੰਤ ਮਾਨ ਸਰਕਾਰ ਆਪਣੀਆਂ ਚੋਣ ਗਾਰੰਟੀਆਂ ਲਾਗੂ ਕਰਨ ਲਈ ਵਚਨਬੱਧ ਹੈ ਔਰਤਾਂ ਦੇ ਖਾਤਿਆਂ ਚ ਹਰੇਕ ਮਹੀਨੇ 1100=1100 ਰੁਪਏ ਪਾਉਣ ਸਮੇਤ ਰਹਿੰਦੀਆਂ ਸਾਰੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਜਾਣਗੀਆਂ।

# ਸੋਨੇ ਦਾ ਕੰਗਣ ਉਤਾਰ ਕੇ ਫ਼ਰਾਰ ਹੋਣ ਵਾਲੇ ਅਣਪਛਾਤੇ ਲੁਟੇਰਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਦੋ ਨਾ-ਮਾਲੂਮ ਔਰਤਾਂ ਅਤੇ ਇਕ ਵਿਅਕਤੀ ਖ਼ਿਲਾਫ਼ ਸੋਨੇ ਦਾ ਕੰਗਣ ਉਤਾਰ ਕੇ ਫਰਾਰ ਹੋਣ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਗੁਰਪ੍ਰੀਤ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਜੀ. ਟੀ. ਰੋਡ ਮੰਡੀ ਗੁਰਦਾਸਪੁਰ ਨੇ ਦੱਸਿਆ ਕਿ ਮਿਤੀ 18 ਅਗਸਤ ਨੂੰ ਮੈਂ ਅਤੇ ਮੇਰੀ ਮਾਤਾ ਮਨਜੀਤ ਕੌਰ ਉਮਰ ਕਰੀਬ 73 ਸਾਲ ਰੋਜ਼ਾਨਾ ਦੀ ਤਰ ਾਂ ਮੁਹੱਲੇ ਵਿੱਚ ਬਣੇ ਗੁਰਦੁਆਰਾ ਸਾਹਿਬ ਤੋਂ ਮੱਥਾ ਟੇਕ ਕੇ ਘਰ ਵਾਪਸ ਆ ਰਹੇ ਸੀ ਕਿ ਸਵੇਰੇ 7 ਵਜੇ ਕਰੀਬ ਜਦ ਉਹ ਘਰ ਦੇ ਗੇਟ ਨਜ਼ਦੀਕ ਪੁੱਜੇ ਤਾਂ ਮਗਰੋਂ ਇੱਕ ਚਿੱਟੇ ਰੰਗ ਦੀ ਸਵਿਫਟ ਕਾਰ ਆਈ ਜਿਸ ਨੂੰ ਇੱਕ ਨਾ-ਮਾਲੂਮ ਨੌਜਵਾਨ ਚਲਾ ਰਿਹਾ ਸੀ ਅਤੇ ਕਾਰ ਦੀ ਪਿਛਲੀ ਸੀਟ 'ਤੇ ਦੋ ਅਣਪਛਾਤੀਆਂ ਔਰਤਾਂ ਬੈਠੀਆਂ ਸਨ ਜਿਨ ਾਂ ਨੇ ਗੱਡੀ ਰੋਕ ਕੇ ਸ਼ੀਸ਼ੇ ਥੱਲੇ ਕਰਕੇ ਮੇਰੀ ਮਾਤਾ ਨੂੰ ਜੱਫੀ ਪਾ ਕੇ ਕਿਹਾ ਕਿ ਭੈਣ ਜੀ ਤੁਸੀਂ ਮੈਨੂੰ ਪਹਿਚਾਣਿਆ ਨਹੀਂ ਤਾਂ ਏਨੇ ਨੂੰ ਦੂਸਰੀ ਔਰਤ ਮਾਤਾ ਦਾ ਕੰਗਣ ਉਤਾਰ ਕੇ ਲੈ ਗਈ ਅਤੇ ਗੱਡੀ ਵਿੱਚ ਬੈਠ ਕੇ ਫਰਾਰ ਹੋ ਗਏ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਇਸ ਘਟਨਾ ਦੀ ਜਾਂਚ ਪੜਤਾਲ ਕਰਨ ਤੋਂ ਬਾਅਦ ਦੋ ਅਣਪਛਾਤੀਆਂ ਔਰਤਾਂ ਅਤੇ ਇਕ ਵਿਅਕਤੀ ਖ਼ਿਲਾਫ਼ ਜ਼ੇਰੇ ਧਾਰਾ 302 ਬੀ. ਐੱਨ. ਐੱਸ. ਤਹਿਤ ਮਾਮਲਾ ਦਰਜ ਕਰਕੇ ਉਕਤ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।


DISTANCE EDUCATION
Bridging the Distance in Education
Recognized by UGC
NAAC GRADE A++

University Grants Commission (UGC - DEB) ਦੁਆਰਾ ਮਾਨਤਾ ਪ੍ਰਾਪਤ

ਨਿੱਜੀ ਸੰਪਰਕ ਪ੍ਰੋਗਰਾਮ ਲਈ ਰਜਿਸਟਰੇਸ਼ਨ ਸ਼ੁਰੂ

LPU ਡਿਸਟੈਂਸ ਐਜੂਕੇਸ਼ਨ ਦੇ ਜੁਲਾਈ 2024 ਸੈਸ਼ਨ ਦੇ ਮੌਜੂਦਾ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਿੱਤੇ ਗਏ ਸੈਸ਼ਨ ਦੀਆਂ ਨਿੱਜੀ ਸੰਪਰਕ ਪ੍ਰੋਗਰਾਮ (Personal Contact Programme) ਕਲਾਸਾਂ ਲਈ ਰਜਿਸਟਰੇਸ਼ਨ ਸ਼ੁਰੂ ਹੋ ਗਈ ਹੈ| PCP ਲਈ LPU e-Connect ਰਾਹੀਂ ਰਜਿਸਟਰ ਕੀਤਾ ਜਾ ਸਕਦਾ ਹੈ:

LPU e-Connect --> PCP --> PCP Registration

PCP ਲਈ ਰਜਿਸਟਰ ਕਰਨ ਦੀ ਆਖ਼ਰੀ ਮਿਤੀ 06 ਅਕਤੂਬਰ 2024 ਹੈ।

Visit www.lpude.in Call: 01824-521360


# ਇਨਵੈਸਟੀਚਰ ਸੈਰਾਮਨੀ ਅਧੀਨ ਨਵੀਂ ਵਿਦਿਆਰਥੀ ਕੌਂਸਲ ਦੀ ਚੋਣ ਹੋਈ




**ਝਬਾਲ (ਹਰਜਿਮਦਰ ਸਿੰਘ ਸੋਨੀ)**-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ ਅੱਜ ਮਿਤੀ 3 ਸਤੰਬਰ, ਦਿਨ ਮੰਗਲਵਾਰ ਨੂੰ ਸਕੂਲ ਵਿੱਚ ਇਨਵੈਸਟੀਚਰ ਸੈਰਾਮਨੀ ਦੇ ਅਧੀਨ ਨਵੀਂ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ ਜਿਸ ਵਿੱਚ ਬਾਰ ਵੀਂ ਜਮਾਤ ਦੇ ਵਿਦਿਆਰਥੀ ਸਿਮਰਨਜੀਤ ਸਿੰਘ ਨੂੰ ਹੈੱਡ ਬੁਆਏ ਅਤੇ ਲਵਲੀਨ ਕੌਰ ਨੂੰ ਹੈੱਡ ਗਰਲ, ਗਿਆਰ ਵੀਂ ਜਮਾਤ ਦੇ ਵਿਦਿਆਰਥੀ ਗੁਰਨੂਰ ਸਿੰਘ ਨੂੰ ਵਾਈਸ ਹੈੱਡ ਬੁਆਏ ਅਤੇ ਇਮਨਾਜ਼ ਕੌਰ ਨੂੰ ਵਾਈਸ ਹੈੱਡ ਗਰਲ ਨਿਯੁਕਤ ਕੀਤਾ ਗਿਆ।ਇਸ ਤੋਂ ਇਲਾਵਾ ਹਾਊਸ ਕੈਪਟਨ ਅਤੇ 36 ਮੈਂਬਰੀ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ ।ਵਿਦਿਆਰਥੀਆਂ ਦੁਆਰਾ ਤਨਦੇਹੀ ਨਾਲ ਸਕੂਲ ਅਤੇ ਸਮਾਜ ਪ੍ਰਤੀ ਜਿੰਮੇਵਾਰੀਆਂ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਕੋਲੋਂ ਸਹੁੰ ਲਈ ਗਈ। ਸਕੂਲ ਦੇ ਅਧਿਆਪਕ ਮੈਡਮ ਅਮਰਦੀਪ ਕੌਰ ਨੇ ਆਪਣੇ ਭਾਸ਼ਣ ਰਾਹੀਂ ਇਨ ਾਂ ਵਿਦਿਆਰਥੀਆਂ ਨੂੰ ਇਨ ਾਂ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਇਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰਸੀਪਲ ਅਨੂਰੀਤ ਬਾਵਾ ਨੇ ਇਨ ਾਂ ਚੁਣੇ ਹੋਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੇ ਕੰਮ ਪ੍ਰਤੀ ਵਫ਼ਾਦਾਰੀ ਦਿਖਾਉਂਦਿਆਂ ਸਕੂਲ ਅਤੇ ਸਮਾਜ ਪ੍ਰਤੀ ਬਣਦੀਆਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਨੂੰ ਸਹੀ ਸੇਧ ਪ੍ਰਦਾਨ ਕੀਤੀ ਜਾ ਸਕੇ। ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# 'ਕੋਟੇ' ਤੋਂ ਭੱਜਣ ਵਾਲੇ ਸਕੂਲਾਂ ਦੀ ਕਰਵਾਈ ਜਾਵੇਗੀ ਮਾਨਤਾ ਰੱਦ : ਗਿੱਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਆਰਥਿਕ ਤੌਰ 'ਤੇ ਗਰੀਬ ਮਾਪਿਆਂ ਦੇ ਬੱਚਿਆਂ ਨੂੰ ਹੁਣ ਪ੍ਰਾਈਵੇਟ ਸਕੂਲਾਂ 'ਚ 25% ਕੋਟੇ ਦੀਆਂ ਰਾਖਵੀਂਆਂ ਸੀਟਾਂ ਤੇ ਪ੍ਰੀਨਰਸਰੀ ਤੋਂ ਲੈਕੇ 8ਵੀਂ ਤੱਕ ਮੁਫਤ ਦਾਖਲੇ ਲੈ ਕੇ ਪੜ ਾਈ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।ਇਸ ਗੱਲ ਦੀ ਪੁਸ਼ਟੀ ਜਨਹਿੱਤ ਯਾਚਿਕਾ ਦਾਇਰ ਕਰਨ ਵਾਲੇ ਪਟੀਸ਼ਨਰ ਸਤਨਾਮ ਸਿੰਘ ਗਿੱਲ ਪ੍ਰਧਾਨ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਨੇ ਅੱਜ ਇਥੇ ਕੀਤੀ ਹੈ।ਚੇਤੇ ਰਹੇ ਕਿ ਉਹ ਇਥੋਂ ਮਾਣਯੋਗ ਸੁਪਰੀਮ ਕੋਰਟ ਦੁਆਰਾ ਮਹਾਰਾਸ਼ਟਰ ਸਰਕਾਰ ਵੱਲੋ ਬੰਬੇ ਹਾਈ ਕੋਰਟ 'ਚ ਦਾਇਰ ਕੀਤੀ ਪਟੀਸ਼ਨ ਜਿਸ ਨੂੰ ਖਾਰਜ ਕੀਤਾ ਕਰਦੇ ਹੋਏ 25% ਕੋਟੇ ਦੀਆਂ ਸੀਟਾਂ ਦੀ ਬਹਾਲੀ ਦਾ ਫੈਂਸਲਾ ਸੁਣਾਇਆ ਹੈ, ਦੇ ਦੂਸਰੇ ਪੜਾਅ 'ਚ ਦੇਸ਼ ਦੀ ਸਿਖਰਲੀ ਅਦਾਲਤ ਨੇ ਮਹਾਰਾਸ਼ਟਰ ਸਰਕਾਰ ਨੂੰ ਝੱਟਕਾ ਦਿੰਦਿਆਂ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਬਹਾਲ ਰੱਖਣ ਦਾ ਇਤਿਹਾਸਕ ਫੱਤਵਾ ਦੇਕੇ ਪੰਜਾਬ, ਕੇਰਲ, ਤੇਲੰਗਾਨਾ ਅਤੇ ਮਹਾਰਾਸ਼ਟਰ ਸਰਕਾਰ ਨੂੰ ਹਲੂਣਾ ਦਿੱਤਾ ਹੈ।25% ਕੋਟੇ ਦੀਆਂ ਸੀਟਾਂ ਦੀ ਬਹਾਲੀ ਲਈ ਕਨੂੰਨੀ ਪੱਧਰ ਤੇ ਚਾਰਾਜੋਈ ਕਰਦੇ ਆ ਰਹੇ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦੇ 3 ਮੈਂਬਰਾਂ ਅਧਾਰਿਤ ਬੈਂਚ ਨੇ ਸਿੱਖਿਆ ਦਾ ਅਧਿਕਾਰ ਕਨੂੰਨ 2009 ਦੇ ਹੱਕ 'ਚ ਫੱਤਵਾ ਦਿੰਦੇ ਹੋਏ ਸੂਬਾਈ ਸਰਕਾਰਾਂ ਨੇ ਕੌਮੀ ਬਿੱਲ 'ਚ ਕਥਿਤ ਤੌਰ 'ਤੇ ਕੀਤੀ ਗਈ ਸੋਧ ਨੂੰ ਰੱਦ ਕਰ ਦਿੱਤਾ ਹੈ।ਹੁਣ ਅੰਗਰੇਜ਼ੀ ਸਕੂਲ 'ਚ ਕੋਟੇ ਤਹਿਤ ਦਾਖਲਾ ਲੈਣ ਲਈ ਸਰਕਾਰੀ ਸਕੂਲ ਤੋਂ ਐੱਨਓਸੀ ਲੈਣ ਦੀ ਬੇਲੋੜੀ ਰੱਖੀ ਗਈ ਸ਼ਰਤ ਖ਼ਤਮ ਹੋ ਗਈ ਹੈ।ਉਨ ਾਂ ਨੇ ਦੱਸਿਆਂ ਕਿ ਉੱਚ ਨਿਆਂਪਲਿਕਾ ਦੇ ਫੈਂਸਲੇ ਅਧਾਰਿਤ ਘੱਟ ਗਿਣਤੀ ਲੋਕ ਭਲਾਈ ਸੰਸਥਾ ਤਰਫੋਂ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਅਤੇ ਰਾਜਪਾਲ ਪੰਜਾਬ ਨੂੰ ਪਰੈਜ਼ੈਂਟੇਸ਼ਨ ਦੇ ਕੇ ਮੰਗ ਕੀਤੀ ਹੈ ਕਿ ਪੰਜਾਬ ਦੇ 24 ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਨਿਰਦੇਸ਼ ਕੀਤੇ ਜਾਣ ਕਿ ਜ਼ਿਲੇ ਵਿਚਲੇ ਸਕੂਲਾਂ 'ਚ ਕੋਟੇ ਤਹਿਤ ਦਾਖਲੇ ਨੂੰ ਯਕੀਨੀ ਬਣਾਨ ਲਈ ਸੰਭਵ ਯਤਨ ਕੀਤੇ ਜਾਣ।ਇੱਕ ਸਵਾਲ ਦੇ ਜਵਾਬ 'ਚ ਗਿੱਲ ਨੇ ਕਿਹ ਕਿ ਜੋ ਸਕੂਲ ਕੋਟੇ ਤੋਂ ਭੱਜੇਗਾ ਉਸ ਦੀ ਮਾਨਤਾ ਰੱਦ ਕਰਵਾਈ ਜਾਵੇਗੀ।

# ਨੰਦੇੜ ਦੀ ਸੰਗਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੱਕ ਨਗਰ ਕੀਰਤਨ ਸਜਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁ: ਬਾਬਾ ਭੁਜੰਗ ਸਿੰਘ ਸ਼ਹੀਦ ਚੈਰੀਟੇਬਲ ਟਰੱਸਟ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵੱਲੋਂ ਗਿਆਰਾਂ ਰੋਜ਼ਾ, ਧਾਰਮਿਕ ਰੇਲ ਯਾਤਰਾ ਦੇ ਆਖਰੀ ਪੜਾ ਅਤੇ ਵਾਪਸੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਬੁੱਢਾ ਦਲ ਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ ਪਿਆਰਿਆਂ, ਨਿਸ਼ਾਨਚੀਆਂ, ਨਿਗਾਰਚੀਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਵਿਸ਼ੇਸ਼ ਨਗਰ ਕੀਰਤਨ ਵਿਚ ਸਿੰਘ ਸਾਹਿਬ ਗਿ. ਰਘੁਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿ. ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਸ. ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ, ਸਿੰਘ ਸਾਹਿਬ ਗਿ. ਗੁਰਮੀਤ ਸਿੰਘ, ਸੰਤ ਬਾਬਾ ਸੁਲੱਖਣ ਸਿੰਘ ਪੰਜਵੜ ਵੱਲੋਂ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਅਤੇ ਆਪਣੀ ਸ਼ੁਭ ਇਛਾਵਾਂ ਭੇਟ ਕਰਦਿਆਂ ਉਨ ਾਂ ਯਾਤਰਾ ਦੀ ਸਫਲ ਸਪੰਨ ਹੋਣ ਅਤੇ ਆਪਣੇ ਮੁੜ ਨਿੰਜ ਅਸਥਾਨ ਹਜ਼ੂਰ ਸਾਹਿਬ ਨੰਦੇੜ ਪੁੱਜਣ ਦੀ ਕਾਮਨਾ ਕੀਤੀ। ਨਗਰ ਕੀਰਤਨ ਵਿੱਚ ਬੁੱਢਾ ਦਲ ਵੱਲੋਂ ਸੱਜੇ ਹਾਥੀ, ਘੋੜੇ ਅਤੇ ਗੁਰੂ ਮਹਾਰਾਜ ਦੇ ਗੱਦੀ ਵਾਲੇ ਘੋੜੈ ਦੀ ਅੰਸ਼ ਵੰਸ਼ ਦੇ ਹਜ਼ੂਰ ਸਾਹਿਬ ਤੋਂ ਪੁਜੇ ਤਿੰਨ ਘੋੜੇ ਵੀ ਵਿਸ਼ੇਸ਼ ਤੇ ਸ਼ਾਮਲ ਸਨ। ਨਰਸਿੰਙਿਆਂ, ਸੰਖਾਂ, ਬੈਂਡ ਵਾਜਿਆਂ ਦੀ ਮਾਧੁਰ ਧੁੰਨਾਂ ਵਿੱਚ ਗੱਤਕਾ ਦੇ ਜੌਹਰ ਵਿਖਾਉਂਦੇ ਨਿਹੰਗ ਸਿੰਘ ਮਰਾਠੀ ਧੁੰਨਾਂ ਵਾਲਾ ਸ਼ਬਦੀ ਜਥਾ ਤੋਂ ਇਲਾਵਾਂ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਨਗਰ ਕੀਰਤਨ ਵਿੱਚ ਸ਼ਾਮਲ ਹੋਈਆਂ। ਗੁ: ਮੱਲ ਅਖਾੜਾ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਹੱਲਾ ਮੱਲਾ ਅਰੰਭ ਹੋਇਆ, ਜਿਸ ਵਿੱਚ ਸ਼ਸਤਰਾਂ ਨਾਲ ਲੈਸ ਹੋ ਕੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਖਾਲਸਾਈ ਜੈਕਾਰਿਆਂ ਨਾਲ ਸਿੰਘਾਂ ਨੇ ਹੱਲਾ ਕਰਨ ਦੀ ਸ਼ਕਲ ਵਿੱਚ ਦੋੜ ਕੇ ਚੌਂਕ ਅਕਾਲੀ ਫੂਲਾ ਸਿੰਘ ਤੋਂ ਹੱਲਾ ਸਥਾਨ ਚੌਂਕ ਬੱਸ ਸਟੈਂਡ ਤੀਕ ਪੁੱਜਾ। ਉਪਰੰਤ ਪਾਲਕੀ ਸਮੇਤ ਸਮੁੱਚੀ ਰੇਲਵੇ ਸਟੇਸ਼ਨ ਤੀਕ ਪੁਜੀ। ਇਸ ਸਪੈਸ਼ਲ ਰੇਲ ਯਾਤਰਾ ਅੰਮ੍ਰਿਤਸਰ ਤੋਂ ਹਜ਼ੂਰ ਸਾਹਿਬ ਲਈ ਰਵਾਨਾ ਹੋਈ।

ਯਾਤਰਾ ਦੇ ਇੰਚਾਰਜ਼ ਅਤੇ ਟਰੱਸਟ ਦੇ ਪ੍ਰਧਾਨ ਸ. ਰਵਿੰਦਰ ਸਿੰਘ ਬੁੰਗਈ ਨੇ ਵਿਸ਼ੇਸ਼ ਤੌਰ ਤੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ, ਸੰਤ ਬਾਬਾ ਸੁਲੱਖਣ ਸਿੰਘ ਪੰਜਵੜ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਨੰਦੇੜ ਤੋਂ ਆਈ ਸੰਗਤ ਦੀ ਆਓ ਭਗਤ ਟਹਿਲ ਸੇਵਾ ਲਈ ਜੋ ਉਪਰਾਲੇ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ ਨੇ ਕੀਤੇ। ਉਸ ਲਈ ਅਸੀ ਦਿਲੋਂ ਸ਼ੁਕਰਗੁਜਾਰ ਤੇ ਧੰਨਵਾਦੀ ਹਾਂ।


**E-AUCTION – HIKE LEATHER PRIVATE LIMITED (IN LIQUIDATION)**
**SALE OF LAND & BUILDING AND SALE OF INVENTORY UNDER THE INSOLVENCY AND BANKRUPTCY CODE, 2016 CIN:U19200PB2007PTC031322**

Notice is hereby given to the public in general under the insolvency and Bankruptcy Code, 2016 and regulations hereunder, that the Process for Sale of Land & Building and Stock of Inventory of Hike Leather Private Limited–(in liquidation) (Corporate Debtor) will be sold by E-auction through the service provider Right2Vote Infotech Private Limited via **https://right2vote.in/eauction/ on "As is where is basis" "As is what is basis" and "Whatever there is basis" and "Without recourse basis".**

| Asset/Location | Reserve Price (INR) | Earnest Money Deposit (INR) | Bid Incremental Value (INR) |
|---|---|---|---|
| LOT 1. Sale of the Entire Land & Building and Structures thereof owned and falling in the Liquidation Estate of Hike Leather Private Limited lying at Mahal & Mauja Nangalkalan, Tahliwal, Tehsil Haroli, District UNA, Himachal Pradesh. AND Sale of Stock of Inventory consisting of Leather & Rubber Shoes both upper and lower portions only and Packing Materials etc. lying at Mahal & Mauja Nangalkalan, Tahliwal, Tehsil Haroli, District UNA, Himachal Pradesh. | Rs. 149.50 Lacs (Rupees One Crore Forty Nine Lacs Fifty Thousand only) | Rs. 14.95 Lacs (Rupees Fourteen Lacs Ninety Five Thousand only) | Rs. 1.00 Lac (Rupees One Lac only) in multiple of each bid |
| LOT 2. Entire Land & Building and Structures thereof owned and falling in the Liquidation Estate of Hike Leather Private Limited lying at Mahal & Mauja Nangalkalan, Tahliwal, Tehsil Haroli, District UNA, Himachal Pradesh. | Rs. 148.00 Lacs (Rupees One Crore Forty Eight Lacs only) | Rs. 14.80 Lacs (Rupees Fourteen Lacs Eighty Thousand only) | Rs. 1.00 Lac (Rupees One Lac only) in multiple of each bid |
| LOT 3. Sale of Stock of Inventory consisting of Leather & Rubber Shoes both upper and lower portions only and Packing Materials etc. lying at Mahal & Mauja Nangalkalan, Tahliwal, Tehsil Haroli, District UNA, Himachal Pradesh. | Rs. 1.50 Lacs (Rupees One Lac Fifty Thousand only) | Rs. 0.15 Lac (Rupees Fifteen Thousand only) | Rs. 0.10 Lac (Rupees Ten Thousand only) in multiple of each bid |

**The priority shall be given to bidder of lot 1 (over other lots), Lot 2 (over Lot 3). Further Lot 3 will be sold separately even bids are not received for Lot 2.**

| | |
|---|---|
| Date & Time of Auction | 4th October, 2024 from 12.00 P.M. to 2.00 P.M. |
| Last Date of Submission of EOI & EMD | 6th September, 2024 to 1st October, 2024 |
| Inspection Date & Time | On or before 28th September, 2024 from 11.00 A.M. to 05.00 P.M. |

Interested Applicants may refer to the Complete E-Auction Process Document containing details terms & conditions of the E-Auction available on **https://right2vote.in/eauction/**. The Liquidator has the right to cancel or extend or modify etc. any of the terms of E-auction at any time. **The Liquidator has the right to reject any bid without assigning any reasons. For any query regarding E-Auction, contact Sh. Jatin Mehra at +91-8146013366 or email at jatinmehraassociates@gmail.com.**

Jatin Mehra, Liquidator-Hike Leather Private Limited, Contact No.: 81460-13366
Reg No. IBBI/IPA-001/IP-P-02010/2020-21/13103
Date: 06.09.2024 Communication Address: 536 to 538, E-Block, Opposite Mehak Park,
Place: Amritsar Ranjit Avenue, Amritsar-143001. Email ID: jatinmehraassociates@gmail.com


# ਜੀਵਨ ਪੈਲੇਸ ਕੋਠੇ ਭੀਮ ਸੈਨ ਵਿਖੇ ਮਹਾਸ਼ਾ ਸਮਾਜ ਦੀ ਅਹਿਮ ਮੀਟਿੰਗ



**ਦੀਨਾਨਗਰ (ਸੰਜੀਵ)**:ਮਹਾਸ਼ਾ ਸਮਾਜ ਦੀ ਇੱਕ ਹੰਗਾਮੀ ਮੀਟਿੰਗ ਜੀਵਨ ਪੈਲੇਸ ਕੋਠੇ ਭੀਮ ਸੈਨ ਦੀਨਾਨਗਰ ਵਿੱਚ ਮਹਾਸ਼ਾ ਏਕਤਾ ਜ਼ਿੰਦਾਬਾਦ ਦੇ ਬੈਨਰ ਹੇਠ ਬਲਾਕ ਪ੍ਰਧਾਨ ਦੀਨਾਨਗਰ ਯੱਗ ਦੱਤ ਸਰਪੰਚ ਆਹਲੂਵਾਲ ਤੇ ਸਿਟੀ ਪ੍ਰਧਾਨ ਦੀਨਾਨਗਰ ਬਲਵਿੰਦਰਤੇ ਪੂਰੀ ਟੀਮ ਦੇ ਸਹਿਯੋਗ ਨਾਲ ਰੱਖੀ ਗਈ ਜਿਸ ਵਿੱਚ ਪੂਰੇ ਪੰਜਾਬ ਵਿਚੋਂ ਮਹਾਸ਼ਾ ਸਮਾਜ ਦੀਆਂ ਧਾਰਮਿਕ ਜਥੇਬੰਦੀਆਂ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵੱਲੋਂ ਸ਼ਿਰਕਤ ਕੀਤੀ ਗਈ। ਮੀਟਿੰਗ ਵਿੱਚ ਮਹਾਸ਼ਾ ਸਮਾਜ ਦੇ ਸਿਨੀਅਰ ਲੋਕਾਂ ਤੋਂ ਇਲਾਵਾ ਮਹਾਸ਼ਾ ਸਮਾਜ ਦੇ ਨਿਧੜਕ ਨੌਜਵਾਨ ਲੋਕਾਂ ਨੇ ਵੀ ਵੱਧ ਚੜ ਕੇ ਹਿੱਸਾ ਲਿਆ। ਵੱਖ-ਵੱਖ ਖੇਤਰਾਂ ਤੋਂ ਆਏ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਇਸ ਗੱਲ ਤੇ ਪੂਰਾ ਜ਼ੋਰ ਦਿੱਤਾ ਕਿ ਮਹਾਸ਼ਾ ਸਮਾਜ ਹੁਣ ਆਪਣੇ ਹੱਕਾਂ ਦੀ ਰਾਖੀ ਕਰਨ ਲਈ ਇਕਜੁੱਟ ਹੈ ਅਤੇ ਰਹੇਗਾ। ਸਮਾਜ ਦੇ ਨੌਜਵਾਨ ਬੱਚਿਤਰ ਸਿੰਘ ਬੀਕਾਜੀ ਜੋ ਸਰਬੱਤ ਦਾ ਭਲਾ ਵੈੱਲਫੇਅਰ ਸੁਸਾਇਟੀ ਦੇ ਮੁੱਖ ਸੇਵਾਦਾਰ ਹਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਹੋ ਕੇ ਸਮਾਜ ਦੀ ਬਿਹਤਰੀ ਲਈ ਕੰਮ ਕਰਨ ਲਈ ਪ੍ਰੇਰਿਤ ਕੀਤਾ। ਮੀਟਿੰਗ ਵਿੱਚ ਮਹਾਸ਼ਾ ਸਮਾਜ ਦੇ ਸੈਂਕੜੇ ਆਗੂ ਹਾਜ਼ਰ ਸਨ।

# ਡੀਪੀਆਈ (ਸੈ:) ਪੰਜਾਬ ਵੱਲੋਂ ਪੜਤਾਲੀਆ ਅਫ਼ਸਰਾਂ ਨੂੰ ਜਾਂਚ ਰਿਪੋਰਟ 'ਚ ਬੇਲੋੜੀਆਂ ਸਿਫਾਰਸ਼ਾਂ ਨਾ ਕਰਨ ਦੇ ਹੁਕਮ

**ਵੇਰਕਾ (ਰਾਣਾ)** ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਨੇ ਇੱਕ ਪੱਤਰ ਮੀਮੋ ਨੰ: 223147 ਲਿਖ ਕੇ ਹਦਾਇਤਾਂ ਦਿੱਤੀਆਂ ਹਨ ਕਿ ਸਮੂਹ ਸਿੱਖਿਆ ਅਫਸਰਾਂ ਪਾਸੋਂ ਸਿਫਾਰਸ਼ ਕਰਨ ਉਪਰੰਤ ਵਿਭਾਗ ਵੱਲੋਂ ਕਰਵਾਈਆਂ ਜਾਂਦੀਆਂ ਮੁੱਢਲੀਆਂ/ਰੈਗੂਲਰ ਪੜਤਾਲਾਂ ਲਈ ਹਰੇਕ ਜ਼ਿਲੇ 'ਚ ਪੜਤਾਲੀਆ ਅਫਸਰਾਂ ਦਾ ਇੱਕ ਪੈਨਲ ਨਿਸ਼ਚਿਤ ਕੀਤਾ ਗਿਆ ਹੈ।ਵਿਭਾਗ ਵੱਲੋਂ ਇਸ ਪੈਨਲ 'ਚ ਦਰਜ ਅਫਸਰਾਂ ਨੂੰ ਸਮੇਂ-ਸਮੇਂ ਮੁੱਢਲੀਆਂ/ਰੈਗੂਲਰ ਪੜਤਾਲਾਂ ਸੌਂਪੀਆਂ ਜਾਂਦੀਆਂ ਹਨ। ਪ੍ਰੰਤੂ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੈਨਲ 'ਚ ਦਰਜ ਇਨ ਾਂ ਅਧਿਕਾਰੀਆਂ ਵੱਲੋਂ ਆਪਣੀ ਪੜਤਾਲ ਦਾ ਸਿੱਟਾ ਕੱਢਦੇ ਸਮੇਂ ਬੇਲੋੜੀਆਂ ਸਿਫਾਰਸ਼ਾਂ ਪੜਤਾਲ ਰਿਪੋਰਟ ਵਿੱਚ ਦਰਜ ਕਰ ਦਿੱਤੀਆਂ ਜਾਂਦੀਆਂ ਹਨ ਜਦੋਂਕਿ ਪੜਤਾਲ ਅਫਸਰ ਦਾ ਕੰਮ ਕੇਵਲ ਇਹ ਦੱਸਣਾ ਹੁੰਦਾ ਹੈ ਕਿ ਸ਼ਿਕਾਇਤ/ਦੋਸ਼ ਸੂਚੀ ਵਿੱਚ ਲੱਗੇ ਦੋਸ਼ ਸਹੀ ਹਨ ਜਾਂ ਨਹੀਂ।ਉਨ ਾਂ ਉਪਰੋਕਤ ਦਰਸਾਈ ਸਥਿਤੀ ਨੂੰ ਸਨਮੁੱਖ ਜ਼ਿਲੇ ਦੇ ਪੈਨਲ 'ਚ ਦਰਜ ਪੜਤਾਲੀਆ ਅਫਸਰਾਂ ਨੂੰ ਸਪਸ਼ਟ ਹਦਾਇਤ ਕਰਨ ਦੇ ਆਦੇਸ਼ ਦਿੱਤੇ ਹਨ ਕਿ ਉਹ ਪੜਤਾਲ ਕਰਦੇ ਸਮੇਂ ਸ਼ਿਕਾਇਤ/ਦੋਸ਼ ਸੂਚੀ @ਚ ਦਰਜ ਦੋਸ਼ ਸਿੱਧ ਹੋਣ ਜਾਂ ਨਾ ਹੋਣ ਬਾਰੇ ਆਪਣੀ ਰਿਪੋਰਟ ਦੇਣ ਅਤੇ ਉਨ ਾਂ ਵੱਲੋਂ ਪੜਤਾਲ ਰਿਪੋਰਟ 'ਚ ਬੇਲੋੜੀਆਂ ਸਿਫਾਰਸ਼ਾਂ ਨਾ ਕੀਤੀਆਂ ਜਾਣ।


**asREC (India) Limited** ਰਜਿ: ਦਫਤਰ : 201/202 ਏ, ਬਿਲਡਿੰਗ ਨੰ: 2, ਸੋਲੀਟੇਅਰ ਕਾਰਪੋਰੇਟ ਪਾਰਕ, ਅੰਧੇਰੀ ਘਾਟਕੋਪਰ ਲਿੰਕ ਰੋਡ, ਚਕਾਲਾ, ਅੰਧੇਰੀ (ਈ) ਮੁੰਬਈ-400093, ਸ਼ਾਖਾ ਦਫਤਰ : 402, ਚੌਥੀ ਮੰਜ਼ਲ, ਅਪਰਾ ਟਾਵਰ, ਐੱਸ ਸੀ ਓ-130-131-132, ਫਿਰੋਜ਼ ਗਾਂਧੀ ਮਾਰਕਿਟ, ਲੁਧਿਆਣਾ, ਪੰਜਾਬ-141001

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਅਤੇ 9 ਨਾਲ ਪੜ੍ਹੇ ਜਾਂਦੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਤਹਿਤ ਈ-ਨਿਲਾਮੀ ਵਿਕਰੀ ਨੋਟਿਸ।**

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ASREC (INDIA) LTD, 'ਕੰਪਨੀ' ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ, ਜਿਨ੍ਹਾਂ ਦਾ ਸਕਿਉਰਡ ਕ੍ਰੈਡਿਟਰ ਵੱਲੋਂ ਕਬਜ਼ਾ ਹਾਸਲ ਕਰ ਲਿਆ ਹੈ, ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਹੈ ਜਿਵੇਂ ਹੈ', 'ਉੱਥੇ ਜੋ ਵੀ ਹੈ' ਅਤੇ 'ਨੋ ਰੀਕੋਰਸ' 'ਤੇ ਜੋਖਮ ਸ਼ਾਮਲ, ਜੇਕਰ ਕੋਈ ਹੈ, ਦੇ ਆਧਾਰ 'ਤੇ ਈ-ਨਿਲਾਮੀ 10.10.2024 ਨੂੰ ਕੀਤੀ ਜਾਵੇਗੀ।

| | |
|---|---|
| ਕਰਜ਼ਦਾਰਾਂ/ ਗਰੰਟਰਾਂ/ ਰਹਿਣਕਾਰਾਂ ਦੇ ਨਾਂਅ ਅਤੇ ਪਤਾ | (1) ਮੈਸਰਜ਼ ਸ਼ਿਵਾ ਕੋਰਜ਼ ਪਿੰਡ ਪੰਜੇਟਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਕਰਜ਼ਦਾਰ)<br>(i) ਸ੍ਰੀ ਅਰੁਣ ਕੁਮਾਰ ਸ਼ਰਮਾ ਪੁੱਤਰ ਸ੍ਰੀ ਮਨੋਹਰ ਲਾਲ ਸ਼ਰਮਾ (ਪਾਰਟਨਰ/ਗਰੰਟਰ/ਰਹਿਣਕਾਰ)<br>(ii) ਸ੍ਰੀਮਤੀ ਸਵਰਨ ਲਤਾ ਸ਼ਰਮਾ ਪਤਨੀ ਸ੍ਰੀ ਮਨੋਹਰ ਲਾਲ ਸ਼ਰਮਾ (ਪਾਰਟਨਰ ਅਤੇ ਗਰੰਟਰ)<br>(iii) ਸ੍ਰੀਮਤੀ ਰੰਮੀ ਸ਼ਰਮਾ ਪਤਨੀ ਅਰੁਣ ਕੁਮਾਰ ਸ਼ਰਮਾ (ਗਰੰਟਰ)<br>ਸਾਰੇ ਵਾਸੀ 1027 ਏ, ਬਸੰਤ ਐਵੇਨਿਊ, ਦੁਗਰੀ, ਫੇਜ਼-II, ਲੁਧਿਆਣਾ ਅਤੇ 342-ਜੀ, ਬੀ ਆਰ ਐੱਸ, ਨਗਰ, ਲੁਧਿਆਣਾ ਵਿਖੇ ਵੀ।<br>(2) ਮੈਸਰਜ਼ ਸ਼ਿਵਾ ਟੈਕਸ ਕੋਨਜ਼ ਪਿੰਡ ਪੰਜੇਟਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਕਰਜ਼ਦਾਰ)<br>(i) ਸ੍ਰੀਮਤੀ ਰੰਮੀ ਸ਼ਰਮਾ ਪਤਨੀ ਸ੍ਰੀ ਅਰੁਣ ਕੁਮਾਰ ਸ਼ਰਮਾ (ਮਾਲਕ/ਗਰੰਟਰ)<br>(ii) ਸ੍ਰੀ ਅਰੁਣ ਕੁਮਾਰ ਸ਼ਰਮਾ ਪੁੱਤਰ ਸ੍ਰੀ ਮਨੋਹਰ ਲਾਲ ਸ਼ਰਮਾ (ਗਰੰਟਰ/ਰਹਿਣਕਾਰ)<br>ਦੋਵੇਂ ਵਾਸੀ 1027 ਏ, ਬਸੰਤ ਐਵੇਨਿਊ, ਦੁੱਗਰੀ, ਫੇਜ਼-II , ਲੁਧਿਆਣਾ<br>(3) ਮੈਸਰਜ਼ ਸ਼ਿਵਾ ਟੈਕਸ ਪੈਕੇਜਿੰਗ ਪਿੰਡ ਪੰਜੇਟਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ (ਕਰਜ਼ਦਾਰ)<br>(i) ਸ੍ਰੀ ਅਰੁਣ ਕੁਮਾਰ ਸ਼ਰਮਾ ਪੁੱਤਰ ਸ੍ਰੀ ਮਨੋਹਰ ਲਾਲ ਸ਼ਰਮਾ (ਮਾਲਕ/ਰਹਿਣਕਾਰ)<br>(ii) ਸ੍ਰੀਮਤੀ ਰੰਮੀ ਸ਼ਰਮਾ ਪਤਨੀ ਸ੍ਰੀ ਅਰੁਣ ਕੁਮਾਰ ਸ਼ਰਮਾ (ਗਰੰਟਰ)<br>ਦੋਵੇਂ ਵਾਸੀ 1027 ਏ, ਬਸੰਤ ਐਵੇਨਿਊ, ਦੁੱਗਰੀ, ਫੇਜ਼- II , ਲੁਧਿਆਣਾ |
| ਡਿਮਾਂਡ ਨੋਟਿਸ ਦੀ ਮਿਤੀ [13 (2)] 01.03.2024 | ਕਬਜ਼ੇ ਦੀ ਮਿਤੀ [13 (2)] - 13.06.2024 |
| ਨਿਰਧਾਰਤ ਮਿਤੀ 'ਤੇ ਕੁੱਲ ਬਕਾਇਆ | ਸ਼ਿਵਾ ਕੋਰਜ਼-ਰੁਪਏ 3,52,77,639/-<br>ਸ਼ਿਵਾ ਟੈਕਸ ਕੋਨਜ਼-ਰੁਪਏ 10,88,86,827/-<br>ਸ਼ਿਵਾ ਟੈਕਸ ਪੈਕੇਜਿੰਗ-ਰੁਪਏ 19,47,09,044/-<br>29.02.2024 ਨੂੰ ਜਮ੍ਹਾਂ 01.03.2024 ਤੋਂ ਲਾਗੂ ਵਿਆਜ ਜਮ੍ਹਾਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਆਦਿ। |
| ਕਬਜ਼ੇ ਦੀ ਕਿਸਮ | ਖਾਲੀ ਪਲਾਟ /ਸੰਕੇਤਕ ਕਬਜ਼ਾ |
| ਜਾਇਦਾਦ ਦਾ ਵੇਰਵਾ | ਸ੍ਰੀ ਅਰੁਣ ਕੁਮਾਰ ਸ਼ਰਮਾ ਪੁੱਤਰ ਸ੍ਰੀ ਮਨੋਹਰ ਲਾਲ ਸ਼ਰਮਾ ਦੀ ਮਾਲਕੀ ਫੈਕਟਰੀ ਜ਼ਮੀਨ 16 ਕਨਾਲ 0 ਮਰਲਾ, ਪਿੰਡ ਪੰਜੇਟਾ, ਹੱਦਬਸਤ ਨੰ. 209, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ (i) 50 ਕਨਾਲਾਂ 14 ਮਰਲੇ 'ਚੋਂ 4 ਕਨਾਲ ਖਾਤਾ ਨੰ. 322/366, ਖਸਰਾ ਨੰ. 38//14/2/2, 15/2, 16, 17, 18/1, 19/2, 23/2, 24, 25, ਜਮ੍ਹਾਂਬੰਦੀ ਸਾਲ 2002-03 ਬੈਨਾਮਾ ਨੰ. 646 ਮਿਤੀ 01.09.2008 ਹੱਦਾਂ : ਪੂਰਬ : ਸੜਕ, ਪੱਛਮ : ਜਰਨੈਲ ਸਿੰਘ, ਉੱਤਰ : ਅਰੁਣ ਸ਼ਰਮਾ, ਦੱਖਣ : ਜੈਮਲ ਸਿੰਘ (ii) 50 ਕਨਾਲਾਂ 14 ਮਰਲੇ 'ਚੋਂ 6 ਕਨਾਲ 0 ਮਰਲਾ, ਖਾਤਾ ਨੰ. 322/366, ਖਸਰਾ ਨੰ. 38//14/2/2, 15/2, 16, 17, 18/1, 19/2, 23/2, 24, 25, ਜਮ੍ਹਾਂਬੰਦੀ ਸਾਲ 2002-03 ਬੈਨਾਮਾ ਨੰ. 736 ਮਿਤੀ 31.08.2007 ਹੱਦਾਂ : ਪੂਰਬ : ਸੜਕ, ਪੱਛਮ : ਜੈਲਾ ਸਿੰਘ, ਉੱਤਰ : ਅਰੁਣ ਸ਼ਰਮਾ, ਦੱਖਣ : ਜੈਲਾ ਸਿੰਘ (iii) 62 ਕਨਾਲਾਂ 12 ਮਰਲੇ 'ਚੋਂ 6 ਕਨਾਲਾਂ 0 ਮਰਲਾ ਖਾਤਾ ਨੰ. 322/368, ਖਸਰਾ ਨੰ. 38//14/2/2, 15/2, 16, 17, 18/1, 19/2, 23/2, 24, 25, 39//11/2, 21, 48//1/1, 2/1/1/2, ਜਮ੍ਹਾਂਬੰਦੀ ਸਾਲ 2002-03 ਬੈਨਾਮਾ ਨੰ. 1662, ਮਿਤੀ 09.02.2007, ਹੱਦਾਂ : ਪੂਰਬ : ਸੜਕ, ਪੱਛਮ : ਜੈਲਾ ਸਿੰਘ, ਉੱਤਰ : ਸੰਘਾ ਫਾਰਮ, ਦੱਖਣ : ਵੇਚਣ ਵਾਲਾ |

ਰਾਖਵੀਂ ਕੀਮਤ : ਰੁਪਏ 68,00,000/- (ਰੁਪਏ ਅਠਾਹਠ ਲੱਖ ਕੇਵਲ)
ਰਕਮ ਬਿਆਨਾ ਜਮ੍ਹਾਂ : ਰੁਪਏ 6,80,000/- (ਰੁਪਏ ਛੇ ਲੱਖ ਅੱਸੀ ਹਜ਼ਾਰ ਕੇਵਲ)
ਘੱਟੋ-ਘੱਟ ਬੋਲੀ ਵਾਧਾ ਰਕਮ : ਰੁਪਏ 2,00,000/- (ਰੁਪਏ ਦੋ ਲੱਖ ਕੇਵਲ)
ਜਾਇਦਾਦ ਦੀ ਨਿਰੀਖਣ ਮਿਤੀ ਅਤੇ ਸਮਾਂ 27.09.2024 (01.00 ਵਜੇ ਬਾਅਦ ਦੁਪਹਿਰ ਤੋਂ 4.00 ਵਜੇ ਸ਼ਾਮ ਤੱਕ )
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 09.10.2024 (ਦਫਤਰੀ ਕੰਮ ਦੇ ਸਮੇਂ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੱਕ)
ਈ ਨਿਲਾਮੀ ਦੀ ਮਿਤੀ : 10.10.2024 ਸਮਾਂ ਦੁਪਹਿਰ 1.00 ਵਜੇ ਤੋਂ ਸ਼ਾਮ 3.00 ਵਜੇ ਤੱਕ (ਕਿਰਿਆਸ਼ੀਲ ਉਲਟ ਬੋਲੀ ਦੇ ਸਮੇਂ ਤੋਂ ਹਰੇਕ 5 ਮਿੰਟ ਦਾ ਵਾਧਾ)

ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧਾਂ ਲਈ ਕ੍ਰਿਪਾ ਕਰਕੇ ASREC (INDIA) LTD, ਵੈੱਬਸਾਈਟ www.asrecindia.co.in ਵੱਲੋਂ ਪ੍ਰਦਾਨ ਕੀਤੇ ਲਿੰਕ ਨੂੰ ਵੇਖੋ ਜੋ ਕਿ ਵੈੱਬਸਾਈਟ 'ਤੇ ਵੀ ਸੁਲੱਭ ਹੈ : https://sarfaesi.auctiontiger.net of e-auction Service Provider E-Procurement , Technologies Ltd., Auction Tiger, Ahmedabad. ਪ੍ਰਸਤਾਵਿਤ ਬੋਲੀਦਾਤਾ ਕੋਲ ਜਾਇਜ਼ ਈ-ਮੇਲ ਪਤਾ ਹੋਵੇ। ਸੰਪਰਕ ਕਰੋ : M/s E-Procurement Technologies Ltd., (Auction Tiger) Mr. Ram Prasad, Mobile No 8000023297. Helpline No. 079-61200531/544/596/559. ਕਿਸੇ ਵੀ ਪੁੱਛਗਿੱਛ ਲਈ ਕ੍ਰਿਪਾ ਕਰਕੇ ਅਧਿਕਾਰਤ ਅਫਸਰ ਰਾਜੀਵ ਘਈ ਮੋਬਾਇਲ ਨੰ. 7011926017, ਲੈਂਡਲਾਈਨ ਨੰ. 0161-46254-88, ਈਮੇਲ ਆਈ ਡੀ - asrec.ludhiana@asrecindia.co.in ਨਾਲ ਕੰਮ ਕਾਜ ਵਾਲੇ ਦਿਨ (ਸ਼ਨੀਵਾਰ ਤੋਂ ਇਲਾਵਾ) ਦਫਤਰ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।
ਇਹ ਵਿਕਰੀ ਨੋਟਿਸ ਸਰਫੇਸੀ ਐਕਟ ਦੇ ਨਿਯਮ 8 (6) ਅਤੇ ਇਸ ਦੇ ਤਹਿਤ ਬਣਾਏ ਗਏ ਨਿਯਮ ਅਧੀਨ ਉਕਤ ਕਰਜ਼ਦਾਰ ਅਤੇ ਗਾਰੰਟਰ/ਮੋਰਟਗੇਜਰ ਲਈ 30 ਦਿਨਾਂ ਦਾ ਵਿਧਾਨਕ ਸੇਲ ਨੋਟਿਸ ਦੇ ਤੌਰ 'ਤੇ ਮੰਨਿਆ ਜਾਵੇ, ਜਿਸ ਦੇ ਤਹਿਤ ਉਨ੍ਹਾਂ ਨੂੰ ਉਕਤ ਦੱਸੀ ਮਿਤੀ ਅਤੇ ਸਮੇਂ ਨੂੰ ਨਿਲਾਮੀ/ਵਿਕਰੀ ਬਾਰੇ ਸੂਚਿਤ ਕੀਤਾ ਜਾਂਦਾ ਹੈ ਅਤੇ ਉਕਤ ਦੱਸੀ ਬਕਾਇਆ ਰਾਸ਼ੀ ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਖਰਚੇ ਦਾ ਭੁਗਤਾਨ ਕਰਕੇ ਉਕਤ ਜਾਇਦਾਦ ਰੀਡੀਮ ਕਰ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਪ੍ਰਾਪਰਟੀ ਸਿਕਿਉਰਿਟੀ ਇੰਟਰਸਟ (ਐਨਫੋਰਸਮੈਂਟ) ਰੂਲ 2002 ਦੇ ਅਧੀਨ ਕਿਸੇ ਵੀ ਨਿਰਧਾਰਤ ਢੰਗ ਨਾਲ ਵੇਚਣਾ ਅਧਿਕਾਰਤ ਅਫਸਰ/ ਸੁਰੱਖਿਆ ਕ੍ਰੈਡਿਟਰ 'ਤੇ ਨਿਰਭਰ ਕਰੇਗਾ।

ਸਹੀ/- ਅਧਿਕਾਰਤ ਅਫਸਰ
ਮਿਤੀ : 06.09.2024, ਸਥਾਨ : ਲੁਧਿਆਣਾ In the capacity as Trustee of ASREC-PS 09/2017-18 Trust


# ਵਿਆਹ ਪੁਰਬ ਸਮਾਗਮ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਜਾਣਗੇ : ਡਿਪਟੀ ਕਮਿਸ਼ਨਰ



**ਬਟਾਲਾ (ਡਾ. ਮਲਵਿੰਦਰ ਸਿੰਘ)**-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਏ ਜਾਣਗੇ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਨੇ ਸਿਵਲ ਤੇ ਪੁਲਸ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਉਪਰੰਤ ਕੀਤਾ।ਇਸ ਮੌਕੇ ਐੱਸ. ਐੱਸ. ਪੀ. ਬਟਾਲਾ ਸੁਹੇਲ ਕਾਸਿਮ ਮੀਰ, ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਅਤੇ ਜਸਵੰਤ ਕੌਰ ਐੱਸ. ਪੀ. ਬਟਾਲਾ, ਜਗਤਾਰ ਸਿੰਘ ਤਹਿਸੀਲਦਾਰ ਅਤੇ ਵੱਖ-ਵੱਖ ਵਿਭਾਗਾਂ ਅਧਿਕਾਰੀ ਮੌਜੂਦ ਸਨ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਕਮੇਟੀ ਮੈਂਬਰਾਂ ਨਾਲ ਵੀ ਵਿਆਹ ਪੁਰਬ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ ਣ ਲਈ ਵਿਚਾਰ-ਵਟਾਂਦਰਾ ਕੀਤਾ।ਪੁਲਸ ਲਾਇਨ ਬਟਾਲਾ ਵਿਖੇ ਮੀਟਿੰਗ ਕਰਦਿਆਂ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਵਿਆਹ ਪੁਰਬ ਦੇ ਸਮਾਗਮ ਵਿੱਚ ਬਟਾਲਾ ਵਿਖੇ ਲੱਖਾਂ ਦੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਸੰਗਤਾਂ ਆਉਦੀਆਂ ਹਨ ਅਤੇ ਉਨ ਾਂ ਦੀਆਂ ਸਹੂਲਤ ਨੂੰ ਮੁੱਖ ਰੱਖਦਿਆਂ ਸਮੂਹ ਵਿਭਾਗਾਂ ਦੇ ਅਧਿਕਾਰੀ ਆਪਣੀ ਡਿਊਟੀ ਪੂਰੀ ਮਿਹਨਤ ਤੇ ਸੇਵਾ ਭਾਵਨਾ ਨਾਲ ਕਰਨ। ਉਨ ਾਂ ਕਿਹਾ ਕਿ ਅਸੀਂ ਸਾਰੀ ਵਡਭਾਗੀ ਹਾਂ, ਜਿਨਾਂ ਨੂੰ ਬਾਬਾ ਜੀ ਦੇ ਵਿਆਹ ਪੁਰਬ ਸਮਾਗਮ ਦੌਰਾਨ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ 10 ਸਤੰਬਰ ਨੂੰ ਵਿਆਹ ਪੁਰਬ ਸਮਾਗਮ ਵਾਲੇ ਦਿਨ ਅਤੇ ਉਸ ਤੋਂ ਇੱਕ ਦਿਨ ਪਹਿਲਾਂ 9 ਸਤੰਬਰ ਨੂੰ ਗੁਰਦੁਆਰਾ ਸ੍ਰੀ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਖੇ ਪਹੁੰਚ ਰਹੇ ਨਗਰ ਕੀਰਤਨ ਦੇ ਸਬੰਧ ਵਿੱਚ ਸਬੰਧਤ ਵਿਭਾਗਾਂ ਵਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਵਿੱਚ ਕੋਈ ਢਿੱਲਮੱਠ ਨਾ ਵਰਤੀ ਜਾਵੇ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਹੁੱਲੜਬਾਜ਼ੀ ਕਰਨ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਮਹਾਨ ਤੇ ਪਵਿੱਤਰ ਦਿਹਾੜੇ ਦੇ ਸਮਾਗਮਾਂ ਨੂੰ ਸ਼ਰਧਾ ਭਾਵਨਾ ਨਾਲ ਮਨਾਉਣ ਅਤੇ ਕਿਸੇ ਕਿਸਮ ਦੀ ਕੋਈ ਹੁੱਲੜਬਾਜ਼ੀ ਨਾ ਕਰਨ।ਉਨ ਾਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਸੰਗਤਾਂ ਦੇ ਸਹਿਯੋਗ ਨਾਲ ਵਿਆਹ ਪੁਰਬ ਸਮਾਗਮ ਪੂਰੀ ਸ਼ਰਧਾ ਭਾਵਨਾ ਨਾਲ ਸਫਲਤਾਪੂਰਵਕ ਨੇਪਰੇ ਚਾੜੇ ਜਾਣਗੇ।

# ਬਰਾਈਟ ਫਿਊਚਰ ਅਕੈਡਮੀ ਰਾਜਪੁਰਾ ਵਿਖੇ ਅਧਿਆਪਕ ਦਿਵਸ ਮੌਕੇ ਪੌਦੇ ਲਗਾਏ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਰਾਈਟ ਫਿਊਚਰ ਅਕੈਡਮੀ ਰਾਜਪੁਰਾ ਵਿਖੇ ਅਧਿਆਪਕ ਦਿਵਸ ਸੰਸਥਾ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਪ੍ਰਿੰਸੀਪਲ ਗੁਰਸੇਵਕ ਰਿਆੜ ਦੀ ਅਗਵਾਈ ਵਿੱਚ ਡਾਕਟਰ ਸਰਬਪੱਲੀ ਰਾਧਾ ਕ੍ਰਿਸ਼ਨ ਦਾ ਜਨਮ ਦਿਵਸ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ। ਲੈਂਡ ਮਾਰਗਿਜ ਬੈਂਕ ਦੇ ਚੇਅਰਮੈਨ ਠਾਕੁਰ ਕੁਲਵੰਤ ਸਿੰਘ ਅਤੇ ਇਲਾਕੇ ਦੇ ਉਦਮੀ ਨੌਜਵਾਨ ਕਿਸਾਨ ਅੰਮ੍ਰਿਤਪਾਲ ਸਿੰਘ ਨੇ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਸ਼ਿਰਕਤ ਕੀਤੀ । ਮਹਿਮਾਨਾਂ ਨੇ ਅਧਿਆਪਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਅਧਿਆਪਕਾਂ ਦੇ ਮਹੱਤਵ ਅਤੇ ਕੰਮਾਂ ਦੀ ਪ੍ਰਸ਼ੰਸਾ ਕੀਤੀ। ਸੰਸਥਾ ਦੇ ਮੁੱਖ ਪ੍ਰਬੰਧਕ ਸੰਦੀਪ ਧਾਰੀਵਾਲ ਪੋਜਾ ਨੇ ਕਿਹਾ ਕਿ ਪੜ ਾਈ ਦਾ ਮਿਆਰ ਕਦੇ ਵੀ ਅਧਿਆਪਕਾਂ ਤੇ ਮਿਆਰ ਤੋਂ ਉੱਪਰ ਨਹੀਂ ਹੋ ਸਕਦਾ। ਇਸ ਲਈ ਅਧਿਆਪਕ ਸਾਥੀਆਂ ਨੂੰ ਆਪਣਾ ਮਿਆਰ ਕਦੇ ਵੀ ਨੀਵਾਂ ਨਹੀਂ ਹੋਣ ਦੇਣਾ ਚਾਹੀਦਾ। ਉਨ੍ਹਾ ਅਧਿਆਪਕ ਸਾਥੀਆਂ ਨੂੰ ਅਪੀਲ ਕੀਤੀ ਕਿ ਪੜ ਾਈ ਦੇ ਨਾਲ ਬੱਚਿਆਂ ਨੂੰ ਵਿਗਿਆਨਿਕ ਚੇਤਨਾ ਭਾਈਚਾਰਕ ਸਾਂਝ ਸਮਾਜ ਵਿਗਿਆਨ ਅਤੇ ਸੰਘਰਸ਼ ਦੀ ਸਮਝ ਉਹ ਆਪਣੇ ਵਿਦਿਆਰਥੀਆਂ ਨੂੰ ਸਿਖਾਉਣ।

ਮਹਿਮਾਨਾ ਅਧਿਆਪਕ ਸਾਥੀਆਂ ਅਤੇ ਬੱਚਿਆਂ ਨੇ ਮਿਲ ਕੇ ਸਕੂਲ ਕੈਂਪਸ ਵਿੱਚ ਪੌਦੇ ਲਾ ਕੇ ਪਹਿਲੀ ਅਧਿਆਪਕਾ ਸਵਿੱਤਰੀ ਬਾਈ ਫੂਲੇ ਨੂੰ ਸਮਰਪਿਤ ਕੀਤੇ। ਇਸ ਮੌਕੇ ਅਧਿਆਪਕ ਨਿਸ਼ਾ ਬਾਵਾ, ਅਨੂ, ਨੇਹਾ ਸ਼ਰਮਾ, ਰਵਨੀਤ ਕੌਰ, ਇਸ਼ਟਾ ਠਾਕੁਰ ਅਧਿਆਪਕ ਅਤੇ ਸਟਾਫ ਮੈਂਬਰਾਂ ਤੋਂ ਇਲਾਵਾ ਪਿੰਡ ਰਾਜਪੁਰਾ ਦੇ ਸਰਪੰਚ ਮੱਖਣ ਸਿੰਘ ਅਤੇ ਤਰਕਸ਼ੀਲ ਆਗੂ ਡਾ. ਸਤਨਾਮ ਸਿੰਘ ਵੀ ਹਾਜ਼ਰ ਸਨ।

6-Sep-PAGE-4.qxd 9/5/2024 10:29 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 6 ਸਤੰਬਰ 2024

# ਰਾਜੇ ਨੂੰ ਝਾੜ

ਮਨਮਰਜ਼ੀ ਕਰਨ ਵਾਲੇ ਹਾਕਮਾਂ ਬਾਰੇ ਸੁਪਰੀਮ ਕੋਰਟ ਨੇ ਸ਼ਾਇਦ ਪਹਿਲੀ ਵਾਰ ਏਨੀ ਸਖਤ ਟਿੱਪਣੀ ਕੀਤੀ ਹੈ। ਉੱਤਰਾਖੰਡ ਦੇ ਇਕ ਦਾਗੀ ਆਈ ਐੱਫ ਐੱਸ ਅਫਸਰ ਦੀ ਨਿਯੁਕਤੀ ਖਿਲਾਫ ਪਟੀਸ਼ਨ ਦੀ ਸੁਣਵਾਈ ਕਰਦਿਆਂ ਜਸਟਿਸ ਬੀ ਆਰ ਗਵਈ ਨੇ ਜਿਹੜੀ ਟਿੱਪਣੀ ਕੀਤੀ, ਉਸ ਨੇ ਸੁਪਰੀਮ ਕੋਰਟ ਵਿਚ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਕੀਤਾ ਹੈ। ਮਾਮਲਾ ਅਧਿਕਾਰੀ ਰਾਹੁਲ ਨੂੰ ਰਾਜਾਜੀ ਟਾਈਗਰ ਰਿਜ਼ਰਵ ਦਾ ਫੀਲਡ ਡਾਇਰੈਕਟਰ ਨਿਯੁਕਤ ਕਰਨ ਦਾ ਸੀ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਪ੍ਰਿੰਸੀਪਲ ਸੈਕਟਰੀ ਤੇ ਜੰਗਲਾਤ ਮੰਤਰੀ ਦੇ ਇਤਰਾਜ਼ਾਂ ਨੂੰ ਖਾਰਜ ਕਰਕੇ ਉਸ ਨੂੰ ਡਾਇਰੈਕਟਰ ਬਣਾ ਦਿੱਤਾ। ਜਦੋਂ ਰਾਜ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਏ ਐੱਨ ਐੱਸ ਨਾਦਕਰਨੀ ਨੇ ਕਿਹਾ ਕਿ ਮੁੱਖ ਮੰਤਰੀ ਇਕ ਚੰਗੇ ਅਧਿਕਾਰੀ ਦੀ ਬਲੀ ਨਹੀਂ ਚੜ੍ਹਾਉਣੀ ਚਾਹੁੰਦੇ ਸਨ ਤਾਂ ਤਿੰਨ ਮੈਂਬਰੀ ਬੈਂਚ ਦੀ ਪ੍ਰਧਾਨਗੀ ਕਰਦਿਆਂ ਜਸਟਿਸ ਗਵਈ ਨੇ ਕਿਹਾ ਕਿ ਧਾਮੀ ਨੂੰ ਘੱਟੋ-ਘੱਟ ਆਪਣੇ ਅਧਿਕਾਰੀਆਂ ਵੱਲੋਂ ਕੀਤੇ ਗਏ ਇਤਰਾਜ਼ਾਂ ਨਾਲ ਅਸਹਿਮਤੀ ਦੇ ਕਾਰਨ ਤਾਂ ਦੱਸਣੇ ਚਾਹੀਦੇ ਸਨ। ਉਨ੍ਹਾ ਕਿਹਾ—ਅਸੀਂ ਸਾਮੰਤੀ ਯੁੱਗ ਵਿਚ ਨਹੀਂ ਰਹਿ ਰਹੇ ਕਿ ਰਾਜਾ ਜੋ ਬੋਲੇਗਾ, ਉਹੀ ਚੱਲੇਗਾ। ਇਸ ਦੇਸ਼ ਵਿਚ ਸਰਵਜਨਕ ਵਿਸ਼ਵਾਸ ਸਿਧਾਂਤ ਵਰਗੀ ਵੀ ਕੁਝ ਚੀਜ਼ ਹੈ। ਕਾਰਜ ਪਾਲਿਕਾ ਦੇ ਪ੍ਰਮੁੱਖਾਂ ਤੋਂ ਪੁਰਾਣੇ ਜ਼ਮਾਨੇ ਦੇ ਰਾਜਾ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਜੋ ਕਹਿਣਗੇ, ਉਹੀ ਲਾਗੂ ਹੋਵੇਗਾ। ਜਦ ਸੈਕਸ਼ਨ ਅਧਿਕਾਰੀ ਨੇ ਖਾਸ ਨੋਟ ਲਿਖਿਆ, ਡਿਪਟੀ ਸੈਕਟਰੀ ਨੇ ਉਸ ਦਾ ਸਮਰਥਨ ਕੀਤਾ, ਪ੍ਰਿੰਸੀਪਲ ਸੈਕਟਰੀ ਨੇ ਸਮਰਥਨ ਕੀਤਾ, ਮਾਣਯੋਗ ਮੰਤਰੀ ਨੇ ਸਮਰਥਨ ਕੀਤਾ ਕਿ ਫਲਾਂ ਕਾਰਨਾਂ ਕਰਕੇ ਉਸ ਨੂੰ ਉਥੇ ਤਾਇਨਾਤ ਨਹੀਂ ਕੀਤਾ ਜਾਣਾ ਚਾਹੀਦਾ ਤਾਂ ਤੁਹਾਨੂੰ ਲੱਗਦਾ ਹੈ ਕਿ ਉਸ ਦੇ ਬਾਵਜੂਦ ਕਿ ਉਹ ਮੁੱਖ ਮੰਤਰੀ ਹਨ ਤੇ ਕੁਝ ਵੀ ਕਰ ਸਕਦੇ ਹਨ?

ਅੰਗਰੇਜ਼ੀ ਅਖਬਾਰ 'ਦੀ ਇੰਡੀਅਨ ਐਕਸਪ੍ਰੈੱਸ' ਵਿਚ ਛਪੀ ਖਬਰ ਨੂੰ ਦਰੁੱਸਤ ਦੱਸਦਿਆਂ ਕੋਰਟ ਨੇ ਕਿਹਾ—ਇਕ ਖਾਸ ਨੋਟ ਮੌਜੂਦ ਸੀ ਕਿ ਅਧਿਕਾਰੀ ਖਿਲਾਫ ਸੀ ਬੀ ਆਈ ਜਾਂਚ ਚੱਲ ਰਹੀ ਹੈ ਅਤੇ ਇਸ ਲਈ ਉਸ ਨੂੰ ਟਾਈਗਰ ਰਿਜ਼ਰਵ ਵਿਚ ਕਿਤੇ ਵੀ ਤਾਇਨਾਤ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦਾ ਅਧਿਕਾਰੀਆਂ ਤੋਂ ਲੈ ਕੇ ਮੰਤਰੀ ਤੱਕ ਨੇ ਇਤਰਾਜ਼ ਦਰਜ ਕਰਾਇਆ ਤੇ ਮੁੱਖ ਮੰਤਰੀ ਨੇ ਸਭ ਅਣਦੇਖਾ ਕਰ ਦਿੱਤਾ।

ਦਰਅਸਲ ਰਾਹੁਲ ਨੂੰ ਦੋ ਸਾਲ ਪਹਿਲਾਂ ਉੱਤਰਾਖੰਡ ਹਾਈ ਕੋਰਟ ਵੱਲੋਂ ਨਾਜਾਇਜ਼ ਦਰੱਖਤ ਕਟਾਈ ਤੇ ਨਿਰਮਾਣ ਦੇ ਮਾਮਲੇ ਦਾ ਨੋਟਿਸ ਲੈਣ ਦੇ ਬਾਅਦ ਕਾਰਬੇਟ ਟਾਈਗਰ ਰਿਜ਼ਰਵ ਦੇ ਮੁਖੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਅਖਬਾਰ ਨੇ 29 ਅਗਸਤ ਨੂੰ ਖਬਰ ਦਿੱਤੀ ਕਿ ਮੁੱਖ ਮੰਤਰੀ ਨੇ ਸਭ ਇਤਰਾਜ਼ ਰੱਦ ਕਰਕੇ ਉਸ ਨੂੰ ਰਾਜਾਜੀ ਟਾਈਗਰ ਰਿਜ਼ਰਵ ਦਾ ਡਾਇਰੈਕਟਰ ਬਣਾ ਦਿੱਤਾ। ਸਰਕਾਰ ਦੇ ਵਕੀਲ ਨੇ ਜਦੋਂ ਕਿਹਾ ਕਿ ਮੁੱਖ ਮੰਤਰੀ ਨੇ ਰਾਹੁਲ ਦੀ ਨਿਯੁਕਤੀ ਤੋਂ ਪਹਿਲਾਂ ਸਾਰੇ ਇਤਰਾਜ਼ਾਂ 'ਤੇ ਵਿਚਾਰ ਕੀਤਾ ਸੀ ਤਾਂ ਕੋਰਟ ਨੇ ਕਿਹਾ ਕਿ ਤੁਸੀਂ ਮੁੱਖ ਮੰਤਰੀ ਨੂੰ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹੋ। ਜਸਟਿਸ ਗਵਈ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਿਰਫ ਇਕ ਸਤਰ ਦੀ ਟਿੱਪਣੀ ਕੀਤੀ ਹੈ, ਜਦਕਿ ਉਨ੍ਹਾ ਨੂੰ ਪੂਰਾ ਕਾਰਨ ਦੱਸਣਾ ਚਾਹੀਦਾ ਸੀ। ਜੇ ਮੁੱਖ ਮੰਤਰੀ ਜੰਗਲਾਤ ਮੰਤਰੀ ਦੇ ਇਤਰਾਜ਼ 'ਤੇ ਹੀ ਰੁਕ ਜਾਂਦੇ ਤਾਂ ਮਾਮਲਾ ਇੱਥੋਂ ਤੱਕ ਨਾ ਪੁੱਜਦਾ।

ਸੁਪਰੀਮ ਕੋਰਟ ਦੀ ਸਖਤ ਟਿੱਪਣੀ ਤੋਂ ਬਾਅਦ ਸਰਕਾਰ ਦੇ ਵਕੀਲ ਨੇ ਸੂਚਿਤ ਕੀਤਾ ਕਿ ਰਾਜ ਸਰਕਾਰ ਨੇ ਰਾਹੁਲ ਦੀ ਨਿਯੁਕਤੀ ਦਾ ਫੈਸਲਾ ਵਾਪਸ ਲੈ ਲਿਆ ਹੈ।

ਸੁਪਰੀਮ ਕੋਰਟ ਨੇ ਪਿਛਲੇ ਦਿਨਾਂ ਵਿਚ ਮਨੀ ਲਾਂਡਰਿੰਗ, ਬੁਲਡੋਜ਼ਰ ਨਿਆਂ ਤੇ ਜ਼ਮਾਨਤਾਂ ਬਾਰੇ ਕਈ ਮਾਮਲਿਆਂ ਵਿਚ ਨਜ਼ੀਰ ਬਣਨ ਵਰਗੀਆਂ ਟਿੱਪਣੀਆਂ 'ਤੇ ਫੈਸਲੇ ਦਿੱਤੇ ਹਨ, ਪਰ ਘਾਟ ਇਸ ਗੱਲ ਦੀ ਹੈ ਕਿ ਹੇਠਲੀਆਂ ਅਦਾਲਤਾਂ ਉਸ ਵਾਂਗ ਸਪੱਸ਼ਟ ਸਟੈਂਡ ਲੈਣ ਤੋਂ ਅਕਸਰ ਹਿਚਕਚਾਉਂਦੀਆਂ ਹਨ। ਜੇ ਉਹ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਤੇ ਫੈਸਲਿਆਂ ਦੇ ਸੰਦਰਭ ਵਿਚ ਛੇਤੀ ਸਟੈਂਡ ਲੈਣ ਤਾਂ ਅਦਾਲਤਾਂ 'ਤੇ ਲੋਕਾਂ ਦਾ ਭਰੋਸਾ ਹੋਰ ਵਧੇਗਾ।

## ਪਾਠਕ-ਸੱਥ

### ਮੋਬਾਇਲ ਬਣਿਆ ਜਾਨ ਦਾ ਦੁਸ਼ਮਣ

ਬੀਤੇ ਦਿਨ ਛੱਤੀਸਗੜ੍ਹ ਦੇ ਅੰਬਿਕਾਪੁਰ ਵਿੱਚ ਦੋ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਸ ਨੇ ਇੱਕ ਵਾਰ ਫਿਰ ਬੱਚਿਆਂ 'ਚ ਮੋਬਾਇਲ ਫੋਨ ਦੀ ਵਧ ਰਹੀ ਵਰਤੋਂ ਨੂੰ ਘਟਾਉਣ ਲਈ ਬੁੱਧੀਜੀਵੀਆਂ ਨੂੰ ਇੱਕ ਵਾਰ ਫਿਰ ਚਿੰਤਨ ਕਰਨ ਲਈ ਮਜਬੂਰ ਕਰ ਦਿੱਤਾ ਹੈ। ਪਹਿਲੀ ਘਟਨਾ ਵਿੱਚ ਬੱਚਾ ਮੋਬਾਇਲ ਫੋਨ 'ਤੇ ਗੇਮ ਖੇਡ ਰਿਹਾ ਸੀ, ਜਦੋਂ ਉਸ ਦੀ ਮਾਤਾ ਨੇ ਆ ਕੇ ਮੋਬਾਇਲ ਫੋਨ ਖੋਹਿਆ ਤਾਂ ਬੱਚੇ ਨੇ ਫਾਹਾ ਲਗਾ ਕੇ ਖੁਦਕੁਸੀ ਕਰ ਲਈ। ਦੂਜੀ ਘਟਨਾ ਵੀ ਛੱਤੀਸਗੜ੍ਹ ਦੇ ਅੰਬਿਕਾਪੁਰ ਦੀ ਹੀ ਹੈ, ਜਿਥੇ ਦੋ ਬੱਚੇ ਰੇਲਵੇ ਲਾਈਨ 'ਤੇ ਮੋਬਾਇਲ ਨਾਲ ਗੇਮ ਖੇਡ ਰਹੇ ਸਨ। ਉਹ ਗੇਮ ਖੇਡਣ ਵਿੱਚ ਇਸ ਕਦਰ ਮਸਤ ਹੋ ਗਏ ਕਿ ਉਹਨਾਂ ਨੂੰ ਰੇਲ ਗੱਡੀ ਦੀ ਆਵਾਜ਼ ਵੀ ਨਹੀਂ ਸੁਣਾਈ ਦਿੱਤੀ ਅਤੇ ਦੋਵੇਂ ਰੇਲ ਗੱਡੀ ਦੀ ਲਪੇਟ ਵਿੱਚ ਆਉਣ ਕਰਕੇ ਮੌਤ ਦੇ ਮੂੰਹ ਵਿੱਚ ਚਲੇ ਗਏ। ਬੱਚਿਆਂ ਵਿੱਚ ਵਧ ਰਹੀ ਮੋਬਾਇਲ ਫੋਨ ਦੀ ਵਰਤੋਂ ਹੁਣ ਗੰਭੀਰ ਸਮੱਸਿਆ ਦੇ ਨਾਲ-ਨਾਲ ਸਮਾਜਿਕ ਬੁਰਾਈ ਵੀ ਹੋ ਚੁੱਕੀ ਹੈ। ਕੋਰੋਨਾ ਕਾਲ ਵਿੱਚ ਬੱਚਿਆਂ ਦੀ ਪੜ੍ਹਾਈ ਲਈ ਦਿੱਤੇ ਗਏ ਮੋਬਾਇਲ ਹੁਣ ਉਹਨਾਂ ਦਾ ਜਨੂੰਨ ਬਣ ਗਏ ਹਨ। ਸਾਰਾ ਦਿਨ ਸੋਸ਼ਲ ਮੀਡੀਏ 'ਤੇ ਸਰਗਰਮ ਰਹਿਣ ਕਰਕੇ ਬੱਚੇ ਕਈ ਪ੍ਰਕਾਰ ਦੀਆਂ ਮਾਨਸਿਕ ਅਤੇ ਸਰੀਰਕ ਸਮੱਸਿਆਵਾਂ ਤੋਂ ਵੀ ਪੀੜਤ ਹੋ ਗਏ ਹਨ। ਮੋਬਾਇਲ ਫੋਨ ਨੇ ਜਿਥੇ ਬੱਚੇ ਨੂੰ ਸਮੇਂ ਦਾ ਹਾਣੀ ਬਣਾਉਣਾ ਸੀ, ਉਥੇ ਮੋਬਾਇਲ ਦੀ ਵਧ ਰਹੀ ਵਰਤੋਂ ਨੇ ਬੱਚਿਆਂ ਨੂੰ ਪਰਵਾਰ ਤੋਂ ਦੂਰ ਕਰਕੇ ਇਕੱਲਾਪਨ ਅਤੇ ਚਿੜਚਿੜੇਪਨ ਦੀ ਦੁਨੀਆ ਵਿੱਚ ਪਹੁੰਚਾ ਦਿੱਤਾ ਹੈ। ਹੁਣ ਬੱਚੇ ਰੋਟੀ ਵੀ ਓਦੋਂ ਖਾਂਦੇ ਹਨ, ਜਦੋਂ ਉਹਨਾਂ ਕੋਲ ਮੋਬਾਇਲ ਫੋਨ ਹੋਵੇ। ਨਾਸੂਰ ਬਣ ਚੁੱਕੀ ਬੱਚਿਆਂ ਵਿੱਚ ਮੋਬਾਇਲ ਫੋਨ ਦੀ ਵਰਤੋਂ ਨੂੰ ਨਕੇਲ ਪਾਉਣ ਲਈ ਸਕੂਲਾਂ, ਕਾਲਜਾਂ ਅਤੇ ਸਮਾਜਿਕ ਸੰਸਥਾਵਾਂ ਦੇ ਨਾਲ-ਨਾਲ ਸਾਨੂੰ ਸਾਰਿਆਂ ਨੂੰ ਸਿਰ ਜੋੜ ਕੇ ਹੱਲ ਤਲਾਸ਼ਣੇ ਹੋਣਗੇ, ਤਾਂ ਜੋ ਬੱਚਿਆਂ ਦੀ ਹੋ ਰਹੀ ਅਣਿਆਈ ਮੌਤ ਨੂੰ ਰੋਕਿਆ ਜਾ ਸਕੇ ।

**-ਰਜਵਿੰਦਰ ਪਾਲ ਸ਼ਰਮਾ, ਸੰਪਰਕ : 70873-67969**

### ਵਧ ਰਿਹਾ ਆਨਲਾਈਨ ਫਰਾਡ

ਅਜੋਕੇ ਸਮੇਂ ਵਿੱਚ ਟੈਕਨਾਲੋਜੀ ਦੇ ਇਹ ਵਧਦੇ ਸਰੂਪ ਦੇ ਕਾਰਨ ਆਨਲਾਈਨ ਬੈਂਕਿੰਗ ਅਤੇ ਡਿਜੀਟਲ ਪੇਮੈਂਟ ਕਰਨੀ ਬਹੁਤ ਆਸਾਨ ਹੋ ਚੁੱਕੀ ਹੈ, ਪਰ ਜਿੰਨੇ ਹੀ ਆਸਾਨ ਇਹ ਆਨਲਾਈਨ ਬੈਂਕਿੰਗ ਅਤੇ ਡਿਜੀਟਲ ਪੇਮੈਂਟ ਹੋ ਚੁੱਕੀ ਹੈ, ਓਨੇ ਹੀ ਵੱਧ ਆਨਲਾਈਨ ਫਰਾਡ ਦੇ ਕੇਸ ਵੀ ਸਾਹਮਣੇ ਆ ਰਹੇ ਹਨ। ਇੱਕ ਸਰਵੇ ਅਨੁਸਾਰ ਹਰ ਪੰਜ ਮਿੰਟ ਵਿੱਚ ਇੱਕ ਆਨਲਾਈਨ ਫਰਾਡ ਹੁੰਦਾ ਹੈ। ਸਰਕਾਰ ਅਤੇ ਆਰ ਬੀ ਆਈ ਵੱਲੋਂ ਵੀ ਕਈ ਸਾਰੀਆਂ ਮੁਹਿੰਮਾਂ ਚਲਾਈ ਜਾ ਰਹੀਆਂ ਨੇ, ਤਾਂ ਕਿ ਲੋਕ ਆਨਲਾਈਨ ਫਰਾਡ ਪ੍ਰਤੀ ਜਾਗਰੂਕ ਹੋ ਸਕਣ। ਅੱਜ ਦੇ ਯੁੱਗ ਵਿੱਚ ਆਨਲਾਈਨ ਫਰਾਡ ਪ੍ਰਤੀ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਇਹ ਆਨਲਾਈਨ ਫਰਾਡ ਹੀ ਕਿਸੇ ਮਨੁੱਖ ਦੀ ਪੂਰੇ ਜੀਵਨ ਦੀ ਪੂੰਜੀ ਨੂੰ ਇੱਕ ਮਿੰਟ ਦੇ ਅੰਦਰ ਹੀ ਖਾਲੀ ਕਰ ਦਿੰਦੇ ਹਨ। ਅਜੋਕੇ ਗੁਨਾਹਾਂ ਲਈ ਪੁਲਸ ਵੱਲੋਂ ਅਲੱਗ ਤੋਂ ਸਾਈਬਰ ਸੈੱਲ ਵੀ ਤਿਆਰ ਕੀਤੇ ਗਏ ਹਨ ਤਾਂ ਕਿ ਅਜੋਕੇ ਗੁਨਹਗਾਰਾਂ ਨੂੰ ਫੜਿਆ ਜਾ ਸਕੇ ਅਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਸਕੇ। ਸਾਨੂੰ ਕਿਸੇ ਨੂੰ ਵੀ ਆਪਣੇ ਬੈਂਕ ਦੀ ਨਿੱਜੀ ਜਾਣਕਾਰੀ ਜਾਂ ਮੋਬਾਈਲ 'ਤੇ ਆਇਆ ਕੋਈ ਵੀ ਓ ਟੀ ਪੀ ਸਾਂਝਾ ਨਹੀਂ ਕਰਨਾ ਚਾਹੀਦਾ। ਇਸ ਪ੍ਰਤੀ ਜਾਗਰੂਕਤਾ ਲਈ ਸਰਕਾਰ ਵੱਲੋਂ ਮੁਹਿਮ ਅਤੇ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ।

**-ਸ਼ਿਵਮ, ਸਾਹਨੇਵਾਲ**

# ਖੇਡਾਂ, ਪੰਜਾਬ ਅਤੇ ਸਿਆਸਤ



ਗੁਰਮੀਤ ਸਿੰਘ ਪਲਾਹੀ

ਖੇਡਾਂ ਖੇਡਣੀਆਂ ਪੰਜਾਬੀਆਂ ਦਾ ਸੁਭਾਅ ਹੈ। ਖੇਡ, ਖੇਡ ਦੇ ਮੈਦਾਨ ਦੀ ਹੋਵੇ, ਖੇਡ ਸਿਆਸਤ ਦੀ ਹੋਵੇ, ਖੇਡ ਪੰਜਾਬੀ ਗ੍ਰਹਿਸਥੀ ਜੀਵਨ ਦੀ ਹੋਵੇ। ਪੰਜਾਬੀਆਂ ਦੀ ਖੇਡ ਨਿਰਾਲੀ ਹੈ, ਨਿਵੇਕਲੀ ਹੈ, ਕਿਧਰੇ ਦਿਲ-ਮਨ ਨੂੰ ਛੂਹ ਲੈਣ ਵਾਲੀ ਹੈ, ਕਿਧਰੇ ਜਾਨਲੇਵਾ ਹੈ, ਅਤੇ ਕਿਧਰੇ ਦੂਸਰਿਆਂ ਨੂੰ ਸਬਕ ਸਿਖਾਉਣ ਵਾਲੀ ਹੈ। ਕਿਧਰੇ ਆਪਣਾ ਉਜਾੜਾ ਆਪ ਪਾਉਣ ਵਾਲੀ ਹੈ।

ਸਿਆਸਤ ਦੀਆਂ ਅੰਦਰਲੀਆਂ ਪੇਚੀਦਗੀਆਂ ਜਾਂ ਗੁੰਝਲਾਂ ਤੋਂ ਅਨਜਾਣ, ਕਿਸੇ ਦੂਜੇ ਦੀ ਗੱਲ ਨੂੰ ਸਹਿਜ-ਸੁਭਾਅ ਮੰਨ ਲੈਣ ਵਾਲੇ ਪੰਜਾਬੀ, ਖੇਡ ਖੇਤਰ 'ਚ ਮੱਲਾਂ ਮਾਰਨ ਲਈ ਮਸ਼ਹੂਰ ਤਾਂ ਹੋਏ ਹੀ, ਦੇਸੀਂ-ਪ੍ਰਦੇਸੀਂ ਜੁੱਸਿਆਂ ਦੇ ਬੱਲ 'ਤੇ, ਸੋਚ ਦੇ ਜ਼ੋਰ ਨਾਲ, ਤਰਕੀਬਾਂ ਅਤੇ ਮਿਲਾਪੜੇ ਸੁਭਾਅ ਨਾਲ ਆਪਣੇ ਕੱਦਕਾਠ ਵਧਾਉਣ 'ਚ ਸਫ਼ਲ ਹੋਏ। ਇੰਜ ਵਿਸ਼ਵ ਪੱਧਰ 'ਤੇ ਵਿਚਰਦਿਆਂ ਉਹਨਾ ਨਾ ਆਪਣੀ ਮਾਂ-ਬੋਲੀ ਛੱਡੀ, ਨਾ ਆਪਣੀ ਮਾਂ-ਖੇਡ ਕਬੱਡੀ ਨੂੰ ਤੱਜਿਆ, ਨਾ ਪਹਿਲਵਾਨੀ ਤੋਂ ਮੂੰਹ ਮੋੜਿਆ, ਨਾ ਆਪਣੇ ਰੰਗਲੇ ਸੱਭਿਆਚਾਰ ਨੂੰ ਤਿਲਾਂਜਲੀ ਦਿੱਤੀ। ਆਪਣੇ ਸੱਭਿਆਚਾਰ, ਆਪਣੇ ਨਿੱਜੀ ਧਰਮ ਨੂੰ ਤਾਂ ਉਸ ਆਪਣੀ ਜ਼ਿੰਦਗੀ ਤੋਂ ਬਾਹਰ ਹੋਣ ਹੀ ਨਹੀਂ ਸੀ ਦੇਣਾ!

ਪੰਜਾਬੀਆਂ ਦਾ ਖੇਡਾਂ ਨਾਲ ਮੋਹ, ਆਪਣੇ ਖੇਤਾਂ ਨਾਲ ਮੋਹ ਜਿਹਾ ਹੈ। ਖੇਤ ਵੱਟ ਲਈ ਸ਼ਰੀਕਾਂ ਨਾਲ ਵੱਢ-ਟੁੱਕ, ਮਾਰ-ਵੱਢ, ਗਾਲੀ-ਗਲੋਚ, ਆਪਣੇ ਹੱਕ ਲਈ ਲੜਾਈ ਉਹਦੇ ਕਣ-ਕਣ 'ਚ ਵਸੀ ਹੋਣ ਕਰਕੇ ਜੁੱਸਿਆਂ ਦੀ ਤਾਕਤ ਵਧਾਉਣਾ, ਸਰੀਰਾਂ ਨੂੰ ਪਾਲਣਾ, ਤਾਕਤ ਦਾ ਦਿਖਾਵਾ ਕਰਨਾ ਅਤੇ ਫਿਰ ਉਸੇ ਤਾਕਤ ਨੂੰ ਕਿਸੇ ਥਾਂ ਸਿਰ ਕਰਨਾ ਪੰਜਾਬੀਆਂ ਦਾ ਸ਼ੌਕ ਹੈ। ਬੱਦਲਾਂ ਦੀ ਗਰਜਣ, ਬਿਜਲੀ ਦੀ ਗੜਕਣ ਅਤੇ ਲਿਸ਼ਕਣ ਦਾ ਕਦੇ ਉਹਨਾ ਦੇ ਮਨ 'ਚ ਡਰ ਨਹੀਂ ਰਿਹਾ। ਉਹ ਜਦੋਂ ਲੜਦੇ ਹਨ, ਭਿੜਦੇ ਹਨ, ਕਬੱਡੀ ਦੇ ਮੈਦਾਨ ਵਿੱਚ, ਪਹਿਲਵਾਨੀ ਅਖਾੜੇ ਵਿੱਚ, ਛੈਲ-ਛਬੀਲੇ ਗੱਭਰੂ, ਦਹਾੜਦੇ ਹਨ ਤਾਂ ਮੋਰ ਦੀਆਂ ਪੈਲਾਂ ਵੀ ਫਿੱਕੀਆਂ ਪੈ ਜਾਂਦੀਆਂ ਹਨ, ਸ਼ੇਰਾਂ ਦੀ ਗਰਜਣਾ ਵੀ ਲੋਕਾਂ ਨੂੰ ਭੁੱਲ ਜਾਂਦੀ ਹੈ। ਖੇਡ ਤਾਂ ਪੰਜਾਬੀਆਂ ਲਈ ਉਹਨਾ ਦਾ ਵਿਰਸਾ ਹੈ, ਬਾਬੇ ਨਾਨਕ ਦੀ ਬਾਣੀ ਦਾ ਸੱਚ ਹੈ, ਜਿਹਨੂੰ ਉਹ ਪੱਲੇ ਬੰਨ੍ਹ ਜ਼ਿੰਦਗੀ 'ਚ ਵਿਚਰਦਾ ਹੈ, ਪ੍ਰਾਪਤੀਆਂ ਕਰਦਾ ਹੈ, ਉਹਦੇ ਗੁਣ ਗਾਉਂਦਾ ਹੈ, ਉਹਦਾ ਲੱਖ-ਲੱਖ ਸ਼ੁਕਰ ਮਨਾਉਂਦਾ ਹੈ।

ਪਿੰਡ ਦੀ ਸ਼ਾਮ ਵੇਖ ਲਓ, ਭਾਵੇਂ ਸਵੇਰ! ਖੇਡਾਂ ਦਾ ਝਲਕਾਰਾ ਪਿੰਡਾਂ ਦੀਆਂ ਬਰੂਹਾਂ 'ਚ ਦਿਸਦਾ ਹੈ। ਬਿਨਾਂ ਸ਼ੱਕ ਪੰਜਾਬੀ ਜੁੱਸਿਆਂ ਤੇ ਸੁਭਾਅ ਲੂੰ ਉਜਾੜਨ ਦੇ ਨਸ਼ਿਆਂ ਦੇ ਸਾਜ਼ਿਸ਼ੀ ਹਮਲਿਆਂ ਨੇ ਪੰਜਾਬੀ ਨੌਜਵਾਨਾਂ, ਬੱਚਿਆਂ, ਮੁਟਿਆਰਾਂ ਦੇ ਰਾਹ ਔਝੜੇ ਕੀਤੇ ਹਨ। ਮੁੰਡੇ ਮੋਟਰਸਾਈਕਲ, ਮੋਬਾਇਲ, ਵਿਦੇਸ਼ੀ ਰਾਹ ਪਾਉਣ ਦੇ ਰਾਹ ਪਾ ਦਿੱਤੇ ਗਏ ਹਨ, ਮੁਟਿਆਰਾਂ ਵੀ ਕਿਸੇ ਤਰ੍ਹਾਂ ਰੀਸੋ-ਰੀਸੀ ਉਹ ਹਰ ਸ਼ੌਕ ਪਾਲ ਰਹੀਆਂ ਹਨ, ਜੋ ਮੁੰਡੇ ਹੰਢਾਉਂਦੇ ਹਨ, ਪਰ ਖੇਡਾਂ ਹਾਲੇ ਵੀ ਪੰਜਾਬੀਆਂ ਲਈ ਜੀਵਨ-ਜਾਚ ਹਨ। ਖੇਡਾਂ ਹਾਲੇ ਵੀ ਉਹਨਾ ਦੇ ਖ਼ੂਨ 'ਚ ਰਚੀਆਂ ਹੋਈਆਂ ਹਨ। ਖੇਡਾਂ ਅਤੇ ਭੰਗੜੇ ਦੀ ਤਾਲ-ਸੁਰ, ਗਿੱਧੇ ਦੀ ਧਮਾਲ ਤੇ ਬੋਲੀਆਂ ਨੂੰ, ਬਾਬੇ ਦੀ ਬਾਣੀ ਨੂੰ, ਕਿਹੜਾ ਸਿਆਸੀ ਦਲਾਲ, ਕਿਹੜਾ ਸਿਆਸੀ ਭਗਵਾਂਪਨ, ਕਿਹੜਾ ਸਿਆਸੀ ਡਿਕਟੇਟਰ ਪੰਜਾਬੀਆਂ ਤੋਂ ਖੋਹ ਸਕਦਾ ਹੈ ਜਾਂ ਖੋਹ ਸਕਿਆ ਹੈ? ਭਾਵੇਂ ਇਹ ਖੋਹਣ ਦੇ ਯਤਨ '47 'ਚ ਵੀ ਹੋਏ, '84 'ਚ ਵੀ ਹੋਏ, ਨਸ਼ਿਆਂ ਦੀ ਮਾਰ ਅਤੇ ਅੱਤਵਾਦ ਸਮੇਂ ਸ਼ਰੇਆਮ ਹਜ਼ਾਰਾਂ ਨੌਜਵਾਨਾਂ ਦੇ ਮਾਰਨ, ਲਾਪਤਾ ਕਰਨ ਦੇ ਯਤਨਾਂ ਨਾਲ ਵੀ ਹੋਏ ਅਤੇ ਹੁਣ ਕਿਸਾਨਾਂ ਵਿਰੁੱਧ ਕਾਲੇ ਕਾਨੂੰਨ ਪਾਸ ਕਰਕੇ, ਉਹਨਾ ਦੀ ਜ਼ਮੀਨ ਨੂੰ, ਉਹਨਾ ਦੀ ਹੋਂਦ ਨੂੰ, ਉਹਨਾ ਦੀ ਅਣਖ਼ ਨੂੰ ਖ਼ਤਰਾ ਪੈਦਾ ਕਰਕੇ ਵੀ ਹੋਏ, ਪਰ ਪੰਜਾਬੀ ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ 'ਚ 'ਟੈਂਅ ਨਾ ਮੰਨਣ ਕਿਸੇ ਦੀ' ਪੰਜਾਬ ਦਾ ਪਿੰਡ ਕਦੇ ਉਦਾਸ ਹੁੰਦਾ ਹੈ, ਕਦੇ ਹੁਲਾਸ ਨਾਲ ਭਰਦਾ ਹੈ। ਉਦਾਸ ਹੁੰਦਾ ਹੈ ਉਦੋਂ ਜਦੋਂ ਕੋਈ ਜੁਆਨ ਨਸ਼ੇ ਦੀ ਬਲੀ ਚੜ੍ਹਦਾ ਹੈ, ਜਦੋਂ ਕੋਈ ਕਿਸਾਨ ਸ਼ਤੀਰਾਂ ਨਾਲ ਲਟਕ ਜਾਂਦਾ ਹੈ, ਖ਼ੁਦਕੁਸ਼ੀ ਕਰ ਜਾਂਦਾ ਹੈ, ਪਰ ਖ਼ੁਸ਼ ਹੁੰਦਾ ਹੈ ਉਦੋਂ ਜਦੋਂ ਹਾਕੀ ਜਿੱਤ ਪੰਜਾਬੀ ਖਿਡਾਰੀ ਵਰ੍ਹਿਆਂ ਬਾਅਦ ਦੇਸ਼ ਨੂੰ ਖ਼ੁਸ਼ੀ ਦਿੰਦੇ ਹਨ। ਪੰਜਾਬ ਦਾ ਪਿੰਡ ਉਦਾਸ ਹੁੰਦਾ ਹੈ ਉਦੋਂ ਜਦੋਂ ਧੀਆਂ ਦਾ ਕੁੱਖ 'ਚ ਕਤਲ ਕੀਤਾ ਜਾਂਦਾ ਹੈ, ਖ਼ੁਸ਼ ਹੁੰਦਾ ਹੈ ਉਦੋਂ ਜਦੋਂ ਧੀਆਂ ਖੇਡਾਂ, ਪੜ੍ਹਾਈ ਦੇ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਕਰਦੀਆਂ ਹਨ ਅਤੇ ਮਾਪਿਆਂ ਤੇ ਸਮਾਜ ਦੀ ਖ਼ੁਸ਼ੀ ਦਾ ਬਾਰੋਬਰ ਦਾ ਹਿੱਸਾ ਬਣਦੀਆਂ ਹਨ।

ਪੰਜਾਬ ਦੇ ਪਿੰਡਾਂ ਦੇ ਪਹਿਲਵਾਨੀ ਅਤੇ ਕਬੱਡੀ ਦੇ ਅਖ਼ਾੜੇ, ਫੁੱਟਬਾਲ, ਵਾਲੀਬਾਲ ਦੇ ਮੈਦਾਨ, ਪਿੰਡ ਦਾ ਸ਼ਿੰਗਾਰ ਹਨ। ਸਵੇਰੇ, ਸ਼ਾਮੀਂ ਬੱਚੇ, ਨੌਜਵਾਨ ਜਦੋਂ ਖੇਡ ਮੈਦਾਨ 'ਚ ਬੁੱਕਦੇ ਹਨ, ਪ੍ਰੈਕਟਿਸ ਕਰਦੇ ਹਨ, ਜੁੱਸਿਆਂ ਨੂੰ ਤਕੜਾ ਸੁਡੋਲ ਕਰਦੇ ਹਨ ਅਤੇ ਫਿਰ ਕਬੱਡੀ, ਫੁੱਟਬਾਲ ਮੁਕਾਬਲਿਆਂ 'ਚ ਹਿੱਸਾ ਲੈਂਦੇ ਹਨ ਤਾਂ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਖ਼ੁਸ਼ੀ ਦੇ ਪਲ ਤਾਂ ਖੇਡ ਮੈਦਾਨ ਉਦੋਂ ਹੰਡਾਉਂਦਾ ਹੈ, ਜਦੋਂ ਪਿੰਡਾਂ 'ਚ ਫੁੱਟਬਾਲ ਟੂਰਨਾਮੈਂਟ, ਵੇਟ ਲਿਫਟਿੰਗ ਮੁਕਾਬਲੇ ਅਤੇ ਕਬੱਡੀ ਦੇ ਵਿਸ਼ਵ-ਪੱਧਰੀ ਮੁਕਾਬਲੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਪਿੰਡਾਂ 'ਚ ਕਰਵਾਏ ਜਾਂਦੇ ਹਨ। ਨੌਜਵਾਨਾਂ ਨੂੰ ਖੇਡਾਂ 'ਚ ਰੁਚਿਤ ਹੋਣ ਦਾ ਹੁਲਾਰਾ ਦਿੰਦੇ ਹਨ। ਇਹ ਹੁਲਾਸ ਵਰ੍ਹੇ ਭਰ ਅਗਲੇ ਸਾਲ 'ਚ ਇੱਕ ਨਵੀਂ ਆਸ ਨਾਲ ਜੀਊਂਦਾ-ਜਾਗਦਾ ਹੈ, ਪਿੰਡ ਦੇ ਜਾਗਣ ਵਾਂਗਰ ਜੋ ਕਦੇ ਸੌਂਦਾ ਨਹੀਂ, ਖ਼ਬਰਦਾਰ ਰਹਿੰਦਾ ਹੈ, ਆਪਣੇ ਬੱਚਿਆਂ ਲਈ, ਆਪਣੇ ਪੁੱਤਾਂ, ਧੀਆਂ ਲਈ, ਆਪਣੇ ਵਿਰਸੇ-ਸੱਭਿਆਚਾਰ ਲਈ ਅਤੇ ਸਭ ਤੋਂ ਵੱਧ ਮਾੜੇ-ਭੈੜੇ ਉਹਨਾ ਲੋਕਾਂ ਤੋਂ ਆਪਣੇ ਭਵਿੱਖ ਨੂੰ ਬਚਾਉਣ ਲਈ, ਜਿਹੜੇ ਉਹਨਾ ਪੱਲੇ ਭ੍ਰਿਸ਼ਟਾਚਾਰ ਪਾ ਰਹੇ ਹਨ, ਉਹਨਾ 'ਚ ਧੜੇਬੰਦੀ ਦੇ ਬੀਅ ਬੀਜ ਰਹੇ ਹਨ, ਜਿਹੜੇ ਨਫ਼ਰਤ-ਸਾੜੇ ਦੀ ਸਿਆਸਤ ਕਰਕੇ ਧਰਮ-ਜਾਤ ਦੀ ਵੰਡ ਦਾ ਵਖਰੇਵਾਂ ਪਾ ਕੇ, ਵੋਟ ਰਾਜਨੀਤੀ ਦੀ ਖ਼ਾਤਰ ਸਭ ਕੁਝ ਹਥਿਆਉਣਾ ਚਾਹੁੰਦੇ ਹਨ, ਪਿੰਡ ਵੀ, ਖੇਤ ਵੀ, ਖੇਡ ਵੀ ਅਤੇ ਮਨੁੱਖੀ ਜ਼ਿੰਦਗੀ ਵੀ।

ਪੰਜਾਬੀਆਂ ਦੀ ਪਹਿਲੀ ਕਿਲਕਾਰੀ ਖੇਡ ਹੈ। ਬਚਪਨ, ਜੁਆਨੀ, ਬੁਢਾਪਾ ਉਹਨਾ ਨੂੰ ਕਿਸੇ ਹੀਲੇ ਵੀ ਖੇਡ ਤੋਂ ਵੱਖ ਨਹੀਂ ਹੋਣ ਦਿੰਦਾ। ਇਹੋ ਖੇਡ ਦਾ ਰੰਗ ਉਹਨਾ ਨੂੰ ਸਰਹੱਦਾਂ ਦੀ ਰਾਖੀ ਲਈ ਭੇਜਦਾ ਹੈ, ਇਹੋ ਖੇਡ ਦਾ ਰੰਗ ਉਹਨਾ ਨੂੰ ਨਿਹੱਕਿਆਂ ਦੇ ਹੱਕ 'ਚ ਖੜਨ, ਉਹਨਾ ਲਈ ਜਾਨ ਵਾਰਨ ਅਤੇ ਆਪਣੀ ਹੱਕ ਪ੍ਰਾਪਤੀ ਦੇ ਸੰਘਰਸ਼ ਲਈ ਪ੍ਰੇਰਦਾ ਹੈ। ਖੇਡ, ਖੇਡ 'ਚ ਪੰਜਾਬੀ ਵੱਡੀਆਂ ਪ੍ਰਾਪਤੀਆਂ ਕਰਦੇ ਹਨ, ਪਰ ਖੇਡ, ਖੇਡ 'ਚ ਅਤੀਤ 'ਚ ਉਹਨਾ ਬਹੁਤ ਕੁਝ ਗੁਆਇਆ ਹੈ। ਸਿਆਸੀ ਖੇਡਾਂ 'ਚ ਦਿੱਲੀ ਹੱਥੋਂ ਪੰਜਾਬੀ ਮਾਤ ਖਾਂਦੇ ਰਹੇ ਹਨ, ਪਰ ਕਦੇ ਝੁਕੇ ਨਹੀਂ, ਅੜੇ ਰਹੇ, ਖੜੇ ਰਹੇ, ਬੜਾ ਕੁਝ ਗੁਆਇਆ ਧਨ, ਦੌਲਤ, ਸਰੀਰ, ਮਨ ਦਾ ਚੈਨ ਪਰ ਬੜਾ ਕੁਝ ਪਾਇਆ ਅਣਖ਼, ਸੰਤੁਸ਼ਟੀ ਅਤੇ ਟੌਹਰ-ਟੱਪਾ। ਬਿਨਾਂ ਸ਼ੱਕ ਅਫਗਾਨੇ-ਕਸ਼ਮੀਰੇ-ਦਿੱਲੀ ਤੱਕ ਰਾਜ ਕੀਤਾ, ਪਰ ਇਮਾਨਦਾਰ ਖੇਡ ਦੀ ਕਰਾਮਾਤ ਹੀ ਕਹਾਂਗੇ, ਸਭ ਕੁਝ ਸਿਮਟ ਪੰਜ ਦਰਿਆਵਾਂ ਨੂੰ ਸੰਭਾਲ ਲਿਆ, ਪਰ ਸਿਆਸੀ ਰੰਗ-ਢੰਗ ਦੀ ਖੇਡ ਨੇ ਉਹਦੇ ਢਾਈ ਦਰਿਆ ਹੀ ਪੱਲੇ ਰਹਿਣ ਦਿੱਤੇ। ਰਾਜਧਾਨੀ ਤੇ ਪੰਜਾਬੀ ਬੋਲਦੇ ਇਲਾਕੇ ਤਾਂ ਸਾਜ਼ਿਸ਼ਨ ਉਹਨਾ ਹਥਿਆਉਣੇ ਹੀ ਸਨ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਖੋਹ ਲਿਆ। ਪੰਜਾਬੀ, ਜਿਹੜੇ ਅਧਾਰ 'ਤੇ ਸੂਬਾ ਪੰਜਾਬ ਬਣਿਆ ਸੀ, ਸਿਆਸਤਦਾਨਾਂ ਦੀ ਬੇਰੁਖ਼ੀ ਕਾਰਨ ਪੰਜਾਬੀ ਮਾਂ ਬੋਲੀ, ਮਤਰੇਈ ਮਾਂ ਵਾਲਾ ਸਲੂਕ ਹੰਢਾ ਰਹੀ ਹੈ। ਇਹ ਖੇਡਾਂ, ਇਹ ਚਾਲਾਂ ਇਹ ਸਾਜ਼ਿਸ਼ਾਂ ਹੰਢਾਉਣ ਲਈ ਆਦੀ ਹੋ ਚੁੱਕੇ ਪੰਜਾਬੀ ਫਿਰ ਵੀ ਖੇਡਾਂ ਨਹੀਂ ਭੁੱਲੇ, ਮੇਲੇ ਨਹੀਂ ਭੁੱਲੇ, ਸੱਭਿਆਚਾਰ ਨਹੀਂ ਭੁਲੇ! ਆਪਣਾ ਵਿਰਸਾ ਉਹਨਾ ਦੀ ਕੁੱਖ 'ਚ ਪਲ ਰਿਹਾ।

ਪਰ ਸਰਕਾਰਾਂ ਖੇਡਾਂ ਨਾਲ ਮਜ਼ਾਕ ਕਰ ਰਹੀਆਂ ਹਨ। ਕਦੇ-ਕਦਾਈਂ ਖੇਡਾਂ ਨੂੰ ਸਿਆਸਤ ਲਈ ਵਰਤਦੀਆਂ ਨਜ਼ਰ ਆਉਂਦੀਆਂ ਹਨ। ਪਿਛਲੇ ਵਰ੍ਹਿਆਂ 'ਚ ਵਿਸ਼ਵ ਕਬੱਡੀ ਟੂਰਨਾਮੈਂਟ ਕਿਸੇ ਸਿਆਸੀ ਧਿਰ ਵਾਲੀ ਸਰਕਾਰ ਨੇ ਕਰਵਾਏ, ਆਪਣੀ ਸਿਆਸੀ ਹਿੱਤਾਂ ਦੀ ਪੂਰਤੀ ਲਈ, ਉਵੇਂ ਹੀ ਜਿਵੇਂ ਵਰ੍ਹਿਆਂ-ਬੱਧੀ ਪੰਜਾਬੀ 'ਚ ਪ੍ਰਵਾਸੀ ਸੰਮੇਲਨ ਕਰਵਾਏ ਵੋਟਾਂ ਦੀ ਪ੍ਰਾਪਤੀ ਲਈ, ਪਰ ਪੰਜਾਬੀਆਂ ਕੀ ਖੱਟਿਆ?

ਪੰਜਾਬ ਸਰਕਾਰਾਂ ਨੇ ਕਦੇ ਖੇਡਾਂ ਨੂੰ ਉਤਸ਼ਾਹਿਤ ਕਰਨ ਵੱਲ ਨਜ਼ਰ ਸਵੱਲੀ ਨਹੀਂ ਕੀਤੀ। ਕਿਥੇ ਗਏ ਹਰ ਵਰ੍ਹੇ ਪੰਚਾਇਤਾਂ, ਪਿੰਡਾਂ 'ਚ ਕਰਵਾਏ ਜਾਣ ਵਾਲੇ ਬਲਾਕ, ਜ਼ਿਲ੍ਹਾ, ਸੂਬਾ ਪੱਧਰੀ ਖੇਡ ਮੁਕਾਬਲੇ? ਸਿਰਫ਼ ਸਕੂਲਾਂ 'ਚ ਸਿਮਟ ਕੇ ਰਹਿ ਗਏ ਹਨ ਇਹ ਖੇਡ ਮੁਕਾਬਲੇ, ਖੋ-ਖੋ, ਕਬੱਡੀ, ਫੁੱਟਬਾਲ, ਵਾਲੀਬਾਲ, ਟੇਬਲ ਟੈਨਿਸ ਦੇ ਮੁਕਾਬਲਿਆਂ ਤੱਕ ਸੀਮਤ, ਉਹ ਵੀ ਖ਼ਾਨਾਪੂਰਤੀ ਲਈ। ਕਿੰਨੇ ਸਟੇਡੀਅਮ ਹਨ ਸਰਕਾਰ ਦੇ ਸੂਬੇ 'ਚ? ਕਿੰਨੀਆਂ ਜਿੰਮਾਂ ਹਨ ਪੰਜਾਬ 'ਚ? ਕਿੰਨੇ ਕੋਚ ਭਰਤੀ ਕੀਤੇ ਹਨ ਖੇਡ ਵਿਭਾਗ 'ਚ? ਕਿੰਨੇ ਪੀ.ਟੀ.ਆਈ., ਡੀ.ਪੀ.ਆਈ. ਸਿੱਖਿਆ ਵਿਭਾਗ 'ਚ ਤਾਇਨਾਤ ਹਨ? ਕਿੰਨਾ ਬੱਜਟ ਹੈ ਖੇਡ ਵਿਭਾਗ ਦਾ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ? ਪਰ ਤਸੱਲੀ ਵਾਲੀ ਗੱਲ ਹੈ ਪਿੰਡ ਸੰਸਾਰਪੁਰ 'ਚ ਹਾਕੀ ਮੈਦਾਨ ਦਾ ਅੰਤਰਰਾਸ਼ਟਰੀ ਪੱਧਰ ਦਾ ਮੈਦਾਨ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਪੰਜਾਬੀ ਖਿਡਾਰੀ ਭਾਰਤੀ ਹਾਕੀ ਟੀਮ ਦਾ ਹਿੱਸਾ ਹਨ। ਇਹ ਉਹਨਾ ਦੀ ਲਗਨ, ਮਿਹਨਤ, ਸਿਰੜ ਦਾ ਸਿੱਟਾ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਜੇਤੂ ਖਿਡਾਰੀਆਂ ਦਾ ਪੰਜਾਬ ਸਰਕਾਰ ਤੇ ਪੰਜਾਬੀਆਂ ਮਾਣ-ਸਨਮਾਨ ਕੀਤਾ ਹੈ। ਬਹੁਤ ਸਾਰੇ ਪਿੰਡਾਂ 'ਚ ਖੇਡਾ ਸਟੇਡੀਅਮ ਹਨ, ਜਿੰਮਾਂ ਹਨ, ਪਹਿਲਵਾਨਾਂ ਦੇ ਅਖਾੜੇ ਹਨ। ਰਾਏਕੋਟ 'ਚ ਲੋਕ-ਖੇਡਾਂ ਹੁੰਦੀਆਂ ਹਨ। ਜਲੰਧਰ 'ਚ ਹਾਕੀ ਟੂਰਨਾਮੈਂਟ ਹੁੰਦੇ ਹਨ।

ਪਰ ਪੰਜਾਬ ਸਰਕਾਰ ਦੀ ਖੇਡ ਪਾਲਿਸੀ ਕਿੱਥੇ ਹੈ? ਸੂਬੇ ਦਾ ਖੇਡ ਵਿਭਾਗ ਕਾਗਜ਼ਾਂ 'ਚ ਹੋਏਗਾ, ਅਮਲਾਂ 'ਚ ਪੰਜਾਬ 'ਚ ਕਿਧਰੇ ਵਿਖਾਈ ਨਹੀਂ ਦੇਂਦਾ। ਪਿੰਡਾਂ ਦੀਆਂ ਬਰੂਹਾਂ 'ਚ ਤਾਂ ਉਸ ਦੀ ਦਸਤਕ ਨਾ-ਮਾਤਰ ਹੈ। ਇੰਜ ਕਿਵੇਂ ਚੱਲੇਗਾ ਪੰਜਾਬ ਦਾ ਖੇਡ ਸੱਭਿਆਚਾਰ? ਇੰਜ ਕਿਵੇਂ ਬਚੇਗਾ ਪੰਜਾਬ? ਇਕੱਲੀ ਸਰਕਾਰ ਹੀ ਕਿਉਂ, ਸਾਡੇ ਪੰਜਾਬੀ ਧੁਰੰਤਰ, ਪੰਜਾਬੀ ਬੁੱਧੀਜੀਵੀ, ਸੁਚੇਤ ਪੰਜਾਬੀ ਆਪਣੇ ਮਾਮਲਿਆਂ, ਆਪਣੇ ਨਾਲ ਹੁੰਦੇ ਧੱਕਿਆਂ, ਪੰਜਾਬੀਆਂ ਦੀ ਰੂਹ ਖੇਡਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਚੁੱਪ ਕਿਉਂ ਧਾਰੀ ਬੈਠੇ ਹਨ? ਅਸੀਂ ਜਿਹੜੇ ਢੁੱਠਾਂ ਵਾਲੇ, ਵੱਡੇ ਉਦਮੀ, ਬਾਬੇ ਨਾਨਕ ਦੇ ਪੈਰੋਕਾਰ ਕਹਾ ਖ਼ੁਸ਼ੀ 'ਚ ਫੁੱਲੇ ਨਹੀਂ ਸਮਾਂ ਰਹੇ, ਆਖ਼ਿਰ ਆਪਣੀ ਹਾਲਤ ਕ੍ਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਦੀ ਕਵਿਤਾ 'ਅਸੀਂ ਵੱਡੇ-ਵੱਡੇ ਪਹਿਲਵਾਨ' ਵਾਲੀ ਕਿਉਂ ਬਣਾ ਬੈਠੇ ਹਾਂ? ਲਓ ਪੜ੍ਹੋ ਕਵੀ ਦੇ ਬੋਲ:-

ਅਸੀਂ ਵੱਡੇ ਵੱਡੇ ਪਹਿਲਵਾਨ
ਸਵੇਰੇ ਹੀ ਕੱਸ ਲੈਂਦੇ ਹਾਂ ਲੰਗੋਟੇ
ਲੜਨ ਲਈ ਭੁੱਖ ਨੰਗ ਨਾਲ
ਜੋੜ ਤੋੜ, ਜੋੜ ਤੋੜ ਕਰਦੇ ਰਹਿਣਾ ਸਾਡੀ ਕਸਰਤ ਹੈ
ਦਾਅ ਬਹੁਤ ਡਾਢੇ ਨੇ
ਬੋਲਣ ਦੀ ਥਾਂ ਚੁੱਪ ਕਰ ਜਾਣਾ
ਪੀਣ ਦੀ ਥਾਂ ਪਿਆਸੇ ਮਰ ਜਾਣਾ
ਖਾਣ ਦੀ ਥਾਂ ਕਸਮ ਖਾਣੀ ਲੜਦੇ ਰਹਿਣ ਦੀ
ਪਛਾੜਦੇ ਹਾਂ ਵੱਡੇ-ਵੱਡੇ ਪਹਿਲਵਾਨ
ਗਰਦਨ 'ਤੇ ਗੋਡਾ ਧਰ ਕੇ
ਖੇਤ ਪਏ ਗਧੇ ਵਾਲੀ ਜੂਨ ਭੋਗਦੇ ਹਾਂ
ਪਰ ਤਾਂ ਵੀ ਅਸੀਂ ਵੱਡੇ-ਵੱਡੇ ਪਹਿਲਵਾਨ
ਸਵੇਰੇ ਹੀ ਲੰਗੋਟੇ ਕੱਸ ਲੈਂਦੇ।

***# ਸੰਪਰਕ : 98158-02070***

ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਬਿਸ਼ਨ ਸਿੰਘ ਬੁੱਟਰ

ਪ੍ਰੋ. ਗੋਪਾਲ ਸਿੰਘ ਬੁੱਟਰ

ਸ਼ਹੀਦ ਬਿਸ਼ਨ ਸਿੰਘ ਬੁੱਟਰ ਉਹਨਾਂ ਬਹਾਦਰ ਦੇਸ਼ ਭਗਤਾਂ ਦੇ ਆਗੂ ਸਨ, ਜਿਹਨਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਫੌਜ ਵਿੱਚ ਬਗਾਵਤ ਕਰਕੇ ਬਰਤਾਨਵੀ ਸਾਮਰਾਜ ਨੂੰ ਚੁਣੌਤੀ ਦਿੱਤੀ। ਭਾਵੇਂ ਉਹਨਾਂ ਨੂੰ ਇਸ ਦਲੇਰਾਨਾ ਕਾਰਜ ਲਈ ਸਰਕਾਰ ਨੇ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ। ਸ਼ਹੀਦ ਬਿਸ਼ਨ ਸਿੰਘ ਬੁੱਟਰ ਦਾ ਜਨਮ 1915 ਈਸਵੀ ਨੂੰ ਨੰਬਰਦਾਰ ਗੁਰਦਿੱਤ ਸਿੰਘ ਬੁੱਟਰ ਦੇ ਘਰ ਪਿੰਡ ਬੁੱਟਰ ਕਲਾਂ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹਨਾਂ ਨੇ ਮੁਢਲੀ ਤਾਲੀਮ ਡੀ ਬੀ ਮਿਡਲ ਸਕੂਲ ਮਹਿਤਾ ਨੰਗਲ ਤੋਂ ਅਤੇ ਮੈਟਰਿਕ ਗੁਰੂ ਤੇਗ ਬਹਾਦਰ ਖਾਲਸਾ ਹਾਈ ਸਕੂਲ ਬਾਬਾ ਬਕਾਲਾ ਤੋਂ ਕੀਤੀ। ਸ਼ਹੀਦ ਬਿਸ਼ਨ ਸਿੰਘ ਦੇ ਅੱਠਵੀਂ ਤੱਕ ਜਮਾਤੀ ਰਹੇ ਪੰਜਾਬੀ ਹਾਸ ਵਿਅੰਗ ਦੇ ਪ੍ਰਸਿੱਧ ਲੇਖਕ ਸੂਬਾ ਸਿੰਘ ਅਨੁਸਾਰ ਬਿਸ਼ਨ ਸਿੰਘ ਅੱਠਵੀਂ ਵਿੱਚ ਹੀ ਚੰਗਾ ਜਵਾਨ ਲਗਦਾ ਸੀ। ਮੋਟੀਆਂ-ਮੋਟੀਆਂ ਅੱਖਾਂ, ਚੌੜਾ ਖੁੱਲ੍ਹਾ ਚਿਹਰਾ, ਉਭਰਵਾਂ ਮੱਥਾ, ਤਿੱਖਾ ਨੱਕ ਤੇ ਮੋਕਲੇ ਹੱਡ-ਪੈਰ ਉਸ ਦੀ ਮਰਦਾਨਾ ਖੂਬਸੂਰਤੀ ਦੀ ਇੱਕ ਵੱਖਰੀ ਹੀ ਛਵੀ ਦਾ ਪ੍ਰਭਾਵ ਪਾਉਂਦੇ ਸਨ।

ਮਹਿਤਾ ਨੰਗਲ ਸਕੂਲ ਦੇ ਰਸਤੇ ਵਿੱਚ ਗੁਰਦਵਾਰਾ ਸਿੰਘ- ਬੇਲਾ ਪੈਂਦਾ ਸੀ, ਜੋ ਅਸਲ ਵਿੱਚ ਕਿਰਤੀ ਦੇਸ਼ ਭਗਤਾਂ ਦਾ ਗੁਪਤ ਅੱਡਾ ਸੀ। ਸਕੂਲ ਆਉਂਦੇ-ਜਾਂਦੇ ਬਿਸ਼ਨ ਸਿੰਘ ਇੱਥੇ ਭਾਈ ਸੰਤੋਖ ਸਿੰਘ ਧਰਦਿਉ, ਸੰਤ ਇੰਦਰ ਸਿੰਘ ਮੁਰਾਰੀ ਅਤੇ ਸੰਤ ਅਮਰ ਸਿੰਘ ਗਿਲਤੀ ਵਾਲੇ ਵਰਗੇ ਦੇਸ਼ ਭਗਤਾਂ ਦੀ ਸੰਗਤ ਮਾਣਦਾ ਤੇ ਉਹਨਾਂ ਦੇ ਵਿਚਾਰ ਸੁਣਦਾ ਰਹਿੰਦਾ! ਇੱਥੋਂ ਹੀ ਬਿਸ਼ਨ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਮਿਲੀ, ਜਿਸ ਨੇ ਉਸ ਦੇ ਮਨ ਵਿੱਚ ਅਜ਼ਾਦੀ ਦਾ ਸੁਪਨਾ ਬੀਜ ਦਿੱਤਾ। ਜਦ ਆਰਥਿਕ ਹਾਲਾਤ ਉਸ ਨੂੰ ਫੌਜ ਦੇ ਇੱਕੀ ਨੰਬਰ ਰਸਾਲੇ ਦੀ ਨੌਕਰੀ ਵੱਲ ਲੈ ਗਏ ਤਾਂ ਵੀ ਉਹ ਗੁਲਾਮੀ ਤੋਂ ਨਿਜ਼ਾਤ ਪਾਉਣ ਬਾਰੇ ਸੋਚਦਾ ਰਹਿੰਦਾ। ਉਹ ਇਕ ਵਾਰ ਛੁੱਟੀ ਲੈ ਕੇ ਘਰ ਆਉਣ ਦੀ ਥਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਮਿਲਣ ਸੇਵਾ ਗ੍ਰਾਮ ਨੇੜੇ ਵਾਰਧਾ ਜਾ ਪੁੱਜਾ। ਉਹ ਫੌਜ ਵਿਚਲੇ ਆਪਣੇ ਹਮਖਿਆਲ ਸਹਿਕਰਮੀਆਂ ਵਿੱਚ ਕਿਰਤੀ ਪਰਚੇ ਅਤੇ ਹੋਰ ਸਰਕਾਰ ਵਿਰੋਧੀ ਸਾਹਿਤ ਵੰਡਦਾ ਰਹਿੰਦਾ ਅਤੇ ਸਾਥੀਆਂ ਨੂੰ ਗੁਲਾਮੀ ਦੀ ਜ਼ਿੱਲਤ ਤੋਂ ਨਿਜ਼ਾਤ ਪਾਉਣ ਲਈ ਲੋਕ ਯੁੱਧ ਵੱਲ ਧਿਆਨ ਦੇਣ ਲਈ ਪ੍ਰੇਰਦਾ ਰਹਿੰਦਾ ਸੀ।



ਜਦ ਦੂਜੇ ਵਿਸ਼ਵ ਯੁੱਧ ਸਮੇਂ ਉਹਨਾਂ ਨੂੰ 17 ਜੁਲਾਈ 1940 ਨੂੰ ਮਿਸਰ, ਅਫਰੀਕਾ ਅਤੇ ਹੋਰ ਯੂਰਪੀਨ ਦੇਸ਼ਾਂ ਵਿੱਚ ਜਾ ਕੇ ਬਰਤਾਨਵੀ ਸਰਕਾਰ ਵੱਲੋ ਲੜਾਈ ਵਿੱਚ ਸ਼ਾਮਲ ਹੋਣ ਦਾ ਹੁਕਮ ਹੋਇਆ ਤਾਂ ਇੱਕੀ ਨੰਬਰ ਰਸਾਲੇ ਦੇ 112 ਜਵਾਨਾਂ ਨੇ ਬੰਬਈ ਦੇ ਗੁਰਦਵਾਰੇ ਵਿੱਚ ਜਾ ਕੇ ਬਿਸ਼ਨ ਸਿੰਘ ਬੁੱਟਰ ਦੀ ਅਗਵਾਈ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਬਗਾਵਤ ਕਰਨ ਦੀਆਂ ਕਸਮਾਂ ਖਾਧੀਆਂ।

ਇਹਨਾਂ ਵੱਲੋਂ ਬੰਬਈ ਬੰਦਰਗਾਹ ਤੇ ਸਮੁੰਦਰੀ ਜਹਾਜ਼ਾਂ ਉਤੇ ਚੜ੍ਹਨ ਤੋਂ ਇਨਕਾਰ ਕਰਨ ਨਾਲ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਸਰਕਾਰ ਨੇ ਇਸ ਬਗਾਵਤ ਦੀ ਅੱਗ ਨੂੰ ਅੱਗੇ ਵਧਣ ਤੋਂ ਰੋਕਣ ਲਈ ਕਾਹਲੀ-ਕਾਹਲੀ ਵਿੱਚ ਕੋਟ ਮਾਰਸ਼ਲ ਕੀਤਾ ਅਤੇ ਵਿਦਰੋਹੀ ਦੇਸ਼ ਭਗਤਾਂ ਨੂੰ ਸਖਤ ਸਜ਼ਾਵਾਂ ਸੁਣਾ ਦਿੱਤੀਆਂ। ਬਿਸ਼ਨ ਸਿੰਘ ਬੁੱਟਰ ਨੂੰ ਉਸ ਦੇ ਤਿੰਨ ਕਰੀਬੀ ਸਾਥੀਆਂ ਸਮੇਤ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਬਾਕੀ ਦੇਸ਼ ਭਗਤਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। 6 ਸਤੰਬਰ 1940 ਨੂੰ ਸਿਕੰਦਰਾਬਾਦ ਸਿਵਲ ਜੇਲ੍ਹ ਵਿੱਚ ਬਿਸ਼ਨ ਸਿੰਘ ਬੁੱਟਰ, ਗੁਰਚਰਨ ਸਿੰਘ ਚੌਗਾਵਾਂ ਸਾਧਪੁਰ, ਸਾਧੂ ਸਿੰਘ ਦਦੇਹਰ ਅਤੇ ਅਜਾਇਬ ਸਿੰਘ ਨੰਦਗੜ੍ਹ ਨੂੰ ਫਾਂਸੀ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ। ਅੱਜ ਸ਼ਹੀਦ ਸਰਦਾਰ ਬਿਸ਼ਨ ਸਿੰਘ ਬੁੱਟਰ ਦੇ ਸਪੁਤਰ ਸ: ਕਸ਼ਮੀਰ ਸਿੰਘ ਦੇ ਘਰ ਪਿੰਡ ਬੁੱਟਰ ਕਲਾਂ (ਅੰਮ੍ਰਿਤਸਰ) ਵਿਖੇ ਇਹਨਾਂ ਦੇਸ਼ ਭਗਤ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾ ਰਿਹਾ ਹੈ।

**# ਸੰਪਰਕ : 99150-05814**

# ਬੁਢਾਪੇ ਦਾ ਦਰਦ; ਮੈਂ ਪੈਸੇ ਕਿੱਥੋਂ ਦਿਆਂ



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

ਮੈਨੂੰ ਪੂਰੀ ਹੋਸ਼ ਸੀ ਜਦੋਂ ਅਸੀਂ ਪਿੰਡ ਰਹਿੰਦੇ ਹੋਏ ਅਕਸਰ ਹੀ ਅਸੀਂ ਤਾਏ ਜਗਮੇਲ ਸਿੰਘ ਦੇ ਘਰ ਖੇਡਣ ਚਲੇ ਜਾਂਦੇ ਸੀ। ਸੁੱਖ ਨਾਲ ਟੱਬਰ ਸਾਡਾ ਵੀ ਵਾਹਵਾ ਵੱਡਾ ਸੀ ਤੇ ਉਹਨਾਂ ਦਾ ਵੀ। ਉਦੋਂ ਜ਼ਮਾਨਾ ਹੀ ਇਹੋ ਜਿਹਾ ਸੀ ਕਿ ਔਂਡੀ ਭੂਆ ਤੇ ਚਾਚੇ ਉਂਦੇ ਸੀ ਤੇ ਓਡੇ ਹੀ ਭਤੀਜੇ ਭਾਤੀਤੀਜ਼ੀਆਂ। ਇਕੱਠਿਆਂ ਨੇ ਖੇਡਣਾ ਜਿਥੋਂ ਖਾਣ ਨੂੰ ਮਿਲ ਜਾਣਾ ਉਥੋਂ ਹੀ ਖਾ ਲੈਣਾ। ਕੋਈ ਪ੍ਰਵਾਹ ਨਹੀਂ ਸੀ ਹੁੰਦੀ। ਬੇਸ਼ੱਕ ਜਗਮੇਲ ਸਿੰਘ ਨਾ ਤਾਂ ਸਾਡੇ ਸ਼ਰੀਕੇ ਵਿੱਚੋਂ ਸੀ ਤੇ ਨਾ ਹੀ ਸਾਡੀ ਬਰਾਦਰੀ ਦਾ। ਏਨਾ ਜ਼ਰੂਰ ਸੀ ਕਿ ਉਹ ਵੀ ਸੰਤਾਲੀ ਦੀ ਵੰਡ ਸਮੇਂ ਪਾਕਿਸਤਾਨ 'ਚੋ ਉੱਜੜ ਕੇ ਆਏ ਸੀ ਤੇ ਸਾਡੇ ਵੀ ਪਰਵਾਰ ਉਧਰੋਂ ਉੱਜੜ ਕੇ ਆਏ ਸੀ। ਜਿਵੇਂ-ਜਿਵੇਂ ਅਲਾਟਮੈਂਟਾਂ ਹੋਈਆਂ, ਉਵੇਂ ਹੀ ਇੱਧਰ ਵਸਦੇ ਗਏ। ਸਾਡਾ ਤਾਂ ਪਿੰਡ ਸਾਰਾ ਹੀ ਮੁਸਲਮਾਨਾਂ ਦਾ ਹੁੰਦਾ ਸੀ, ਜਿਸ ਕਰਕੇ ਉਹ ਘਰ ਖਾਲੀ ਕਰਕੇ ਚਲੇ ਗਏ ਸੀ।

ਉਹਨਾਂ ਦੇ ਖਾਲੀ ਘਰਾਂ ਵਿੱਚ ਸਾਡਿਆਂ ਪਰਵਾਰਾਂ ਨੇ ਰਹਿਣਾ ਸ਼ੁਰੂ ਕਰ ਦਿੱਤਾ। ਬਸ ਹੌਲੀ-ਹੌਲੀ ਕਰਕੇ ਇੱਕ-ਦੂਜੇ ਨਾਲ ਵਰਤਣ ਭਾਜ਼ੀ ਸ਼ੁਰੂ ਹੋ ਗਈ। ਸਾਡੇ ਸਾਰੇ ਭੈਣ-ਭਰਾ ਉਸ ਨੂੰ ਤਾਇਆ ਕਹਿ ਕੇ ਬੁਲਾਉਂਦੇ ਹੁੰਦੇ ਸੀ। ਸਾਡੀ ਤਾਈ ਗੁਰੋਂ ਦਾ ਸੁਭਾਅ ਵੀ ਬਹੁਤ ਵਧੀਆ ਹੁੰਦਾ ਸੀ। ਉਸ ਨੇ ਕਦੇ-ਕਦਾਈਂ ਡੁੱਲ੍ਹੇ ਵਿਗੜੇ ਤੋਂ ਆਪਣੇ ਜਵਾਕਾਂ ਨੂੰ ਝਿੜਕ ਲੈਣਾ ਪਰ ਸਾਨੂੰ ਨਹੀਂ। ਉਹਨਾਂ ਦੇ ਜਵਾਕ ਵੀ ਨਹੀਂ ਪੜ੍ਹਨ ਜਾਂਦੇ ਸੀ ਤੇ ਅਸੀਂ ਵੀ। ਇੱਕ ਤਾਂ ਪਿੰਡ ਬਾਰਡਰ 'ਤੇ ਸੀ, ਦੂਜਾ ਸਕੂਲ ਵੀ ਨਾ ਹੋਇਆਂ ਵਰਗਾ ਹੁੰਦਾ ਸੀ। ਮੇਰੇ ਅੱਖੀਂ ਵੇਖਣ ਦੀ ਗੱਲ ਹੈ ਕਿ ਸਕੂਲ ਇੱਕ ਮੁਸਲਮਾਨਾਂ ਦੇ ਸਮੇਂ ਦੀ ਇੱਕ ਢੱਠੀ ਜਿਹੀ ਮਸਜਿਦ ਵਿੱਚ ਹੁੰਦਾ ਸੀ। ਜਿੱਥੇ ਇੱਕ ਅੱਧਾ ਮਾਸਟਰ ਜਾਂ ਭੈਣ ਜੀ ਟੁੱਟੀ ਜਿਹੀ ਕੁਰਸੀ 'ਤੇ ਬੈਠੇ ਨਜ਼ਰ ਆਉਂਦੇ ਸੀ। ਪੰਜ-ਸੱਤ ਜਵਾਕ ਲਿੱਬੜੇ-ਤਿੱਬੜੇ ਪੜ੍ਹਨ ਆਉਂਦੇ ਸੀ। ਸਾਡੇ ਵੱਡਿਆਂ ਨੇ ਕਹਿਣਾ ਕਿ ਇਹਨਾਂ ਜਵਾਕਾਂ ਨੂੰ ਕੰਮ-ਧੰਦੇ 'ਤੇ ਲਾਇਆ ਕਰੋ। ਇਹਨਾਂ ਨੇ ਪੜ੍ਹ ਕੇ ਕਿਹੜਾ ਡੀਸੀ ਲੱਗਣਾ ਹੈ, ਪਰ ਜਗਮੇਲ ਸਿੰਘ ਆਪ ਖ਼ੁਦ ਉਰਦੂ ਦੀਆਂ ਅੱਠ-ਨੌਂ ਜਮਾਤਾਂ ਪੜ੍ਹਿਆ ਹੋਇਆ ਸੀ, ਜਿਸ ਕਰਕੇ ਉਸ ਨੇ ਆਪਣੇ ਸਾਰੇ ਹੀ ਜਵਾਕ ਸਕੂਲੇ ਪੜ੍ਹਨੇ ਲਾ ਦਿੱਤੇ। ਹੌਲੀ-ਹੌਲੀ ਸਕੂਲ ਦੀ ਪਿੰਡ ਵਾਲਿਆਂ ਨੇ ਇੱਕ ਇਮਾਰਤ ਵੀ ਬਣਵਾ ਦਿੱਤੀ। ਕੋਈ ਮੰਤਰੀ ਆਇਆ ਤੇ ਉਸ ਨੇ ਸਕੂਲ ਨੂੰ ਪ੍ਰਾਇਮਰੀ ਤੋਂ ਮਿਡਲ ਬਣਾ ਦਿੱਤਾ। ਅੱਜ ਹੋਰ ਤੇ ਕੱਲ੍ਹ ਹੋਰ। ਜਿਹੜੇ ਜਵਾਕਾਂ ਨੂੰ ਪਿੱਛੋਂ ਡੰਡਿਆਂ ਦਾ ਡਰ ਸੀ, ਉਹ ਪੜ੍ਹ-ਲਿਖ ਗਏ ਤੇ ਜਿਹਨਾਂ ਨੂੰ ਨਹੀਂ ਸੀ, ਉਹ ਡੰਗਰ ਚਾਰਨ ਲੱਗ ਪਏ। ਜਗਮੇਲ ਸਿੰਘ ਨੇ ਦਿਨ-ਰਾਤ ਮਿਹਨਤ ਕਰਕੇ ਆਪਣੀਆਂ ਤਿੰਨਾਂ ਧੀਆਂ ਤੇ ਤਿੰਨਾਂ ਪੁੱਤਰਾਂ ਨੂੰ ਚੰਗਾ ਪੜ੍ਹਾ ਲਿਖਾ ਦਿੱਤਾ। ਵੱਡਾ ਮੁੰਡਾ ਪੜ੍ਹ-ਲਿਖ ਕੇ ਵੀ ਆਪਣੇ ਪਿਉ ਨਾਲ ਕੰਮ ਕਰਵਾਉਣ ਲੱਗ ਪਿਆ।



ਛੋਟੇ ਦੋਵੇਂ ਅੰਮ੍ਰਿਤਸਰ ਕਿਸੇ ਹਸਪਤਾਲ ਵਿੱਚ ਕੋਰਸ ਕਰਨ ਲੱਗ ਪਏ। ਕੁੜੀਆਂ ਵਿਹਾਈਆਂ ਗਈਆਂ ਆਪੋ-ਆਪਣੇ ਘਰ ਚਲੀਆਂ ਗਈਆਂ। ਵੱਡਾ ਮੁੰਡਾ ਬਿੱਲਾ ਬਾਪੂ ਵਾਲੇ ਕੰਮ ਵਿੱਚ ਮਾਹਿਰ ਹੋ ਗਿਆ, ਪਰ ਉਸ ਨੇ ਸੇਪੀ ਛੱਡ ਕੇ ਨਗਦ ਪੈਸੇ ਲੈ ਕੇ ਕੰਮ ਕਰਨਾ। ਵਿਚਕਾਰਲਾ ਮੁੰਡਾ ਛਿੰਦਾ ਡਾਕਟਰੀ ਦਾ ਕੰਮ ਸਿੱਖ ਕੇ ਆ ਗਿਆ। ਬਜ਼ਾਰ ਵਿੱਚ ਇੱਕ ਨਿੱਕਾ ਜਿਹਾ ਕਲੀਨਿਕ ਬਣਾ ਕੇ ਬੈਠ ਗਿਆ। ਬਸ ਉਸ ਦੇ ਬੈਠਣ ਦੀ ਹੀ ਦੇਰ ਸੀ ਕਿ ਮਰੀਜ਼ਾਂ ਦੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ। ਹੱਥ ਦਾ ਬਹੁਤ ਸਿਆਣਾ ਸੀ, ਪਰ ਪੈਸਿਆਂ ਵਾਲੇ ਆਹੂ ਲਾਹੁਣ ਲੱਗ ਪਿਆ। ਜਗਮੇਲ ਸਿੰਘ ਦੇ ਦਿਨ ਬਦਲਣ ਲੱਗ ਪਏ। ਇੰਨੇ ਨੂੰ ਛੋਟਾ ਮੁੰਡਾ ਰੂਪਾ ਵੀ ਕੋਰਸ ਕਰਕੇ ਭਰਾ ਨਾਲ ਹੱਥ ਵਟਾਉਣ ਲੱਗ ਪਿਆ। ਦੋਹਾਂ ਦੀ ਡਾਕਟਰੀ ਖ਼ੂਬ ਚੱਲੀ। ਸਾਰਿਆਂ ਦੇ ਵਿਆਹ ਹੋ ਗਏ। ਹਰ ਇੱਕ ਬੰਦਾ ਜਗਮੇਲ ਸਿੰਘ ਦੀ ਇੱਜ਼ਤ ਕਰਦਾ, ਪਰ ਜਗਮੇਲ ਸਿੰਘ ਵਿੱਚ ਕੋਈ ਫਰਕ ਨਹੀਂ ਸੀ ਆਇਆ। ਜਿਵੇਂ ਦਾ ਪਹਿਲਾਂ ਸੀ, ਉਵੇਂ ਹੀ ਹੁਣ ਸੀ। ਜਿਵੇਂ ਸਿਆਣੇ ਕਹਿੰਦੇ ਨੇ ਕਿ ਵਪਾਰ ਤੇ ਰੁੱਖ ਦੀ ਵਧਣ ਦੀ ਇੱਕ ਸੀਮਾ ਹੁੰਦੀ ਹੈ।

ਇੱਕ ਸਮਾਂ ਆਉਂਦਾ ਹੈ ਜਦੋਂ ਰੁੱਖ ਦਾ ਵਧਣਾ ਬੰਦ ਹੋ ਜਾਂਦਾ ਹੈ। ਇਸੇ ਤਰ੍ਹਾਂ ਵਪਾਰ ਇੱਕ ਦਿਨ ਵਧਣਾ ਬੰਦ ਹੋ ਜਾਂਦਾ ਹੈ। ਉਹੀ ਗੱਲ ਜਗਮੇਲ ਸਿੰਘ ਦੇ ਘਰ ਦੀ ਹੋਈ। ਪਹਿਲਾਂ ਵੱਡਾ ਪੁੱਤਰ ਬਿੱਲਾ ਵੱਖਰਾ ਹੋ ਗਿਆ। ਫਿਰ ਥੋੜ੍ਹੇ ਚਿਰ ਬਾਅਦ ਛਿੰਦਾ ਤੇ ਰੂਪਾ। ਕਿਸੇ ਵੀ ਪੁੱਤਰ ਨੇ ਇਹ ਨਾ ਕਿਹਾ ਕਿ ਬਾਪੂ ਤੂੰ ਸਾਡੇ ਨਾਲ ਰਹਿ। ਜਿਹੜਾ ਸਾਂਝਾ ਘਰ ਸੀ, ਉਹ ਬਿੱਲੇ ਨੇ ਲੈ ਲਿਆ ਤੇ ਬਾਕੀ ਡਾਕਟਰਾਂ ਨੇ ਬਾਹਰ ਥਾਂ ਲੈ ਕੇ ਘਰ ਬਣਾ ਲਏ। ਵੰਡ ਕਰਦੇ ਸਮੇਂ ਮੁੰਡਿਆਂ ਦੀ ਆਪਸ ਵਿੱਚ ਕੋਈ ਤਤਕਾਰ ਹੋ ਗਈ, ਜਿਸ ਕਰਕੇ ਬਾਪੂ ਨੂੰ ਕਿਸੇ ਨੇ ਵੀ ਨਾਲ ਨਾ ਰੱਖਿਆ। ਹੁਣ ਜਗਮੇਲ ਸਿੰਘ ਬੁੱਢਾ ਵੀ ਹੋ ਚੁੱਕਾ ਸੀ। ਸਾਰਾ ਪੈਸਾ-ਧੇਲਾ ਮੁੰਡਿਆਂ ਨੂੰ ਸੈੱਟ ਕਰਨ 'ਤੇ ਲਾ ਦਿੱਤਾ। ਕੁੱਝ ਕੁੜੀਆਂ ਦੇ ਵਿਆਹਾਂ 'ਤੇ ਖਰਚ ਕਰ ਦਿੱਤਾ। ਜਿਹੜੀ ਦੋ ਕਨਾਲਾਂ ਜ਼ਮੀਨ ਸੀ, ਉਹ ਵੀ ਵੇਚ ਚੁੱਕਾ ਸੀ। ਹੁਣ ਦੋਵੇਂ ਬੇਸਹਾਰਾ ਹੋ ਕੇ ਆਪਣੀ ਅਖੀਰਲੀ ਜ਼ਿੰਦਗੀ ਕੱਟਣ ਲੱਗ ਪਏ। ਥੋੜ੍ਹਾ ਹੀ ਸਮਾਂ ਬੀਤਿਆ ਕਿ ਜੀਵਨ ਸਾਥੀ ਗੁਰੋਂ ਤਾਈ ਵੀ ਚੱਲ ਵੱਸੀ। ਹੁਣ ਜਗਮੇਲ ਸਿੰਘ ਸੋਚਣ ਲਗ ਪਿਆ ਕਿ ਮੈਂ ਕਿਸ ਨਾਲ ਰਹਾਂਗਾ। ਭੋਗ ਤੋਂ ਬਾਅਦ ਜਦੋਂ ਰਿਸ਼ਤੇਦਾਰ ਇਕੱਠੇ ਬੈਠੇ ਸਨ।

ਜਗਮੇਲ ਸਿੰਘ ਨੇ ਆਪਣਾ ਪੱਖ ਉਹਨਾਂ ਅੱਗੇ ਰੱਖ ਦਿੱਤਾ ਕਿ ਮੇਰੇ ਬਾਰੇ ਸੋਚੋ ਕਿ ਮੈਨੂੰ ਕਿਸ ਨਾਲ ਰਹਿਣ ਵਾਸਤੇ ਕਹਿਣਾ ਜੇ। ਵੱਡੇ ਮੁੰਡੇ ਬਿੱਲੇ ਤੇ ਸਾਰਿਆਂ ਤੋਂ ਨਿੱਕੇ ਮੁੰਡੇ ਰੂਪੇ ਨੇ ਸਾਫ ਜਵਾਬ ਦੇ ਦਿੱਤਾ ਕਿ ਅਸੀਂ ਬੁੱਢੇ ਨੂੰ ਆਪਣੇ ਪਰਵਾਰ ਵਿੱਚ ਨਹੀਂ ਰੱਖ ਸਕਦੇ। ਐਵੇਂ ਸਾਰਾ ਦਿਨ ਖਹੂ -ਖਹੂ ਕਰਦਾ ਰਹੇਗਾ। ਹੁਣ ਰਹਿ ਗਿਆ ਵਿਚਕਾਰਲਾ ਛਿੰਦਾ, ਉਹ ਕਹਿਣ ਲੱਗਾ ਕਿ ਜੇ ਬੁੱਢੇ ਨੇ ਮੇਰੇ ਨਾਲ ਰਹਿਣਾ ਹੈ ਤੇ ਮੈਨੂੰ ਖਰਚਾ ਚਾਹੀਦਾ ਹੈ। ਇਸ ਦੇ ਲੀੜੇ, ਕੱਪੜੇ ਵੀ ਧੋਣੇ ਨੇ, ਰੋਟੀ ਟੁੱਕ ਵੀ ਦੇਣਾ ਹੈ। ਦਵਾ-ਦਾਰੂ ਦਾ ਖਰਚ ਹੋਵੇਗਾ। ਸਾਰੇ ਰਿਸ਼ਤੇਦਾਰ ਤੇ ਕੁੜੀਆਂ ਉਸ ਦੇ ਮੂੰਹ ਵੱਲ ਵੇਖਣ ਲੱਗ ਪਏ ਕਿ ਇਹ ਕੀ ਆਖ ਰਿਹਾ ਹੈ। ਹਾਂ ਮੈਂ ਸਹੀ ਬੋਲ ਰਿਹਾ ਹਾਂ, ਇਹ ਪਿਉ ਕੋਈ ਮੇਰੇ ਇਕੱਲੇ ਦਾ ਨਹੀਂ। ਸਗੋਂ ਆਪਣੇ ਛੀਆਂ ਭੈਣ-ਭਰਾਵਾਂ ਦਾ ਹੈ। ਬੁੱਢਾ ਜਗਮੇਲ ਸਿੰਘ ਰੋਂਦਾ ਹੋਇਆ ਬੋਲਿਆ 'ਮੈ ਪੈਸੇ ਕਿਥੋਂ ਲਿਆਵਾਂਗਾ'। ਮੇਰੇ ਕੋਲ ਤੁਹਾਨੂੰ ਦੇਣ ਵਾਸਤੇ ਪੈਸੇ-ਪੂਸੇ ਕਿੱਥੇ ਹਨ। ਤੁਸੀਂ ਮੈਨੂੰ ਬਿਰਧ ਆਸ਼ਰਮ ਵਿੱਚ ਛੱਡ ਆਓ। ਜਿਹੜੀ ਚਾਰ ਦਿਨ ਜ਼ਿੰਦਗੀ ਦੇ ਬਚੇ ਹਨ।' ਉਹ ਮੈਂ ਰੁਲ ਖੁਲ ਕੇ ਉੱਥੇ ਕੱਟ ਲਾਵਾਂਗਾ। ਮੈਨੂੰ ਤੁਸੀਂ ਸਾਰੇ ਮੁਆਫ ਕਰ ਦਿਓ। ਰੱਬ ਚੰਗਾ ਹੁੰਦਾ ਤੇ ਮੈਨੂੰ ਵੀ ਨਾਲ ਹੀ ਚੁੱਕ ਲੈਂਦਾ, ਆਹ ਦਿਨ ਤਾਂ ਮੈਨੂੰ ਨਾ ਵੇਖਣੇ ਪੈਂਦੇ। ਇੰਨੀ ਗੱਲ ਸੁਣ ਕੇ ਛੋਟਾ ਜਵਾਈ ਬਾਂਹ ਫੜ ਕੇ ਉਸ ਨੂੰ ਨਾਲ ਲੈ ਗਿਆ। ਕਿਸੇ ਵੀ ਪੁੱਤ-ਪੋਤਰੇ ਨੇ ਉਸ ਦੀ ਬਾਂਹ ਨਾ ਛੁਡਾਈ ਕਿ ਬਾਪੂ ਤੂੰ ਘਰੋਂ ਬਾਹਰ ਨਾ ਜਾਹ। ਤੂੰ ਸਾਡੇ ਲਈ ਕੀ ਨਹੀਂ ਕੀਤਾ।

**# ਸੰਪਰਕ : 75891-55501**

# ਦਲਿਤ ਗ਼ਰੀਬਾਂ ਦੀ ਬਿਜਲੀ ਮਾਫ਼ੀ ਕੱਟ ਕੇ ਭੇਜੇ ਬਿੱਲਾਂ ਦੀ ਜਬਰੀ ਵਸੂਲੀ ਦਾ ਵਿਰੋਧ

## ਨਜਾਇਜ਼ ਭੇਜੇ ਬਿਜਲੀ ਬਿੱਲ ਰੱਦ ਕਰਨ ਦੀ ਮੰਗ



**ਜਗਰਾਓਂ (ਨਛੱਤਰ ਸੰਧੂ)**-ਪੰਜਾਬ ਵਿੱਚ ਦਲਿਤ ਭਾਈਚਾਰੇ ਨੂੰ ਅਨੁਸੂਚਿਤ ਜਾਤੀਆਂ ਦੇ ਅਧਾਰ ’ਤੇ ਬਿਜਲੀ ਬਿੱਲਾਂ ਉੱਪਰ ਮਿਲ ਰਹੀ ਮੁਆਫੀ ਕੱਟ ਕੇ ਭੇਜੇ ਹਜ਼ਾਰਾਂ ਰੁਪਏ ਬਿਜਲੀ ਬਿਲਾਂ ਦੇ ਕਾਰਨ ਖੜੇ ਬਕਾਇਆ ਦੀ ਪਾਵਰਕਾਮ ਵੱਲੋਂ ਜਬਰੀ ਵਸੂਲੀ ਦੇ ਵਿਰੋਧ ਵਿੱਚ ਪਿੰਡ ਪਿੰਡ ਭਗਵੰਤ ਮਾਨ ਹਕੂਮਤ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ।ਪਾਵਰਕਾਮ ਸਬ ਡਵੀਜ਼ਨ ਸਿੱਧਵਾਂ ਖ਼ੁਰਦ ਦੇ ਐੱਸ ਡੀ ਓ ਵੱਲੋਂ ਮਜ਼ਦੂਰਾਂ ਨੂੰ ਨਜਾਇਜ਼ ਭੇਜੇ ਗਏ ਬਿਜਲੀ ਬਿੱਲ ਭਰਨ ਦੇ ਹੁਕਮ ਦੇ ਕੇ ਮਜ਼ਦੂਰਾਂ ਦੇ ਕੁਨੈਕਸ਼ਨ ਕੱਟਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।ਪਾਵਰਕਾਮ ਤੇ ਭਗਵੰਤ ਮਾਨ ਹਕੂਮਤ ਦੀ ਇਸ ਧੱਕੇਸ਼ਾਹੀ ਖਿਲਾਫ ਪਿੰਡ ਸਿੱਧਵਾਂ ਕਲਾਂ ਦੇ ਦਲਿਤਾਂ, ਪੇਂਡੂ ਮਜ਼ਦੂਰਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਇਲਾਕਾ ਪ੍ਰਧਾਨ ਕੁਲਵੰਤ ਸਿੰਘ ਸੋਨੀ ਨੇ ਕਿਹਾ ਕਿ ਦਲਿਤ ਮਜ਼ਦੂਰਾਂ ਨੂੰ ਪਾਵਰਕਾਮ ਵੱਲੋਂ ਭੇਜੇ ਬਿਜਲੀ ਬਿੱਲਾਂ ਦੀ ਸਾਨੂੰ ਪਿਛਲੇ ਸਾਲ ਪੜਚੋਲ ਕਰਨ ਪਤਾ ਲੱਗਿਆ ਸੀ ਕਿ ਦਲਿਤ ਗਰੀਬ ਪਰਵਾਰਾਂ ਦੇ ਬਿਜਲੀ ਬਿੱਲ ਐੱਸ ਸੀ ਕੈਟਾਗਰੀ ’ਚੋਂ ਕੱਢ ਕੇ ਜਨਰਲ ਕੈਟਾਗਰੀ ਵਿੱਚ ਪਾਏ ਗਏ ਸਨ, ਜਿਸ ਕਾਰਨ ਦਿਹਾੜੀਦਾਰ ਗਰੀਬ ਦਲਿਤ ਪਰਵਾਰਾਂ ਨੂੰ ਪਾਵਰਕਾਮ ਵੱਲੋਂ ਮੁਆਫ਼ ਕੀਤੀਆਂ ਯੂਨਿਟਾਂ ਦੇ ਵੀ ਪੈਸੇ ਪਾ ਕੇ ਹਜ਼ਾਰਾਂ ਰੁਪਏ ਬਿਜਲੀ ਦੇ ਬਿੱਲ ਭੇਜੇ ਗਏ ਹਨ।ਇਸ ਸਬੰਧੀ ਉਸ ਵੇਲੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਇਸ ਵਧੀਕੀ ਵਿਰੁੱਧ ਸੰਘਰਸ਼ ਕੀਤਾ ਗਿਆ ਤਾਂ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਲਿਤ ਵਰਗ ਦੀ ਕੱਟੀ ਬਿਜਲੀ ਬਿੱਲ ਮੁਆਫ਼ੀ ਬਹਾਲ ਕਰ ਕੇ ਨਜਾਇਜ਼ ਆਏ ਬਿਜਲੀ ਬਿੱਲਾਂ ਦੇ ਬਕਾਏ ਰੱਦ ਕਰਨ ਦਾ ਭਰੋਸਾ ਦਿੱਤਾ ਸੀ, ਵਿੱਤ ਮੰਤਰੀ ਪੰਜਾਬ ਦੇ ਭਰੋਸੇ ਤੋਂ ਬਾਅਦ ਦਲਿਤ ਪਰਵਾਰਾਂ ਦੀ ਕੱਟੀ ਬਿਜਲੀ ਬਿੱਲ ਮੁਆਫੀ ਤਾਂ ਭਾਵੇਂ ਮੁੜ ਬਹਾਲ ਕਰ ਦਿੱਤੀ ਗਈ ਹੈ, ਪਰ ਦਲਿਤ ਮਜ਼ਦੂਰਾਂ ਨੂੰ ਭੇਜੇ ਨਜਾਇਜ਼ ਬਿਜਲੀ ਬਿੱਲਾਂ ਦੇ ਬਕਾਇਆਂ ਦਾ ਮਾਮਲਾ ਜਿਉਂ ਦਾ ਤਿਉਂ ਹੀ ਖੜਾ ਹੈ।ਉਨ੍ਹਾਂ ਮੰਗ ਕੀਤੀ ਕਿ ਦਲਿਤ ਮਜ਼ਦੂਰਾਂ ਨੂੰ ਭੇਜੇ ਨਜਾਇਜ਼ ਬਿਜਲੀ ਬਿੱਲਾਂ ਦੇ ਬਕਾਇਆਂ ਨੂੰ ਤਰੁੰਤ ਰੱਦ ਕੀਤਾ ਜਾਵੇ।ਉਨ੍ਹਾਂ ਦੱਸਿਆ ਕਿ ਸਾਰੇ ਤਬਕਿਆਂ ਦੀ ਜਨਰਲ ਤੌਰ ’ਤੇ ਪ੍ਰਤੀ ਬਿੱਲ 600 ਯੂਨਿਟ ਮੁਆਫ਼ ਕੀਤੀ ਗਈ ਹੈ, ਪਰ ਜੇ ਜਨਰਲ ਵਰਗ ਨਾਲ ਸਬੰਧਤ ਖਪਤਕਾਰਾਂ ਪ੍ਰਤੀ ਬਿੱਲ 600 ਯੂਨਿਟ ਤੋਂ ਉਪਰ ਖਪਤ ਕਰਦਾ ਹੈ ਤਾਂ ਉਹ ਬਿਜਲੀ ਬਿੱਲ ਮੁਆਫੀ ਦੀ ਸਹੂਲਤ ਲੈਣ ਦੇ ਯੋਗ ਨਹੀਂ ਰਹਿੰਦਾ, ਪਰ ਇਹ ਸ਼ਰਤ ਪਾਵਰਕਾਮ ਦੇ ਦਲਿਤ ਖਪਤਕਾਰਾਂ ਉਪਰ ਲਾਗੂ ਨਹੀਂ ਹੁੰਦੀ, ਉਨ੍ਹਾਂ ਨੂੰ 600 ਯੂਨਿਟ ਦੀ ਪੱਕੀ ਮੁਆਫੀ ਹੈ।ਮੁਆਫ਼ ਯੂਨਿਟਾਂ ਤੋਂ ਵੱਧ ਵਰਤੀ ਗਈ ਬਿਜਲੀ ਦਾ ਮੁਆਫੀ ਕੱਟ ਕੇ ਹੀ ਬਿਜਲੀ ਬਿੱਲ ਬਣਦਾ ਹੈ।ਗਰਮੀ ਵਿੱਚ ਬਿਜਲੀ ਦੀ ਵੱਧ ਖੱਪਤ ਹੋਣ ਕਾਰਨ ਇਸ ਮਹੀਨੇ ਲਗਭਗ ਸਾਰੇ ਹੀ ਦਲਿਤ ਪਰਵਾਰਾਂ ਦੀ ਮੁਆਫ਼ ਯੂਨਿਟਾਂ ਤੋਂ ਜ਼ਿਆਦਾ ਬਿਜਲੀ ਖਪਤ ਹੋ ਜਾਂਦੀ ਹੈ। ਇਸੇ ਦੌਰਾਨ ਪਾਵਰਕਾਮ ਵੱਲੋਂ ਦਲਿਤ ਖੱਪਤਕਾਰ, ਜਿਨ੍ਹਾਂ ਨੂੰ ਅਨੁਸੂਚਿਤ ਜਾਤੀ ਦੇ ਅਧਾਰ ’ਤੇ ਪਹਿਲਾਂ ਹੀ ਬਿਜਲੀ ਬਿੱਲ ਮੁਆਫੀ ਦੀ ਸਹੂਲਤ ਮਿਲ ਰਹੀ ਸੀ, ਨੂੰ ਕੱਟ ਕੇ ਉਨ੍ਹਾਂ ਨੂੰ ਜਨਰਲ ਕੈਟਾਗਰੀ ਵਿੱਚ ਪਾ ਦਿੱਤਾ ਹੈ, ਜਿਸ ਕਾਰਨ ਦਿਹਾੜੀਦਾਰ ਦਲਿਤ ਪਰਵਾਰਾਂ ਨੂੰ ਵੱਡੀਆਂ ਰਕਮਾਂ ਵਿੱਚ ਬਿਜਲੀ ਦੇ ਬਿੱਲ ਆ ਗਏ ਸਨ, ਜੋ ਸਰਕਾਰ ਦੇ ਤਹਿ ਨਿਯਮਾਂ ਮੁਤਾਬਿਕ ਨਜਾਇਜ਼ ਹਨ, ਪਰ ਪਾਵਰਕਾਮ ਤੇ ਝਾੜੂ ਹਕੂਮਤ ਮਜ਼ਦੂਰ ਵਿਰੋਧੀ ਮਾਨਸਿਕਤਾ ਕਾਰਨ ਦਲਿਤ ਪਰਵਾਰਾਂ ਤੋਂ ਜਬਰੀ ਵਸੂਲੀ ਲਈ ਬਿਜਲੀ ਕੁਨੈਕਸ਼ਨ ਕੱਟਣ ਦੇ ਹੁਕਮ ਜਾਰੀ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੀਰ ਕੌਰ, ਮਨਜੀਤ ਕੌਰ, ਜੀਤੋ ਕੌਰ, ਜੰਟਾ ਸਿੰਘ, ਗੋਰਾ ਸਿੰਘ, ਪ੍ਰਿਤਪਾਲ ਸਿੰਘ, ਮਾਘ ਸਿੰਘ ਆਦਿ ਹਾਜ਼ਰ ਸਨ।

## ਅਧਿਆਪਕ ਦਿਵਸ ਮੌਕੇ ਗੈੱਸਟ ਫੈਕਲਟੀ ਅਧਿਆਪਕਾਂ ਦੀ ਹਮਾਇਤ ’ਚ ਪ੍ਰਦਰਸ਼ਨ

### ਵਿਦਿਆਰਥੀਆਂ ਨੇ ਚੰਡੀਗੜ੍ਹ ਮੋਰਚੇ ਦਾ ਵੀ ਕੀਤਾ ਸਮਰਥਨ



**ਮੂਨਕ (ਰਾਜਪਾਲ ਸਿੰਗਲਾ)**-ਯੂਨੀਵਰਸਿਟੀ ਕਾਲਜ ਮੂਨਕ ਤੇ ਨੇਬਰਹੁੱਡ ਕੈਂਪਸ ਦੇਹਲਾ ਸੀਹਾਂ ਵਿਖੇ ਪੀ ਐੱਸ ਯੂ (ਸ਼ਹੀਦ ਰੰਧਾਵਾ) ਜਥੇਬੰਦੀ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਧਰਨੇ ਉੱਪਰ ਬੈਠੇ ਗੈਸਟ ਫੈਕਲਟੀ ਅਧਿਆਪਕਾਂ ਦੀ ਹਮਾਇਤ ਵਿੱਚ ਗੇਟ ਰੈਲੀਆਂ ਕਰਕੇ ਮੂਨਕ ਕਾਲਜ ਤੋਂ ਪੁਰਾਣੇ ਬੱਸ ਅੱਡੇ ਤੇ ਦੇਹਲਾ ਸੀਹਾਂ ਕੈਂਪਸ ਤੋਂ ਪਿੰਡ ਵਿੱਚ ਪੰਜਾਬ ਸਰਕਾਰ ਖ਼ਿਲਾਫ਼ ਮੁਜ਼ਾਹਰੇ ਕੀਤੇ ਗਏ। ਵਿਦਿਆਰਥੀ ਆਗੂ ਲਛਮਣ ਬਖਸ਼ੀਵਾਲਾ ਤੇ ਚੰਦਰਪਾਲ ਸਿੰਘ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਧਰਨੇ ਉੱਪਰ ਬੈਠੇ ਗੈਸਟ ਫੈਕਲਟੀ ਅਧਿਆਪਕਾ ਦਾ ਸਾਰਾ ਮਸਲਾ ਵਿਦਿਆਰਥੀਆਂ ਨੂੰ ਦੱਸਿਆ ਗਿਆ ਤੇ ਆਗੂ ਨੇ ਮੰਗ ਰੱਖੀ ਕਿ ਇਨ੍ਹਾਂ ਗੈਸਟ ਫੈਕਲਟੀ ਅਧਿਆਪਕਾਂ ਨੂੰ ਜਲਦੀ ਤੋਂ ਜਲਦੀ ਕਾਲਜ ਵਿੱਚ ਬਹਾਲ ਕੀਤਾ ਜਾਵੇ ਤਾਂ ਜੋ ਕਾਂਸਟੀਚਿਊਟ ਕਾਲਜਾਂ ਤੇ ਨੇਬਰਹੁੱਡ ਕੈਂਪਸ ਵਿੱਚ ਪੜ੍ਹ ਰਹੇ ਵਿਦਿਆਰਥੀ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ਅਤੇ ਇਨ੍ਹਾਂ ਅਧਿਆਪਕਾਂ ਨੂੰ ਕਾਲਜ ਵਿੱਚ ਪੱਕੇ ਕਰਨ ਦੀ ਮੰਗ ਰੱਖੀ ਗਈ। ਵਿਦਿਆਰਥੀ ਆਗੂ ਲਵਪ੍ਰੀਤ ਕੌਰ ਤੇ ਪ੍ਰਵੀਨ ਕੌਰ ਵੱਲੋਂ ਮੌਜੂਦਾ ਸਿੱਖਿਆ ਪ੍ਰਣਾਲੀ, ਸਿਹਤ, ਔਰਤਾਂ ਦੀ ਸਥਿਤੀ, ਪੀਟੀਏ ਫੰਡ ਦੇ ਮਸਲੇ ’ਤੇ ਵਿਦਿਆਰਥੀਆਂ ਨਾਲ ਵਿਸਤਾਰ ਪੂਰਵਕ ਚਰਚਾ ਕੀਤੀ ਗਈ ਤੇ ਸਮਾਜ ਵਿੱਚ ਹੋ ਰਹੀਆਂ ਔਰਤਾਂ ਨਾਲ ਵਧੀਕੀਆਂ ਦੀ ਸਖ਼ਤ ਆਲੋਚਨਾ ਕੀਤੀ।ਸਟੇਜ ਸੈਕਟਰੀ ਦੀ ਭੂਮਿਕਾ ਜਸ਼ਨਪ੍ਰੀਤ ਸਿੰਘ ਤੇ ਪ੍ਰਵੀਨ ਕੌਰ ਨੇ ਨਿਭਾਈ।ਤਾਰੀ ਫੂਲਦ ਵੱਲੋਂ ਇਨਕਲਾਬੀ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।ਵਿਦਿਆਰਥੀ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਗੈਸਟ ਫੈਕਲਟੀ ਅਧਿਆਪਕਾਂ ਦਾ ਮਸਲਾ ਹੱਲ ਕਰਕੇ ਕਾਲਜਾਂ ’ਚ ਕਲਾਸਾਂ ਦਾ ਪ੍ਰਬੰਧ ਨਾ ਕੀਤਾ ਗਿਆ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਅੱਜ ਦੇ ਪ੍ਰੋਗਰਾਮ ’ਚ ਵਿਦਿਆਰਥੀ ਆਗੂ ਹੁਸ਼ਿਆਰ ਸਲੇਮਗੜ੍ਹ, ਮੁਸਕਾਨ ਹੋਤੀਪੁਰ, ਹਰਮਨ ਠਸਕਾ, ਮੁਸਕਾਨ ਸ਼ੁਤਰਾਣਾ, ਜਸ਼ਨ ਲਹਿਰਾ, ਸ਼ੇਖਰ ਬੰਗਾ, ਵੀਰਪਾਲ ਕੌਰ, ਗੋਪਾਲ ਸਿੰਘ ਆਦਿ ਹਾਜ਼ਰ ਸਨ।

# ਲਹਿਰਾ ਥਰਮਲ ਦੇ ਠੇਕਾ ਮੁਲਾਜ਼ਮਾਂ ਵੱਲੋਂ ਕਿਸਾਨਾਂ-ਮਜ਼ਦੂਰਾਂ ਦੇ ਹੱਕ ’ਚ ਰੈਲੀ



**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਬੈਨਰ ਹੇਠ ਗੁਰੂ ਹਰਗੋਬਿੰਦ ਥਰਮਲ ਪਲਾਂਟ ਠੇਕਾ ਮੁਲਾਜ਼ਮਾਂ ਨੇ ਪਲਾਂਟ ਦੇ ਮੁੱਖ ਗੇਟ ’ਤੇ ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ ਦੇ ਹੱਕ ਵਿੱਚ ਗੇਟ ਰੈਲੀ ਕੀਤੀ। ਜਥੇਬੰਦੀ ਦੇ ਆਗੂਆਂ ਜਗਰੂਪ ਸਿੰਘ ਲਹਿਰਾ, ਜਗਸੀਰ ਸਿੰਘ ਭੰਗੂ, ਬਲਜਿੰਦਰ ਸਿੰਘ ਮਾਨ, ਲਛਮਣ ਸਿੰਘ ਰਾਮਪੁਰਾ ਤੇ ਹਰਦੀਪ ਸਿੰਘ ਤੱਗੜ ਆਦਿ ਨੇ ਸੂਬਾ ਤੇ ਕੇਂਦਰ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਕੇਂਦਰ ਹਕੂਮਤ ਤੇ ਰਾਜ ਸਰਕਾਰਾਂ ਵੱਲੋਂ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਕਾਰਪੋਰੇਟ ਘਰਾਣਿਆਂ ਦੀ ਲੁੱਟ ਤੇ ਮੁਨਾਫ਼ੇ ਦੀ ਲੋੜ ਨੂੰ ਮੁੱਖ ਰੱਖ ਕੇ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਪਹਿਲਾਂ ਤੈਅ ਖੇਤੀ, ਸਨਅੱਤੀ ਤੇ ਆਰਥਿਕ ਨੀਤੀਆਂ ਵਿੱਚ ਤਬਦੀਲੀ ਕਰਕੇ ਕਾਰਪੋਰੇਟ ਘਰਾਣਿਆਂ ਦੇ ਲੁੱਟ ਤੇ ਮੁਨਾਫ਼ੇ ਕਮਾਉਣ ਦੇ ਰਾਹ ਦੀਆਂ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਕੇ ਦੇਸ਼ ਦੇ ਪੈਦਾਵਾਰੀ ਵਸੀਲਿਆਂ ਤੇ ਮਿਹਨਤ ਸ਼ਕਤੀ ਨੂੰ ਉਨ੍ਹਾਂ ਅੱਗੇ ਪਰੋਸ ਦਿੱਤਾ ਗਿਆ ਹੈ।

ਸਰਕਾਰੀ ਵਿਭਾਗਾਂ ਤੇ ਮੰਡੀਆਂ ਦਾ ਨਿੱਜੀਕਰਨ ਕਰਕੇ, ਘੱਟੋ-ਘੱਟ ਸਮਰਥਨ ਮੁੱਲ ਤੇ ਘੱਟੋ-ਘੱਟ ਤਨਖਾਹ ਦੀ ਨੀਤੀ ਰੱਦ ਕਰਕੇ, ਘੱਟ ਤੋਂ ਘੱਟ ਕੀਮਤ ’ਤੇ ਫਸਲਾਂ ਦੀ ਖਰੀਦ ਕਰਨ ਤੇ ਮੁਨਾਫ਼ੇ ਦੀ ਲੋੜ ਅਨੁਸਾਰ ਤਨਖਾਹ ਅਦਾਇਗੀ ਲਈ ਲੁੱਟ ਦਾ ਰਾਹ ਪੱਧਰਾ ਕੀਤਾ ਗਿਆ। ਪੱਕੇ ਰੋਜ਼ਗਾਰ ਦਾ ਖਾਤਮਾ ਕਰਕੇ ਤੇ ਸਰਕਾਰੀ ਖਰੀਦ ਬੰਦ ਕਰਨ ਦੇ ਅਮਲ ਰਾਹੀਂ ਕਾਰਪੋਰੇਟ ਘਰਾਣਿਆਂ ਨੂੰ ਕਿਸਾਨਾਂ-ਮਜ਼ਦੂਰਾਂ-ਠੇਕਾ ਮੁਲਾਜ਼ਮਾਂ ਦੀ ਅੰਨ੍ਹੀਂ ਲੁੱਟ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਕੰਮ ਦਿਹਾੜੀ ਵਿੱਚ ਵਾਧੇ ਰਾਹੀਂ ਤੇ ਮਜ਼ਦੂਰਾਂ-ਕਿਸਾਨਾਂ ਵੱਲੋਂ ਖੂਨ ਵਹਾ ਕੇ ਹਾਸਲ ਕੀਤੇ ਟਰੇਡ ਯੂਨੀਅਨ ਦੇ ਅਧਿਕਾਰਾਂ ਦੀ ਕੱਟ-ਵੱਢ ਕਰਕੇ ਸੰਘਰਸ਼ ਕਰਨ ਦੇ ਹੱਕ ਦਾ ਭੋਗ ਪਾ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਨਵੀਂ ਖੇਤੀ ਨੀਤੀ ਲਈ ਜੋ ਸਾਂਝਾ ਸੰਘਰਸ਼ ਵਿੱਢਿਆ ਗਿਆ ਹੈ, ਇਹ ਸਿਰਫ ਕਿਸਾਨ ਤੇ ਮਜ਼ਦੂਰ ਹਿੱਤਾਂ ਦੀ ਰਾਖੀ ਤੱਕ ਸੀਮਤ ਨਹੀਂ ਸਗੋਂ ਇਹ ਦੇਸ਼ ਦੇ ਸਮੂਹ ਮਿਹਨਤਕਸ਼ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਹੈ। ਆਗੂਆਂ ਨੇ ਮੰਗ ਕੀਤੀ ਸਰਕਾਰਾਂ ਸਾਮਰਾਜੀ ਸੇਵਾ ਦਾ ਰਾਹ ਛੱਡ ਕੇ ਦੇਸ਼ ਦੇ ਕਿਸਾਨਾਂ-ਮਜ਼ਦੂਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਜਲਦ ਪ੍ਰਵਾਨ ਕਰਨ, ਸਾਮਰਾਜੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤੀ ਤੇ ਸਨਅੱਤੀ ਨੀਤੀ ਵਿੱਚ ਕੀਤੀ ਗਈ ਬੇਲੋੜੀ ਤਬਦੀਲੀ ਨੂੰ ਰੱਦ ਕਰਕੇ ਕਿਸਾਨ-ਮਜ਼ਦੂਰ ਤੇ ਮੁਲਾਜ਼ਮ ਹਿੱਤਾਂ ਨੂੰ ਰਾਸ ਬੈਠਦੀ ਨਵੀਂ ਖੇਤੀ ਤੇ ਸਨਅੱਤੀ ਨੀਤੀ ਤੈਅ ਕਰਨ ਦੇ ਨਾਲ-ਨਾਲ ਮੰਗ ਪੱਤਰ ਵਿੱਚ ਦਰਜ ਹੋਰ ਸਮੂਹ ਮੰਗਾਂ ਨੂੰ ਜਲਦ ਪ੍ਰਵਾਨ ਕਰਨ।

# ਡਾਕਟਰਾਂ ਤੇ ਸਕੱਤਰ ਸਿਹਤ ਵਿਭਾਗ ਦੀ ਮੀਟਿੰਗ ਰਹੀ ਬੇਸਿੱਟਾ

## ਹੜਤਾਲ ਕਾਰਨ ਲੋਕਾਂ ਨੂੰ ਕਰਨਾ ਪੈ ਰਿਹੈ ਮੁਸੀਬਤਾਂ ਦਾ ਸਾਹਮਣਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਰਾਜ ਪਰਿਵਾਰ ਕਲਿਆਣ ਭਵਨ ਵਿਖੇ ਪੰਜਾਬ ਸਿਵਲ ਮੈਡੀਕਲ ਸਰਵਿਸਜ਼ ਐਸੋਸੀਏਸ਼ਨ ਦੇ ਬੈਨਰ ਅਧੀਨ ਸਮੂਹ ਸਰਕਾਰੀ ਮੈਡੀਕਲ ਅਧਿਕਾਰੀਆਂ ਵੱਲੋਂ ਪਹਿਲਾਂ ਤੋਂ ਐਲਾਨੀ ਨੂੰ 9 ਸਤੰਬਰ ਤੋਂ ਕੰਮ ਛੱਡੋ ਹੜਤਾਲ ਨੂੰ ਮੁੱਖ ਰੱਖਦਿਆਂ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਸ੍ਰੀ ਕੁਮਾਰ ਰਾਹੁਲ ਵੱਲੋਂ ਡਾਕਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਮੀਟਿੰਗ ਲਈ ਸੱਦਿਆ ਸੀ, ਜਿਸ ਵਿੱਚ ਸਿਕਿਉਰਿਟੀ ਤੇ ਸਮਾਂਬੱਧ ਕੈਰੀਅਰ ਪ੍ਰੋਗਰੈਸ਼ਨ (ਏਸੀਪੀ) ਦੀ ਬਹਾਲੀ ਦੀ ਮੰਗ ਰਖੀ ਗਈ ਹੈ।

ਸਿਹਤ ਵਿਭਾਗ ਪਿਛਲੀਆਂ ਹੋਈਆਂ ਮੀਟਿੰਗਾਂ ਜੋ ਕਿ ਪਹਿਲਾਂ ਵੀ ਪ੍ਰਮੁੱਖ ਸਕੱਤਰ ਤੇ ਸਿਹਤ ਮੰਤਰੀ ਦੇ ਪੱਧਰ ਤੱਕ ਹੋ ਚੁੱਕੀਆਂ ਹਨ, ਵਿੱਚ ਦਿੱਤੇ ਭਰੋਸੇ ਦੇ ਬਾਵਜੂਦ ਹਾਲੇ ਤੀਕ ਕਿਸੇ ਠੋਸ ਕਾਰਵਾਈ ਦਾ ਮਸੌਦਾ ਤਿਆਰ ਨਹੀਂ ਕਰ ਪਾਇਆ।ਭਾਵੇਂ ਉਨ੍ਹਾ ਆਸ਼ਵਾਸਨ ਦਿਵਾਇਆ ਕਿ ਸਕਿਉਰਿਟੀ ਦੇ ਇੰਤਜ਼ਾਮਾਂ ਲਈ ਸਰਕਾਰ ਵੱਲੋਂ ਫੰਡ ਜਾਰੀ ਹੋ ਰਿਹਾ ਹੈ, ਪਰ ਵਿਭਾਗ ਵੱਲੋਂ ਲੋੜੀਂਦੇ ਇੰਤਜ਼ਾਮਾਂ ਲਈ ਮੰਗੇ ਗਏ ਫੰਡ ਨੂੰ ਇਕਦਮ ਪੂਰਾ ਨਹੀਂ ਕੀਤਾ ਜਾ ਸਕਦਾ, ਜਿਸ ’ਤੇ ਪੀਸੀਐਮਐਸ ਐਸੋਸੀਏਸ਼ਨ ਨੇ ਅਸੰਤੁਸ਼ਟੀ ਜ਼ਾਹਰ ਕਰਦੇ ਕਿਹਾ ਕਿ ਉਹ ਹਾਲੇ ਵੀ ਉਸ ਉਡੀਕ ’ਚ ਹਨ ਕਿ ਜ਼ਮੀਨੀ ਪੱਧਰ ’ਤੇ ਕੋਈ ਸੁਰੱਖਿਆ ਦੇ ਪ੍ਰਬੰਧ ਹੋਣ ਤਾਂ ਸਹੀ।ਦੂਜੀ ਪ੍ਰਮੁੱਖ ਮੰਗ ਸਮਾਂਬਧ ਕੈਰੀਅਰ ਪ੍ਰੋਗਰੈਸ਼ਨ (ਏਸੀਪੀ) ਤੇ ਵੀ ਵਿਭਾਗੀ ਸਕੱਤਰ ਦਾ ਰਵਈਆ ਇਹ ਹੀ ਸੀ ਕਿ ਵਿੱਤ ਵਿਭਾਗ ਕੋਲ ਕੇਸ ਭੇਜਿਆ ਜਾਵੇਗਾ। ਇਸ ’ਤੇ ਵੀ ਡਾਕਟਰਾਂ ਨੇ ਕਿਹਾ ਕਿ ਜੇਕਰ ਸਰਕਾਰ ਗੰਭੀਰ ਹੁੰਦੀ ਤਾਂ ਇਸ ਦਾ ਕੋਈ ਨਾ ਕੋਈ ਹੱਲ ਜ਼ਰੂਰ ਲੈ ਕੇ ਆਉਂਦੀ ਕਿਉਂਕਿ ਇਹ ਕੋਈ ਨਵੀਂ ਸਕੀਮ ਜਾਂ ਡਾਕਟਰਾਂ ਨੂੰ ਕੋਈ ਵਾਧੂ ਲਾਭ ਨਹੀਂ ਦਿੱਤਾ ਜਾ ਰਿਹਾ।

ਐਸੋਸੀਏਸ਼ਨ ਦੇ ਮੁਖੀ ਨੇ ਕਿਹਾ ਕਿ ਡਾਕਟਰ ਨਹੀਂ ਚਾਹੁੰਦੇ ਕਿ ਕਿਸੇ ਵੀ ਤਰ੍ਹਾਂ ਹੜਤਾਲ ਦੀ ਨੌਬਤ ਆਵੇ ਤੇ ਮਰੀਜ਼ਾਂ ਨੂੰ ਕੋਈ ਪ੍ਰੇਸ਼ਾਨੀ ਹੋਵੇ, ਪਰ ਉਹ ਸਰਕਾਰ ਦੇ ਰਵੱਈਏ ਤੋਂ ਮਜਬੂਰ ਹਨ।ਸਰਕਾਰ ਨੂੰ ਸਮਾਂ ਦੇਣ ਦੇ ਬਾਵਜੂਦ ਕੋਈ ਹੱਲ ਨਾ ਹੋਣ ’ਤੇ ਉਨ੍ਹਾਂ ਨੂੰ 9 ਤਾਰੀਖ ਤੋਂ ਪੰਜਾਬ ਭਰ ਵਿੱਚ ਕੰਮ ਛੱਡ ਹੜਤਾਲ ਕਰਨੀ ਪੈ ਰਹੀ, ਜਿਸ ਵਿੱਚ ਕਿਸੇ ਵੀ ਨੁਕਸਾਨ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।

# ਕੋਹਲੀ ਨੂੰ ਮਿਲ ਕੇ ਭੂੰਦੜ ਤੇ ਬ੍ਰਹਮ ਮਹਿੰਦਰਾ ਨੇ ਕੀਤਾ ਦੁੱਖ ਦਾ ਪ੍ਰਗਟਾਵਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਸਾਬਕਾ ਮੰਤਰੀ ਸਵਰਗੀ ਸੁਰਜੀਤ ਸਿੰਘ ਕੋਹਲੀ ਦੇ ਅਕਾਲ ਚਲਾਣੇ ਨੂੰ ਕੋਹਲੀ ਪਰਿਵਾਰ ਦੇ ਨਾਲ-ਨਾਲ ਪਟਿਆਲਾ ਸ਼ਹਿਰ ਤੇ ਪੰਜਾਬ ਲਈ ਵੱਡਾ ਘਾਟਾ ਕਰਾਰ ਦਿੰਦਿਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਤੇ ਕੋਹਲੀ ਪਰਿਵਾਰ ਨਾਲ ਲਗਾਤਾਰ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।ਅੱਜ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ, ਕੋਰ ਕਮੇਟੀ ਮੈਂਬਰ ਦਰਬਾਰਾ ਸਿੰਘ ਗੁਰੂ ਤੇ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਨੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੂੰ ਮਿਲ ਕੇ ਆਪਣੀ ਹਮਦਰਦੀ ਦਾ ਇਜ਼ਹਾਰ ਕੀਤਾ।

ਅਕਾਲੀ ਆਗੂ ਭੂੰਦੜ ਤੇ ਸਾਬਕਾ ਮੰਤਰੀ ਬ੍ਰਹਮ ਮਹਿੰਦਰਾ ਨੇ ਸਵਰਗੀ ਸੁਰਜੀਤ ਸਿੰਘ ਕੋਹਲੀ ਨਾਲ ਬਿਤਾਏ ਆਪਣੇ ਪੁਰਾਣੇ ਵਕਤ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਸਵਰਗੀ ਸ੍ਰ. ਕੋਹਲੀ ਨੇ ਆਪਣੇ ਪਿਤਾ ਸਾਬਕਾ ਮੰਤਰੀ ਸਰਦਾਰਾ ਸਿੰਘ ਕੋਹਲੀ ਦੀਆਂ ਪੈੜਾਂ ਉਪਰ ਚੱਲਦੇ ਹੋਏ ਪੰਜਾਬ ਦੀ ਸਿਆਸਤ ਵਿੱਚ ਆਪਣਾ ਇੱਕ ਵੱਖਰਾ ਰੁਤਬਾ ਕਾਇਮ ਕੀਤਾ ਸੀ।ਉਨ੍ਹਾਂ ਕਿਹਾ ਕਿ ਸਵਰਗੀ ਸੁਰਜੀਤ ਸਿੰਘ ਕੋਹਲੀ ਆਪਣੀ ਸਾਦਗੀ, ਨਿਮਰਤਾ ਤੇ ਸਿਆਸੀ ਸੂਝ-ਬੂਝ ਸਦਕਾ ਸਿਆਸਤ ਵਿੱਚ ਨਵੇਂ ਆਉਣ ਵਾਲੇ ਆਗੂਆਂ ਲਈ ਇੱਕ ਚਾਨਣ ਮੁਨਾਰਾ ਬਣੇ ਰਹਿਣਗੇ। ਇਸ ਮੌਕੇ ਗੁਰਜੀਤ ਸਿੰਘ ਸਾਹਨੀ, ਪਟਿਆਲਾ ਦੇ ਜ਼ਿਲ੍ਹਾ ਅਟਾਰਨੀ ਅਨਮੋਲਜੀਤ ਸਿੰਘ, ਅੰਮ੍ਰਿਤਪਾਲ ਸਿੰਘ ਪਾਲੀ, ਅਜੀਤ ਸਿੰਘ ਬਾਬੂ, ਡਾ. ਪ੍ਰਭਲੀਨ ਸਿੰਘ, ਰਾਜੂ ਸਾਹਨੀ, ਤਰਨਜੀਤ ਸਿੰਘ ਕੋਹਲੀ, ਰਵਿੰਦਰ ਪਾਲ ਬੰਟੂ, ਮਨਜੀਤ ਸਿੰਘ ਪਟਵਾਰੀ, ਹਰਪਾਲ ਸਿੰਘ ਬਿੱਟੂ, ਰਣਜੀਤ ਸਿੰਘ, ਤਰਲੋਕ ਸਿੰਘ ਤੋਰਾ, ਜਗਤਾਰ ਸਿੰਘ ਤਾਰੀ, ਹਨੀ ਲੂਥਰਾ, ਯੁਗੇਸ਼ ਟੰਡਨ, ਐਸ ਪੀ ਸਿੰਘ, ਜੋਨੀ ਕੋਹਲੀ, ਕੰਵਲਜੀਤ ਸਿੰਘ ਗੋਨਾ, ਕ੍ਰਿਸ਼ਨ ਚੰਦ ਬੁੱਧੂ, ਦਵਿੰਦਰ ਸਿੰਘ ਮਿੱਕੀ, ਭਵਨਪ੍ਰੀਤ ਸਿੰਘ ਗੋਲੂ, ਜਸਦੇਵ ਸਿੰਘ ਜੱਸਾ ਬਹਿਲ, ਪ੍ਰਭਜੋਤ ਸਿੰਘ ਜੋਤੀ, ਅਮਿਤ ਮਿੱਤਲ ਪੀਲੂ, ਮਨਜੀਤ ਸਿੰਘ, ਮਾਲਵਿੰਦਰ ਪਨੂੰ, ਵਰਿੰਦਰ ਮਿੱਤਲ, ਨਰੇਸ਼ ਰਿੱਪੀ ਤੇ ਅਜੀਤਪਾਲ ਸਾਹਨੀ ਸਮੇਤ ਹੋਰ ਹਾਜ਼ਰ ਸਨ।

# ਪੰਜਾਬ ਕੋ-ਐਜੂਕੇਸ਼ਨ ਸਕੂਲ ਦੇ ਵਿਦਿਆਰਥੀਆਂ ਦਾ ਜ਼ਿਲ੍ਹਾ ਪੱਧਰੀ ਖੇਡਾਂ ’ਚ ਸ਼ਾਨਦਾਰ ਪ੍ਰਦਰਸ਼ਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਜ਼ਿਲ੍ਹੇ ਦੀ ਹਰ ਖੇਤਰ ਵਿੱਚ ਮੋਹਰੀ ਰਹਿਣ ਵਾਲੀ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਚੇਅਰਮੈਨ ਸ. ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਸੁਚੱਜੀ ਅਗਵਾਈ ਵਿੱਚ ਵਿਦਿਆਰਥੀਆਂ ਦੇ ਮਾਨਸਿਕ, ਬੌਧਿਕ, ਸਮਾਜਿਕ ਤੇ ਸਰੀਰਕ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ, ਦੇ ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬਾਕਸਿੰਗ ਅੰਡਰ-19 ਵਿੱਚ ਗੁਰਵਿੰਦਰ ਸਿੰਘ ਨੇ ਬਲੂਮਿੰਗ ਬਰਡਜ਼ ਸਕੂਲ ਵਿੱਚ ਹੋਏ ਮੁਕਾਬਲੇ ਦੌਰਾਨ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਲ ਕਰਕੇ ਸਟੇਟ ਪੱਧਰੀ ਮੈਚਾਂ ਲਈ ਕੁਆਲੀਫਾਈ ਕੀਤਾ। ਫੁੱਟਬਾਲ ਅੰਡਰ-19 ਲੜਕਿਆਂ ਨੇ ਗਲੋਟੀ ਵਿਖੇ ਹੋਏ ਮੁਕਾਬਲਿਆਂ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ ਤੇ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀ ਕੁਲਵੀਰ ਸਿੰਘ ਨੇ ਸਟੇਟ ਪੱਧਰ ਲਈ ਕੁਆਲੀਫਾਈ ਕੀਤਾ। ਇਸੇ ਤਰ੍ਹਾਂ ਕ੍ਰਿਕਟ ਅੰਡਰ-19 ਵਿੱਚ ਲੜਕੀਆਂ ਨੇ ਪੱਤੋ ਹੀਰਾ ਸਿੰਘ ਵਿਖੇ ਹੋਏ ਮੁਕਾਬਲੇ ’ਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਦੀਆਂ ਦੋ ਵਿਦਿਆਰਥਣਾਂ ਸ਼ਨਾਇਆ ਮਹਿਤਾ ਤੇ ਹਰਮਨਪ੍ਰੀਤ ਕੌਰ ਦੀ ਚੋਣ ਸਟੇਟ ਪੱਧਰ ਲਈ ਕੀਤੀ ਗਈ। ਇਸੇ ਤਰ੍ਹਾਂ ਬੈਡਮਿੰਟਨ ਅੰਡਰ 14,17,19 ਤੇ ਕ੍ਰਿਕਟ ਅੰਡਰ-17 ’ਚ ਲੜਕਿਆਂ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਖੁਸ਼ੀ ਦੇ ਮੌਕੇ ’ਤੇ ਸੰਸਥਾ ਦੇ ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਦੇ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੰਦਿਆਂ ਉਨ੍ਹਾਂ ਨੂੰ ਸਟੇਟ ਪੱਧਰੀ ਮੁਕਾਬਲੇ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਵਿਦਿਆਰਥੀ ਜੀਵਨ ਵਿੱਚ ਖੇਡਾਂ ਦੇ ਮਹੱਤਵ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਵਰਗੀ ਲਾਹਨਤ ਤੋਂ ਦੂਰ ਰਹਿਣ ਲਈ ਪ੍ਰੇਰਿਆ। ਇਸ ਮੌਕੇ ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਐਡਵੋਕੇਟ ਰਾਜਾ ਸਿੰਘ, ਮੈਡਮ ਖੁਸ਼ਪ੍ਰੀਤ ਕੌਰ, ਕੋਆਰਡੀਨੇਟਰ ਮੁਕੇਸ਼ ਅਰੌੜਾ, ਕੋਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ, ਕੋਚ ਨਵਨੀਤ ਸਿੰਘ, ਕੋਚ ਵਿੱਕੀ ਸਿੰਘ ਤੇ ਡੀ.ਪੀ.ਈ. ਬਲਰਾਜ ਸਿੰਘ ਹਾਜ਼ਰ ਸਨ।

## ਕਾਤਰਾਂ

### ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਈਡ ਦੀ ਮਹੀਨਾਵਾਰ ਮੀਟਿੰਗ 7 ਸਤੰਬਰ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਪ੍ਰਧਾਨ ਗੁਰਬਚਨ ਸਿੰਘ ਦੀ ਅਗਵਾਈ ਹੇਠ ਹੋਵੇਗੀ।ਇਸ ਮੀਟਿੰਗ ਵਿੱਚ ਲੰਮੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਤੇ ਜਥੇਬੰਦੀ ਦੇ ਰੂਲਾਂ ਮੁਤਾਬਕ ਨਵੀਂ ਚੋਣ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ, ਸੋ ਸਾਰੇ ਸਾਥੀ ਇਸ ਮੀਟਿੰਗ ਵਿੱਚ ਪਹੁੰਚ ਕੇ ਆਪਣੇ ਵਿਚਾਰ ਪੇਸ਼ ਕਰਨ।ਇਸ ਮੌਕੇ ਆਗੂਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਹੋਈ ਮੁਲਾਜ਼ਮਾਂ ਪੈਨਸ਼ਨਰਾਂ, ਕਿਸਾਨਾਂ ਮਜ਼ਦੂਰਾਂ ਦੀ ਸਾਂਝੀ ਵਿਸ਼ਾਲ ਰੈਲੀ ਕਰਕੇ ਜਥੇਬੰਦੀਆਂ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਕਰਨ ਦਾ ਸਮਾਂ ਮਿਲਿਆ ਹੈ, ਸੋ ਸਾਰੇ ਸਾਥੀਆਂ ਦਾ ਧੰਨਵਾਦ, ਜਿਹੜੇ ਇਸ ਰੈਲੀ ਵਿੱਚ ਸ਼ਾਮਲ ਹੋਏ ਸੀ।

### ਟੈਗੋਰ ਵਿਦਿਆਲਿਆ ਦੇ ਖਿਡਾਰੀਆਂ ਦਾ ਖੇਡਾਂ ’ਚ ਸ਼ਾਨਦਾਰ ਪ੍ਰਦਰਸ਼ਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)** : ਪ੍ਰਾਇਮਰੀ ਸਕੂਲ ਖੇਡਾਂ ਵਿੱਚ ਟੈਗੋਰ ਵਿਦਿਆਲਿਆ ਲੌਂਗੋਵਾਲ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਡਰ-11 ਮੁੰਡੇ/ ਕੁੜੀਆਂ ਫੁੱਟਬਾਲ ਤੇ ਮੁੰਡੇ 4×100 ਮੀਟਰ ਰਿਲੇਅ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਰੱਸਾਕਸ਼ੀ ਮੁੰਡਿਆਂ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਐਥਲੈਟਿਕਸ ਦੇ ਵੱਖ ਵੱਖ ਇਵੈਂਟਾਂ ਵਿੱਚ ਪ੍ਰਭਜੋਤ ਸਿੰਘ ਨੇ 600 ਮੀਟਰ ਰੇਸ ਵਿੱਚ ਪਹਿਲਾ, ਜੈਪ੍ਰੀਤ ਸਿੰਘ ਨੇ ਸ਼ਾਟਪੁੱਟ ਵਿੱਚ ਦੂਜਾ, ਏਕਮ ਸਿੰਘ ਨੇ 200 ਮੀਟਰ ਰੇਸ ’ਚ ਦੂਜਾ, ਜਸਮੀਤ ਕੌਰ ਨੇ 100 ਮੀਟਰ ਰੇਸ ’ਚ ਦੂਜਾ ਅਤੇ ਜਸਲੀਨ ਕੌਰ ਨੇ ਸ਼ਾਟਪੁੱਟ ’ਚ ਦੂਜਾ ਅਤੇ ਲਵਨੀਤ ਕੌਰ ਤੇ ਮਨਰੂਪ ਸਿੰਘ ਨੇ ਲੰਮੀ ਛਾਲ ’ਚ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਜਸਵਿੰਦਰ ਕੌਰ ਤੇ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ ਤੇ ਜਤਿੰਦਰ ਰਿਸ਼ੀ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਡੀ. ਪੀ. ਈ. ਗੁਰਪ੍ਰੀਤ ਸਿੰਘ, ਡੀ. ਪੀ. ਈ. ਮੈਡਮ ਸੁਨੀਤਾ ਸ਼ਰਮਾ ਅਤੇ ਪਰਮਿੰਦਰ ਸਿੰਘ ਨੂੰ ਵਧਾਈਆਂ ਦਿੱਤੀਆਂ।

### ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਕਰਾਇਆ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਨਾਮਵਰ ਵਿੱਦਿਅਕ ਸੰਸਥਾ ਗੁਰੂ ਹਰਿਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਗੜ੍ਹ-ਦੱਧਾਹੂਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਮੈਡਮ ਪ੍ਰਭਜੋਤ ਕੌਰ ਨੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਨੂੰ ਆਪਣੇ ਜੀਵਨ ਵਿੱਚ ਢਾਲ ਕੇ ਗੁਰਮਤਿ ਰਹਿਣੀ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ। ਡਾਇਰੈਕਟਰ ਮਨਜੀਤ ਸਿੰਘ ਤੂਰ ਤੇ ਪ੍ਰਿੰਸੀਪਲ ਪ੍ਰਿਤਪਾਲ ਕੌਰ ਤੂਰ ਨੇ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।ਇਸ ਮੌਕੇ ਹਰਕਰਨ ਸਿੰਘ, ਬਲਵੀਰ ਕੌਰ, ਪ੍ਰਭਜੋਤ ਕੌਰ, ਰਮਨਦੀਪ ਕੌਰ, ਜੱਗਪ੍ਰੀਤ ਕੌਰ, ਪਰਦੀਪ ਕੌਰ, ਗੁਰਵੀਰ ਕੌਰ, ਜਸਬੀਰ ਸਿੰਘ, ਖੁਸ਼ਕਿਰਨ ਕੌਰ, ਮਨਪ੍ਰੀਤ ਕੌਰ, ਅਮਨਦੀਪ ਕੌਰ, ਨਵਪ੍ਰੀਤ ਕੌਰ, ਕੁਲਦੀਪ ਕੌਰ, ਰਾਜਵਿੰਦਰ ਕੌਰ, ਕਿਰਨਜੀਤ ਕੌਰ, ਸਵਰਨਪ੍ਰੀਤ ਕੌਰ ਤੇ ਜਸਵੀਰ ਕੌਰ ਸਮੂਹ ਸਟਾਫ਼ ਹਾਜ਼ਰ ਸੀ।

# ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਅਧਿਆਪਕ ਦਿਵਸ ’ਤੇ ਰੋਸ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਅਧਿਆਪਕ ਦਿਵਸ ’ਤੇ ਅਧਿਆਪਕ ਵਰਗ ਦੀਆਂ ਭਖਵੀਆਂ ਮੰਗਾਂ ਦੇ ਸਬੰਧ ਵਿੱਚ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰ ਫਰੰਟ ਵੱਲੋਂ ਸੂਬਾ ਕਮੇਟੀ ਦੇ ਸੱਦੇ ’ਤੇ ਜ਼ਿਲ੍ਹਾ ਇਕਾਈ ਮੋਗਾ ਵੱਲੋਂ ਡੀ. ਸੀ. ਕੰਪਲੈਕਸ ਮੋਗਾ ਸਾਹਮਣੇ ਰੋਸ ਧਰਨਾ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਦਿਗਵਿਜੈਪਾਲ ਸ਼ਰਮਾ, ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ, ਜ਼ਿਲ੍ਹਾ ਸਕੱਤਰ ਜਗਵੀਰਨ ਕੌਰ ਨੇ ਦੱਸਿਆ ਕਿ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਆਮ ਆਦਮੀ ਪਾਰਟੀ ਦੀਆਂ ਅਧਿਆਪਕ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਆਲੋਚਨਾ ਕੀਤੀ। ਉਨ੍ਹਾਂ ਦੋਸ਼ ਲਾਇਆ ਪੰਜਾਬ ਕਿ ਸਰਕਾਰ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਸਿੱਖਿਆ ਖੇਤਰ ਵਿੱਚ ਕੇਵਲ ਕਾਗਜ਼ੀ ਸੁਧਾਰ ਹੀ ਕੀਤੇ ਗਏ ਹਨ। ਪੁਰਾਣੀ ਪੈਨਸ਼ਨ ਬਹਾਲੀ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕਰਕੇ ਵਾਪਸ ਲੈ ਲਿਆ ਗਿਆ ਹੈ। ਜਨਵਰੀ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੋਂ ਕੇਂਦਰੀ ਤਨਖਾਹ ਕਮਿਸ਼ਨ ਦੀ ਆੜ ਹੇਠ ਤਨਖਾਹ ਕਟੌਤੀ ਕੀਤੀ ਗਈ ਹੈ। ਸਿੱਖਿਆ ਨੂੰ ਪੜ੍ਹੋ ਪੰਜਾਬ, ਉਡਾਨ, ਸਰਵ ਸਿੱਖਿਆ ਅਭਿਆਨ, ਮਿਸ਼ਨ ਸਮਰੱਥ, ਸੀ ਈ ਪੀ ਵਰਗੇ ਵੱਖ ਵੱਖ ਪ੍ਰੋਜੈਕਟਾਂ ਨਾਲ ਸਿੱਖਿਆ ਨੂੰ ਤਬਾਹ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ, ਮੀਤ ਪ੍ਰਧਾਨ ਸਵਰਨ ਦਾਸ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾ ਨੇ ਪੰਜਾਬ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆ ਕਰਦਿਆਂ ਕਿਹਾ ਕਿ ਕੰਪਿਊਟਰ ਅਧਿਆਪਕਾਂ ਨੂੰ ਪੂਰੇ ਤਨਖਾਹ ਸਕੇਲਾਂ ਸਮੇਤ ਸਿੱਖਿਆ ਭਾਗ ਵਿੱਚ ਮਰਜ ਕਰਨ ਤੋਂ ਨਾਂਹ ਨੁੱਕਰ ਕੀਤੀ ਜਾ ਰਹੀ ਹੈ। ਮੈਰੀਟੋਰੀਅਸ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਠੇਕਾ ਸਿਸਟਮ ਅਧੀਨ ਰੱਖਿਆ ਗਿਆ ਹੈ। ਪੇਂਡੂ ਭੱਤੇ ਸਮੇਤ 37 ਤਰ੍ਹਾਂ ਦੇ ਭੱਤਿਆਂ ਤੇ ਕੈਂਚੀ ਫੇਰੀ ਜਾ ਚੁੱਕੀ ਹੈ। ਡੀ ਏ ਦੀਆਂ ਕਿਸ਼ਤਾਂ ਦੇ ਬਕਾਏ ਤੋਂ ਸਰਕਾਰ ਭੱਜ ਚੁੱਕੀ ਹੈ। ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਵਜ਼ੀਫਾ ਦੇਣ ਤੋਂ ਮੁੱਕਰ ਚੁੱਕੀ ਹੈ। ਐੱਨ ਐੱਸ ਕਿਉ ਐੱਫ ਅਧੀਨ ਭਰਤੀ ਕੀਤੇ ਅਧਿਆਪਕਾਂ ’ਤੇ ਆਊਟਸੋਰਸਿੰਗ ਦੀ ਨੀਤੀ ਲਾਗੂ ਕੀਤੀ ਜਾ ਰਹੀ ਹੈ। ਅਧਿਆਪਕਾਂ ਨੂੰ ਮਿਲਣ ਵਾਲੀ ਏ ਸੀ ਪੀ ਸਕੀਮ ਨੂੰ ਬੰਦ ਕੀਤਾ ਜਾ ਚੁੱਕਾ ਹੈ। ਉਨ੍ਹਾਂ ਮੰਗ ਕੀਤੀ ਕਿ ਐੱਨ ਪੀ ਐੱਸ ਤੇ ਯੂ ਪੀ ਐੱਸ ਰੱਦ ਕਰਕੇ ਪੁਰਾਣੀ ਪੈਨਸ਼ਨ ਤੁਰੰਤ ਬਹਾਲ ਕੀਤੀ ਜਾਵੇ, ਕੇਂਦਰੀ ਤਨਖਾਹ ਕਮਿਸ਼ਨ ਰੱਦ ਕਰਕੇ ਪੁਰਾਣੇ ਤਨਖਾਹ ਸਕੇਲ ਬਹਾਲ ਕੀਤੇ ਜਾਣ। ਜ਼ਿਲ੍ਹਾ ਵਿੱਤ ਸਕੱਤਰ ਗੁਰਸ਼ਰਨ ਸਿੰਘ ਤੇ ਜ਼ਿਲ੍ਹਾ ਜਥੇਬੰਦਕ ਸਕੱਤਰ ਅਮਨਦੀਪ ਮਾਛੀਕੇ ਨੇ ਸਰਕਾਰ ਤੋਂ ਮੰਗ ਕੀਤੀ ਕਿ ਕੰਪਿਊਟਰ ਅਧਿਆਪਕਾਂ ਨੂੰ ਪੂਰੇ ਤਨਖਾਹ ਸਕੇਲਾਂ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ। ਆਗੂਆਂ ਨੇ ਸਰਕਾਰ ਤੋਂ ਪਿਛਲੇ ਵਿੱਤੀ ਸਾਲ ਪੀ ਐੱਫ ਐੱਮ ਐੱਸ ਤੋਂ ਵਾਪਸ ਲਈਆਂ ਤੇ ਸਿਵਲ ਵਰਕਸ ਦੀਆਂ ਰਹਿੰਦੀਆਂ ਗ੍ਰਾਂਟਾਂ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ। ਅਧਿਆਪਕ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਸੰਘਰਸ਼ ਨੂੰ ਹੋਰ ਵਿਆਪਕ ਤੇ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਦੀਦਾਰ ਸਿੰਘ ਮੁਦਕੀ ਸੂਬਾ ਪ੍ਰਧਾਨ ਐੱਸ ਐੱਸ ਏ ਰਮਸਾ ਯੂਨੀਅਨ, ਡਾ. ਅਜੈ ਸ਼ਰਮਾ ਮੈਰੀਟੋਰੀਅਸ ਟੀਚਰ ਯੂਨੀਅਨ, ਅਮਰਦੀਪ ਸਿੰਘ ਬੁੱਟਰ, ਜਗਜੀਤ ਸਿੰਘ ਰਣੀਆਂ, ਨਰਿੰਦਰ ਸਿੰਘ, ਦੀਪਕ ਮਿੱਤਲ, ਸਵਰਨਜੀਤ ਭਗਤਾ, ਮਧੂ ਬਾਲਾ ਸੁਰਜੀਤ ਸਮਰਾਟ ਜ਼ਿਲ੍ਹਾ ਪ੍ਰਧਾਨ ਈ. ਟੀ. ਯੂ. ਮੋਗਾ, ਗੁਰਤੇਜ ਸਿੰਘ, ਮੈਡਮ ਨਿਧੀ, ਅਸ਼ਵਨੀ ਢੀਂਗੜਾਂ, ਪ੍ਰੇਮ ਸਿੰਘ, ਮੈਡਮ ਕੁਸਮ ਲਤਾ, ਲਖਵੀਰ ਕੌਰ, ਸੁਰਿੰਦਰ ਸਿੰਘ ਸਾਬਕਾ ਜ਼ਿਲ੍ਹਾ ਪ੍ਰਧਾਨ ਮਨਜੀਤ ਕੌਰ, ਇਕਬਾਲ ਸਿੰਘ, ਸੁਖਮੰਦਰ ਸਿੰਘ ਨਿਹਾਲ ਸਿੰਘ ਵਾਲਾ, ਨਵਦੀਪ ਧੂੜਕੋਟ, ਸੁਨੀਲ ਕੁਮਾਰ, ਹਰਪ੍ਰੀਤ ਰਾਮਾ, ਸੁਰਿੰਦਰ ਕੁਮਾਰ ਸਟੇਟ ਕਮੇਟੀ ਮੈਂਬਰ ਈ. ਟੀ ਯੂ, ਰਮਨ ਸ਼ਾਰਦਾ, ਰਾਜ ਕੁਮਾਰ, ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਤੋਂ ਪ੍ਰੇਮ ਕੁਮਾਰ ਤੇ ਭੁਪਿੰਦਰ ਸਿੰਘ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਬਿਜਲੀ ਮੁਲਾਜ਼ਮਾਂ ਵੱਲੋਂ ਪਾਵਰਕਾਮ ਮੈਨੇਜਮੈਂਟ ਤੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਪੰਜਾਬ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ ਉੱਪਰ ਟੈਕਨੀਕਲ ਸਰਵਿਸਜ਼ ਯੂਨੀਅਨ ਗੁਰੂ ਹਰਸਹਾਏ ਦੇ ਸਮੂਹ ਮੁਲਾਜ਼ਮਾਂ ਵੱਲੋਂ ਪ੍ਰਧਾਨ ਸੁਰਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਸਬ ਡਵੀਜ਼ਨ ਦਫ਼ਤਰ ਦੇ ਗੇਟ ਅੱਗੇ ਰੋਹ ਭਰਪੂਰ ਗੇਟ ਰੈਲੀ ਕੀਤੀ ਗਈ।ਰੈਲੀ ਨੂੰ ਸੰਬੋਧਨ ਕਰਦੇ ਸਰਕਲ ਸਕੱਤਰ ਇੰਜ ਸ਼ਿੰਗਾਰ ਮਹਿਰੋਕ ਤੇ ਸ/ਡਵੀਜ਼ਨ ਪ੍ਰਧਾਨ ਨਾਨਕ ਚੰਦ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਨਾਲ 31 ਜੁਲਾਈ 2024 ਨੂੰ ਮਾਣਯੋਗ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਕਾਫੀ ਮੰਗਾਂ ਤੇ ਆਪਸੀ ਸਹਿਮਤੀਆਂ ਬਣੀਆਂ ਸਨ।ਮੀਟਿੰਗ ਵਿੱਚ ਬਿਜਲੀ ਮੰਤਰੀ ਨੇ 15 ਅਗਸਤ ਤੱਕ ਮੰਨੀਆਂ ਮੰਗਾਂ ਲਾਗੂ ਕਰਨ ਦਾ ਵਿਸ਼ਵਾਸ ਦੁਆਇਆ ਸੀ, ਪਰ ਪਾਵਰਕਾਮ ਮੈਨੇਜਮੈਂਟ ਪਹਿਲਾਂ ਦੀ ਤਰ੍ਹਾਂ ਵਾਅਦਾ ਖਿਲਾਫੀ ਕਰ ਰਹੀ ਹੈ।ਮੀਟਿੰਗ ਵਿੱਚ ਹੋਈ ਗੱਲਬਾਤ ਅਨੁਸਾਰ ਕੋਈ ਫੈਸਲਾ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਤੋਂ ਜਾਪਦਾ ਹੈ ਕਿ ਮੈਨੇਜਮੈਂਟ ਤੇ ਪੰਜਾਬ ਸਰਕਾਰ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਨਹੀਂ । ਆਗੂਆਂ ਨੇ ਦੱਸਿਆ ਕਿ ਠੇਕੇਦਾਰੀ ਮਾੜੇ ਸਿਸਟਮ ਕਰਕੇ ਲਗਾਤਾਰ ਹਾਦਸੇ ਵੱਧ ਰਹੇ ਹਨ ਤੇ ਬਿਜਲੀ ਕਾਮਿਆਂ ਦੀਆਂ ਕੀਮਤੀ ਜਾਨਾਂ ਇਨ੍ਹਾਂ ਹਾਦਸਿਆਂ ਕਰਕੇ ਜਾ ਰਹੀਆਂ ਹਨ ਅਤੇ ਇਨ੍ਹਾਂ ਸਾਥੀਆਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ ਤੇ ਓਸੇ ਤਰਜ਼ ’ਤੇ ਪਰਿਵਾਰ ਦੀ ਵਿੱਤੀ ਸਹਾਇਤਾ ਕੀਤੀ ਜਾਵੇ।ਆਗੂਆਂ ਨੇ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 6 ਸਤੰਬਰ 24 ਦੀ ਮੀਟਿੰਗ ਵਿੱਚ ਹੋਈਆਂ ਸਹਿਮਤੀਆਂ ਲਾਗੂ ਕਰਕੇ ਸਰਕੂਲਰ ਜਾਰੀ ਨਹੀਂ ਕੀਤੇ ਗਏ ਤਾਂ ਸਮੁੱਚੇ ਬਿਜਲੀ ਕਾਮੇ ਪੂਰੇ ਪੰਜਾਬ ਅੰਦਰ 10 ਤੋਂ 12 ਸਤੰਬਰ 2024 ਤੱਕ ਸਮੂਹਕ ਛੁੱਟੀ ’ਤੇ ਚਲੇ ਜਾਣ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।ਰੋਸ ਰੈਲੀ ਵਿੱਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਪਾਲ, ਸੁਖਦੇਵ ਸਿੰਘ, ਦਵਿੰਦਰ ਸਿੰਘ, ਸੰਦੀਪ ਕੁਮਾਰ, ਬਲਦੇਵ ਸਿੰਘ, ਪਰਵਿੰਦਰ ਸਿੰਘ ਡਵੀਜ਼ਨ ਆਗੂ ਬਲਕਾਰ ਚੰਦ ਦੀ ਨੇ ਸੰਬੋਧਨ ਕੀਤਾ।

# ਮਹਿਲ ਕਲਾਂ ਦਾ ਹਸਪਤਾਲ ਖੁਦ ਗੰਭੀਰ ਬਿਮਾਰੀ ਦੀ ਲਪੇਟ ’ਚ !

## ਮਰੀਜ਼ਾਂ ਦੀ ਜਾਂਚ ਲਈ ਇੱਕ ਵੀ ਡਾਕਟਰ ਨਹੀਂ, ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਅੱਜ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਇਲਾਕੇ ਦੇ ਦਰਜਨਾਂ ਪਿੰਡਾਂ ਨੂੰ ਸਿਹਤ ਸਹੂਲਤਾਂ ਦੇਣ ਵਾਲਾ ਮਹਿਲ ਕਲਾਂ ਕਮਿਊਨਿਟੀ ਹੈੱਲਥ ਸੈਂਟਰ ਡਾਕਟਰਾਂ ਦੀ ਘਾਟ ਕਾਰਨ ਖ਼ੁਦ ਬਿਮਾਰ ਹੋ ਚੁੱਕਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਥੇ ਡਾਕਟਰਾਂ ਦੀਆਂ ਸਾਰੀਆਂ ਪੋਸਟਾਂ ਖਾਲੀ ਹਨ, ਓ.ਪੀ.ਡੀ. ਦੇ ਮਰੀਜ਼ਾਂ ਦੀ ਜਾਂਚ ਕਰਨ ਵਾਸਤੇ ਇਕ ਵੀ ਡਾਕਟਰ ਇੱਥੇ ਮੌਜੂਦ ਨਹੀਂ ਹੈ।ਇੱਥੇ ਸੇਵਾਵਾਂ ਨਿਭਾਅ ਰਹੇ ਐੱਮ. ਡੀ. ਮੈਡੀਸਨ ਡਾ: ਰਿਸ਼ੂ ਗਰਗ ਦੀ ਬਦਲੀ ਹੋਣ ਤੋਂ ਬਾਅਦ ਮਹਿਕਮੇ ਵੱਲੋਂ ਉਨ੍ਹਾਂ ਦੀ ਜਗ੍ਹਾ ਕਿਸੇ ਵੀ ਡਾਕਟਰ ਨੂੰ ਇੱਥੇ ਤਾਇਨਾਤ ਨਹੀਂ ਕੀਤਾ ਗਿਆ, ਜਿਸ ਕਾਰਨ ਇੱਥੇ ਦਵਾਈ ਲੈਣ ਲਈ ਆਉਣ ਵਾਲੇ ਮਰੀਜ਼ਾਂ ਨੂੰ ਨਿਰਾਸ਼ ਹੋ ਕੇ ਵਾਪਸ ਮੁੜਨਾ ਪੈ ਰਿਹਾ ਹੈ।ਹਾਲਾਂਕਿ ਸਥਾਨਕ ਅਧਿਕਾਰੀਆਂ ਵੱਲੋਂ ਇੱਥੋਂ ਦੇ ਆਯੁਰਵੈਦਿਕ ਮੈਡੀਕਲ ਅਫ਼ਸਰ ਦੀ ਡਿਊਟੀ ਓ.ਪੀ.ਡੀ. ’ਚ ਲਗਾ ਕੇ ਡੰਗ ਟਪਾਇਆ ਜਾ ਰਿਹਾ ਹੈ, ਪਰ ਡਾਕਟਰਾਂ ਦੀ ਘਾਟ ਤੋਂ ਲੋਕ ਦੁਖੀ ਹਨ।ਪੰਜ ਐਮਰਜੈਂਸੀ ਮੈਡੀਕਲ ਅਫ਼ਸਰਾਂ ਦੀਆਂ ਪੋਸਟਾਂ ਵਿੱਚੋਂ ਸਿਰਫ਼ ਦੋ ਡਾਕਟਰ ਹਨ, ਜੋ ਸਿਰਫ਼ ਐਮਰਜੈਂਸੀ ਡਿਊਟੀ ਕਰਦੇ ਹਨ, ਇੱਥੋਂ ਦੇ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ 4 ਸਪੈਸ਼ਲਿਸਟ ਡਾਕਟਰਾਂ ਦੀਆਂ ਪੋਸਟਾਂ ਹਨ, ਜੋ ਚਾਰੇ ਖਾਲੀ ਪਈਆਂ ਹਨ। ਐੱਸ. ਐੱਮ. ਓ. ਗੁਰਤੇਜਿੰਦਰ ਕੌਰ ਨੇ ਬੇਵਸੀ ਜ਼ਾਹਰ ਕਰਦਿਆਂ ਦੱਸਿਆ ਕਿ ਉਹ ਇਸ ਸਬੰਧੀ ਸਿਵਲ ਸਰਜਨ ਬਰਨਾਲਾ ਨੂੰ ਲਿਖਤੀ ਡਿਮਾਂਡ ਭੇਜ ਚੁੱਕੇ ਹਨ, ਜਿਨ੍ਹਾਂ ਨੇ ਉਨ੍ਹਾਂ ਦੀ ਮੰਗ ਨੂੰ ਅੱਗੇ ਸਟੇਟ ਨੂੰ ਭੇਜ ਦਿੱਤਾ, ਪਰ ਅਜੇ ਤੱਕ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਭਾਈ ਲਾਲੋ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖਿਆਲੀ, ਮੰਗਤ ਸਿੰਘ ਸਿੱਧੂ, ਰਾਜਾ ਘੁੰਮਾਣ, ਸੁਰਿੰਦਰ ਕੁਮਾਰ ਕਾਲਾ ਆਦਿ ਆਗੂਆਂ ਨੇ ਕਿਹਾ ਕਿ ਸਿਹਤ, ਸਿੱਖਿਆ ’ਚ ਵੱਡੇ ਸੁਧਾਰ ਕਰਨ ਦੇ ਦਾਅਵੇ ਕਰਨ ਵਾਲੀ ‘ਆਪ’ ਸਰਕਾਰ ਬੁਰੀ ਤਰ੍ਹਾਂ ਨਾਲ ਫ਼ੇਲ੍ਹ ਹੋ ਚੁੱਕੀ ਹੈ।ਇਕ ਵੀ ਡਾਕਟਰ ਨਾ ਹੋਣ ਕਾਰਨ ਲੋੜਵੰਦ ਲੋਕ ਇਲਾਜ ਨਾ ਹੋਣ ਕਾਰਨ ਦੁਖੀ ਹਨ ਤੇ ਪ੍ਰਾਈਵੇਟ ਡਾਕਟਰਾਂ ਕੋਲੋਂ ਛਿੱਲ ਲਹਾਉਣ ਲਈ ਮਜਬੂਰ ਹਨ, ਪਰ ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੇ ਅਧਿਕਾਰੀ ਮਹਿਲ ਕਲਾਂ ਦੇ ਲੋਕਾਂ ਦੀ ਇਸ ਮੁਸ਼ਕਲ ਨੂੰ ਹੱਲ ਕਰਨ ਦੀ ਬਜਾਏ ਟਾਇਮ ਟਪਾ ਰਹੇ ਹਨ।ਉਨ੍ਹਾਂ ਇਲਾਕੇ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਡਾਕਟਰਾਂ ਦੀ ਘਾਟ ਨੂੰ ਪੂਰਾ ਕਰਵਾਉਣ ਲਈ ਉਲੀਕੇ ਜਾ ਰਹੇ ਸੰਘਰਸ਼ ਦਾ ਹਿੱਸਾ ਬਣਨ ਲਈ 6 ਸਤੰਬਰ ਨੂੰ ਸਵੇਰੇ 10 ਵਜੇ ਕਮਿਊਨਿਟੀ ਹੈੱਲਥ ਸੈਂਟਰ ਮਹਿਲ ਕਲਾਂ ਵਿਖੇ ਪਹੁੰਚਣ।ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਡਾਕਟਰਾਂ ਦੀ ਘਾਟ ਨੂੰ ਤੁਰੰਤ ਪੂਰਾ ਕੀਤਾ ਜਾਵੇ, ਜੇਕਰ ਇਸ ਮੰਗ ਨੂੰ ਪੂਰਾ ਨਾ ਕੀਤਾ ਗਿਆ ਤਾਂ ਇਲਾਕੇ ਦੇ ਲੋਕਾਂ ਨੂੰ ਜਥੇਬੰਦ ਕਰ ਕੇ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

## ਬਿਜਲੀ ਕਾਮੇ 10 ਤੋਂ 12 ਤੱਕ ਕਰਨਗੇ ਸਮੂਹਕ ਛੁੱਟੀ : ਪਿਲਖਣੀ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਤੇ ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਦੀ ਸਾਂਝੇ ਤੌਰ ’ਤੇ ਜਰਨਲ ਕੌਂਸਲ ਦੀ ਮੀਟਿੰਗ ਡਵੀਜ਼ਨ ਰਾਜਪੁਰਾ ਦੇ ਪ੍ਰਧਾਨ ਸਾਥੀ ਕੁਲਦੀਪ ਸਿੰਘ ਦੀ ਪ੍ਰਧਾਨਗੀ ਹੋਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ’ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਤੇ ਸਰਕਲ ਪਟਿਆਲਾ ਦੇ ਪ੍ਰਧਾਨ ਸਾਥੀ ਗੁਰਦਿਆਲ ਸਿੰਘ ਬੱਬੂ ਨੇ ਵਿਸ਼ੇਸ਼ ਤੌਰ ’ਤੇ ਸ਼ਮੂਲੀਅਤ ਕੀਤੀ।ਮੀਟਿੰਗ ਵਿੱਚ ਰਾਜਪੁਰਾ ਡਵੀਜ਼ਨ ਅਧੀਨ ਸਾਰੀਆਂ ਸਬ ਡਵੀਜ਼ਨ ਦੇ ਪ੍ਰਧਾਨ, ਸਕੱਤਰ ਤੇ ਹੋਰ ਸਰਗਰਮ ਆਗੂ ਸਾਥੀਆਂ ਨੇ ਸ਼ਮੂਲੀਅਤ ਕੀਤੀ।ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ ਨੇ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਤੇ ਸਾਂਝਾਂ ਫੋਰਮ ਵੱਲੋਂ ਉਲੀਕੇ ਸੰਘਰਸ਼ ਪ੍ਰੋਗਰਾਮ ਤਹਿਤ ਮੀਟਿੰਗ ਵਿੱਚ ਪਾਵਰਕਾਮ ਮੈਨੇਜਮੈਂਟ ਵੱਲੋਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਦੇ ਵਿਰੋਧ ਵਿੱਚ 10 ਸਤੰਬਰ ਤੋਂ 12 ਸਤੰਬਰ 2024 ਤੱਕ ਤਿੰਨ ਦਿਨਾਂ ਦੀ ਸਮੂਹਕ ਛੁੱਟੀ ’ਤੇ ਜਾਣ ਦਾ ਫ਼ੈਸਲੇ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ।


## ਉਤਰ ਰੇਲਵੇ

### ਸੂਚਨਾ

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਫਿਰੋਜਪੁਰ ਮੰਡਲ ਦੇ ਸਾਰੇ ਰੇਲਵੇ ਸਟੇਸ਼ਨਾਂ ਤੇ ਵਨ ਸਟੇਸ਼ਨ ਵਨ ਪ੍ਰੋਡਕਟ (OSOP) ਯੋਜਨਾ ਦੇ ਤਹਿਤ ਸਟਾਲ/ਕਿਯੋਸਕ ਸਥਾਪਿਤ ਕਰਨ ਦੇ ਲਈ ਦਰਖਾਸਤ ਦੀ ਮੰਗ ਕੀਤੀ ਹੈ। ਇਹ ਯੋਜਨਾ ਇਸ ਡਵੀਜਨ ਵਿਚ ਅਪ੍ਰੈਲ 2022 ਤੋਂ ਸ਼ੁਰੂ ਹੋਈ ਸੀ। ਨਿਯਮ ਅਤੇ ਸ਼ਰਤਾਂ ਇਸ ਪ੍ਰਕਾਰ ਹਨ:

1. ਸਟਾਲ/ਕਿਯੋਸਕ ਲਗਾਉਣ ਦਾ ਸਮਾਂ 45 ਦਿਨ ਦਾ ਹੋਵੇਗਾ। ਅਜਿਹੇ ਮਾਮਲਿਆਂ ਵਿਚ, ਰਜਿਸਟਰੇਸ਼ਨ ਫੀਸ ਅਤੇ ਬਿਜਲੀ ਫੀਸ ਆਨੁਪਾਤਿਕ ਤੌਰ ਤੇ ਵਧਣਗੇ। ਇਹ ਇਕ ਨਿਰੰਤਰ ਪ੍ਰਕਿਰਿਆ ਹੈ।
2. ਆਵੇਦਕਾਂ ਦੁਆਰਾ ਜਮ੍ਹਾ ਕੀਤੇ ਜਾਣ ਵਾਲੇ ਟੋਕਨ ਸ਼ੁਲਕ ਦਾ ਵੇਰਵਾ ਹੇਠਾਂ ਅਨੁਸਾਰ ਹੈ:

| ਲ ਨੰ. | ਸ਼੍ਰੇਣੀ | 45 ਦਿਨਾਂ ਦੇ ਲਈ ਕੁਲ ਰਜਿਸਟਰੇਸ਼ਨ/ ਟੋਕਨ ਸ਼ੁਲਕ (ਰੁਪਏ ਵਿਚ) |
|---|---|---|
| 1 | ਐਨਐਸਜੀ-1 ਤੋਂ ਐਨਐਸਜੀ-3 ਸਟੇਸ਼ਨਾਂ ਦੇ ਲਈ | 3000/- |
| 2 | ਐਨਐਸਜੀ-4 ਤੋਂ ਐਨਐਸਜੀ-6 ਸਟੇਸ਼ਨਾਂ ਦੇ ਲਈ | 1500/- |

ਉਪਰੋਕਤ ਸਾਰੇ ਸ਼ੁਲਕ ਜੀਐਸਟੀ ਸਮੇਤ ਹਨ।

3. ਪ੍ਰਦਸ਼ਿਤ/ਵੇਚੇ ਜਾਣ ਵਾਲੇ ਉਤਪਾਦ ਹੇਠਾਂ ਅਨੁਸਾਰ ਹਨ:
(i) ਹਸਤਸ਼ਿਲਪ/ਕਲਾਕ੍ਰਿਤੀਆਂ (ii) ਕਪੜਾ ਅਤੇ ਹਥਕਰਘਾ
(iii) ਪਾਰੰਪਰਿਕ ਵਸਤਰ (iv) ਸਥਾਨਕ ਕ੍ਰਿਸ਼ੀ ਉਤਪਾਦ/ਪ੍ਰਸੰਸਕ੍ਰਿਤ/ਅਰਧ ਪ੍ਰਸੰਸਕ੍ਰਿਤ ਖਾਧ ਪਦਾਰਥ।
4. OSOP ਵਿਚ ਪ੍ਰਤੀਭਾਗੀਆਂ ਦੀ ਚੋਣ ਇਸ ਗਲ ਨੂੰ ਧਿਆਨ ਵਿਚ ਰਖਦੇ ਹੋਏ ਕੀਤਾ ਜਾ ਸਕਦਾ ਹੈ ਕਿ ਇਸ ਯੋਜਨਾ ਦਾ ਲਾਭ ਹਾਸ਼ੀਏ ਦੇ ਵਰਗਾਂ ਤਕ ਪਹੁੰਚਣਾ ਚਾਹੀਦਾ, ਯਾਨੀ ਉਹ ਵਿਅਕਤੀ ਜੋ ਪਿਰਾਮਿਡ ਦੇ ਹੇਠਲੇ ਭਾਗ ਵਿਚ ਹਨ। ਹੇਠਾਂ ਲਿਖਤ ਨੂੰ ਪਹਿਲ ਦਿਤੀ ਜਾਵੇਗੀ:
(ਏ) ਵਿਕਾਸ ਕਮਿਸ਼ਨਰ ਹਸਤਸ਼ਿਲਪ, ਵਿਕਾਸ ਕਮਿਸ਼ਨਰ ਹਥਕਰਘਾ ਜਾਂ ਅਪੇਖਿਅਤ ਰਾਜ/ ਕੇਂਦਰ ਸਰਕਾਰ ਪ੍ਰਾਧੀਕਰਨ ਦੁਆਰਾ ਜਾਰੀ ਕਾਰੀਗਰ/ਬੁਣਕਰ ਆਈਡੀ ਹੋਲਡਰ।
(ਬੀ) ਭਾਰਤੀਯ ਜਨਜਾਤੀ ਸਹਕਾਰੀ ਵਿਪਨਣ ਵਿਕਾਸ ਸੰਘ ਲਿਮਟਿਡ (ਟ੍ਰਾਈਫੇਡ)/ਰਾਸ਼ਟਰੀ ਹਥਕਰਘਾ ਵਿਕਾਸ ਨਿਗਮ (ਐਨਐਚਡੀਸੀ)/ਖਾਦੀ ਅਤੇ ਗ੍ਰਾਮਉਦਯੋਗ ਆਯੋਗ (ਕੇਵੀਆਈਸੀ) ਆਦਿ ਦੇ ਨਾਲ ਨਾਮਾਂਕਿਤ/ਪੰਜੀਕ੍ਰਿਤ ਵਿਅਕਤੀਗਤ ਕਾਰੀਗਰ/ਬੁਣਕਰ/ਸ਼ਿਲਪਕਾਰ।
(ਸੀ) ਪੀਐਮਈਜੀਪੀ (ਪ੍ਰਧਾਨ ਮੰਤਰੀ ਰੋਜਗਾਰ ਸਿਰਜਨ ਪ੍ਰੋਗਰਾਮ) ਦੇ ਨਾਲ ਰਜਿਸਟਰਡ ਸਵੈ ਸਹਾਇਤਾ ਸਮੂਹ ।
(ਡੀ) ਸਮਾਜ ਦੇ ਹਾਸ਼ੀਏ ਤੇ ਜਾਂ ਕਮਜੋਰ ਵਰਗ।
5. ਆਵੇਦਕ ਨੂੰ ਸਟੇਸ਼ਨ ਸੁਪਰਟੈਂਡੈਂਟ ਨੂੰ ਇਕ ਅੰਡਰਟੇਕਿੰਗ ਜਮ੍ਹਾ ਕਰਨੀ ਹੋਵੇਗੀ ਜਿਸ ਵਿਚ ਇਹ ਦਰਸਾਇਆ ਗਿਆ ਹੋਵੇ ਕਿ ਟ੍ਰੇਨ ਸੰਚਾਲਨ, ਯਾਤਰੀ ਸੁਰੱਖਿਆ ਅਤੇ ਰੇਲਵੇ ਦੀ ਛਵੀ ਤੇ ਪ੍ਰਤੀਕੂਲ ਪ੍ਰਭਾਵ ਪਾਉਣ ਦੇ ਲਈ ਕੋਈ ਗਤੀਵਿਧੀ ਨਹੀਂ ਕੀਤੀ ਜਾਵੇਗੀ।
6. ਆਵੇਦਨ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਅਤੇ ਆਵੇਦਕ ਦੁਆਰਾ ਸਟੇਸ਼ਨ ਤੇ ਸਟੇਸ਼ਨ ਸੁਪਰਟੈਂਡੈਂਟ ਨੂੰ ਜਮ੍ਹਾ ਕੀਤਾ ਜਾ ਸਕਦਾ ਹੈ।
7. ਰਜਿਸਟਰੇਸ਼ਨ ਫੀਸ ਵਿਚ ਸ਼ਾਮਲ ਬੁਨਿਆਦੀ ਸੁਵਿਧਾ ਦੇ ਰੂਪ ਵਿਚ 15 ਦਿਨਾਂ ਦੀ ਇਕ ਅਵਧੀ ਦੇ ਲਈ ਪ੍ਰਤੀ ਓਐਸਓਪੀ ਆਊਟਲੇਟ ਤੇ ਵਧ ਤੋਂ ਵਧ 20 ਯੂਨਿਟ ਬਿਜਲੀ ਦੀ ਇਜਾਜਤ ਦਿਤੀ ਜਾਵੇਗੀ। 20 ਯੂਨਿਟ ਦੀ ਸੀਮਾ ਤੋਂ ਜ਼ਿਆਦਾ ਬਿਜਲੀ ਦੀ ਵਾਧੂ ਯੂਨਿਟ ਦੇ ਲਈ, ਲਾਗੂ ਚਾਰਜ ਅਸਲ ਆਧਾਰ ਤੇ ਲਾਗੂ ਹੋਣਗੇ।
8. ਸਟੇਸ਼ਨ ਸੁਪਰਟੇਂਡੈਂਟ ਸਾਰੇ ਅਨੁਮੋਦਿਤ ਪ੍ਰਤੀਭਾਗੀਆਂ ਦਾ ਪਹਿਲ ਰੋਸਟਰ ਬਨਾਉਣਗੇ ਅਤੇ ਸਟੇਸ਼ਨ ਪ੍ਰਬੰਧਕ/ ਅਨੁਭਾਗੀ ਸੀਐਮਆਈ ਦੁਆਰਾ ਸਾਰੇ ਅਨੁਮੋਦਿਤ ਆਵੇਦਕਾਂ ਦੀ ਮੌਜੂਦਗੀ ਵਿਚ ਸਟੇਸ਼ਨ ਤੇ ਆਯੋਜਿਤ ਡ੍ਰਾ ਦੇ ਮਾਧਿਅਮ ਨਾਲ ਪਹਿਲ ਸਥਾਪਿਤ ਕੀਤੀ ਜਾਏਗੀ।
9. ਇਸ ਯੋਜਨਾ ਦੇ ਲਈ ਸਟੇਸ਼ਨ ਤੇ ਜਗ੍ਹਾ ਅਤੇ ਬੁਨਿਆਦੀ ਢਾਂਚਾ ਉਪਲਬਧ ਕਰਾਇਆ ਜਾਵੇਗਾ।
10. ਕਿਸੇ ਵੀ ਪ੍ਰਸ਼ਨ ਦੇ ਲਈ ਆਵੇਦਕ ਸੰਬੰਧਿਤ ਸਟੇਸ਼ਨਾਂ ਦੇ ਸਟੇਸ਼ਨ ਸੁਪਰਟੈਂਡੈਂਟ ਜਾਂ ਸੀਐਮਆਈ ਨਾਲ ਸੰਪਰਕ ਕਰ ਸਕਦੇ ਹਨ।

ਨੰ. 23-AC/1203/OSOP/FZR/2022/Pt-III ਤਾਰੀਕ : -30.08.2024 2767/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਵੱਖ-ਵੱਖ ਸਕੂਲਾਂ 'ਚ ਮਨਾਇਆ ਅਧਿਆਪਕ ਦਿਵਸ



**ਜੈਤੋ (ਸਤੀਸ਼ ਕੁਮਾਰ ਭੀਰੀ)**-ਅਧਿਆਪਕ ਸਿਰਫ਼ ਅਧਿਆਪਕ ਹੀ ਨਹੀਂ ਹਨ, ਉਹ ਸਾਡੇ ਭਵਿੱਖ ਦੇ ਨਿਰਮਾਤਾ ਹਨ।ਉਨ੍ਹਾਂ ਨੇ ਸਾਨੂੰ ਗਿਆਨ, ਸਿਆਣਪ ਤੇ ਦਇਆ ਦੀਆਂ ਕਦਰਾਂ-ਕੀਮਤਾਂ ਸਿਖਾਈਆਂ ਹਨ।ਉਨ੍ਹਾਂ ਸਾਨੂੰ ਸਿਰਫ਼ ਵਿਸ਼ੇ ਹੀ ਨਹੀਂ ਸਿਖਾਏ, ਸਗੋਂ ਜੀਵਨ ਦੇ ਕੀਮਤੀ ਸਬਕ ਵੀ ਸਿਖਾਏ ਹਨ, ਜੋ ਸਾਡੇ ਜੀਵਨ ਭਰ ਲਈ ਲਾਭਦਾਇਕ ਹੋਣਗੇ।ਇਨ੍ਹਾਂ ਗੱਲਾਂ ਦੀ ਜਾਣਕਾਰੀ ਵਿਦਿਆਰਥੀਆਂ ਨੂੰ ਦਿੰਦਿਆਂ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਨੇ ਕਿਹਾ ਕਿ ਅਧਿਆਪਕ ਦਿਵਸ 5 ਸਤੰਬਰ ਨੂੰ ਸਾਡੇ ਦੇਸ਼ ਦੇ ਸਾਬਕਾ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਦੇ ਮੌਕੇ 'ਤੇ ਮਨਾਇਆ ਜਾਂਦਾ ਹੈ। ਸਕੂਲ ਦੀ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਤੇ ਸਮੂਹ ਅਧਿਆਪਕਾਂ ਨੇ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਭਾਸ਼ਣਾਂ, ਗੀਤਾਂ ਤੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਆਪਣੇ ਅਧਿਆਪਕਾਂ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕੀਤਾ।ਸਕੂਲ ਦੀ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਤੇ ਪ੍ਰਬੰਧਕੀ ਕਮੇਟੀ ਨੇ ਅਧਿਆਪਕ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

**ਭਗਤਾ ਭਾਈ ਕਾ (ਰਾਜੀਵ ਗੋਇਲ)** : ਨੇੜਲੇ ਪਿੰਡ ਕਾਂਗੜ ਦੇ ਹਰਗੋਬਿੰਦ ਪਬਲਿਕ ਸਕੂਲ ਵਿਖੇ ਅਧਿਆਪਕ ਦਿਵਸ ਮਨਾਇਆ ਗਿਆ। ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸੋਨੂੰ ਕੁਮਾਰ ਨੇ ਦੱਸਿਆ ਕਿ ਬੱਚਿਆਂ ਵੱਲੋਂ ਅਧਿਆਪਕਾਂ ਨੂੰ ਤੋਹਫੇ ਵੀ ਦਿੱਤੇ ਗਏ ਤੇ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਅਧਿਆਪਕ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਸਕੂਲ ਪ੍ਰਿੰਸੀਪਲ ਨੇ ਬੱਚਿਆਂ ਨੂੰ ਦੱਸਿਆ ਕਿ 'ਅਧਿਆਪਕ ਦਾ ਰੁਤਬਾ ਮਾਪਿਆਂ ਬਰਾਬਰ ਹੁੰਦਾ ਹੈ ਤੇ ਅਸਲ ਜ਼ਿੰਦਗੀ ਦੀ ਸੱਚਾਈ ਅਧਿਆਪਕ ਪਾਸੋਂ ਹੀ ਪ੍ਰਾਪਤ ਹੁੰਦੀ ਹੈ।' ਉਨ੍ਹਾਂ ਬੱਚਿਆਂ ਨੂੰ ਸਿੱਖਿਆ ਦਿੱਤੀ ਕਿ ਹਰ ਬੱਚੇ ਦਾ ਰਹਿੰਦੀ ਉਮਰ ਤੱਕ ਅਧਿਆਪਕ ਦਾ ਸਤਿਕਾਰ ਕਰਨਾ ਫਰਜ਼ ਹੁੰਦਾ ਹੈ। ਇਸ ਮੌਕੇ ਸਮੂਹ ਸਕੂਲ ਸਟਾਫ ਤੇ ਬੱਚੇ ਹਾਜ਼ਰ ਸਨ।



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਵਾਈ. ਐੱਸ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਥਾਂਦੇਵਾਲਾ ਵਿਖੇ ਚੇਅਰਮੈਨ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਅਧਿਆਪਕ ਦਿਵਸ ਮਨਾਇਆ ਗਿਆ।ਬੱਚਿਆਂ ਵੱਲੋਂ ਕਵਿਤਾ, ਨਾਟਕ, ਭਾਸ਼ਣ ਆਦਿ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਬੱਚਿਆਂ ਤੋਂ ਇਲਾਵਾ ਅਧਿਆਪਕਾਂ ਨੇ ਵੀ ਵੱਖ-ਵੱਖ ਗਤੀਵਿਧੀਆਂ ਪੇਸ਼ ਕੀਤੀਆਂ। ਅਧਿਆਪਕਾਂ ਵੱਲੋਂ ਸਪੂਨ ਰੇਸ, ਚੇਅਰ ਗੇਮ ਆਦਿ ਵਿੱਚ ਵੀ ਹਿੱਸਾ ਲਿਆ ਗਿਆ।ਸਕੂਲ ਦੇ ਪ੍ਰਿੰਸੀਪਲ ਮੈਡਮ ਬੀਰਪਾਲ ਕੌਰ ਨੇ ਬੱਚਿਆਂ ਨੂੰ ਅਧਿਆਪਕ ਦਿਵਸ ਦੇ ਦਿਨ ਦੀ ਮਹੱਤਤਾ ਬਾਰੇ ਦੱਸਿਆ।ਉਨ੍ਹਾਂ ਬੱਚਿਆਂ ਨੂੰ ਅਧਿਆਪਕਾਂ, ਮਾਪਿਆਂ ਤੇ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨ ਬਾਰੇ ਕਿਹਾ।ਇਸ ਉਪਰੰਤ ਸਕੂਲ ਦੇ ਚੇਅਰਮੈਨ ਸ੍ਰ. ਜਸਵਿੰਦਰ ਸਿੰਘ ਨੇ ਬੱਚਿਆਂ ਨੂੰ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ।ਇਸ ਸ਼ਾਨਦਾਰ ਮੌਕੇ ਸਟੇਜ ਦੀ ਭੂਮਿਕਾ ਸਕੂਲ ਦੇ ਮੈਡਮ ਸਿਮਰਜੀਤ ਕੌਰ ਨੇ ਨਿਭਾਈ।ਇਸ ਮੌਕੇ ਮੈਡਮ ਮਨਜੀਤ ਕੌਰ, ਮੈਡਮ ਰਮਨਦੀਪ ਕੌਰ, ਧਰਵੰਸ ਸਿੰਘ ਤੇ ਸਮੂਹ ਸਟਾਫ਼ ਤੇ ਬੱਚੇ ਸ਼ਾਮਲ ਸਨ।



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਸਰਵਪੱਲੀ ਡਾਕਟਰ ਰਾਧਾ ਕ੍ਰਿਸ਼ਨ ਜੀ ਦੇ 136ਵੇਂ ਜਨਮ ਦਿਵਸ ਨੂੰ ਸਮਰਪਤ ਅਧਿਆਪਕ ਦਿਵਸ ਬੜੇ ਉਤਸ਼ਾਹ ਪੂਰਵਕਤਾ ਨਾਲ ਮਨਾਇਆ ਗਿਆ। ਸਮਾਰੋਹ ਦਾ ਆਰੰਭ ਅਧਿਆਪਕ ਰੋਹਿਤ ਸ਼ਰਮਾ ਤੇ ਅਮਨਦੀਪ ਕੌਰ ਦੀ ਅਗਵਾਈ ਵਿੱਚ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਸਵੇਰ ਦੀ ਪ੍ਰਾਰਥਨਾ ਸਭਾ ਦੁਆਰਾ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਕਵਿਤਾਵਾਂ ਤੇ ਭਾਸ਼ਣ ਰਾਹੀਂ ਸਰਵਪੱਲੀ ਡਾਕਟਰ ਰਾਧਾ-ਕ੍ਰਿਸ਼ਨ ਜੀ ਦੇ ਜੀਵਨ 'ਤੇ ਰੌਸ਼ਨੀ ਪਾਈ। ਇਸ ਮੌਕੇ ਪ੍ਰਿੰਸੀਪਲ ਡਾਕਟਰ ਮੋਨਿਕਾ ਮਲਹੋਤਰਾ ਤੇ ਸਮੂਹ ਸਟਾਫ ਨੇ ਸਰਵਪੱਲੀ ਡਾਕਟਰ ਰਾਧਾ-ਕ੍ਰਿਸ਼ਨ ਜੀ ਦੀ ਫੋਟੋ ਅੱਗੇ ਸ਼ਮ੍ਹਾਂ ਰੋਸ਼ਨ ਕਰਕੇ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸਕੂਲ ਮੈਨੇਜਮੈਂਟ ਤੇ ਪ੍ਰਿੰਸੀਪਲ ਮਲਹੋਤਰਾ ਨੇ ਸਮੂਹ ਸਟਾਫ ਨੂੰ ਅਧਿਆਪਕ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੰਦਿਆਂ ਕਿਹਾ ਕਿ ਅਧਿਆਪਕ ਮੋਮਬੱਤੀ ਦੀ ਤਰ੍ਹਾਂ ਜਲ ਕੇ ਸਮਾਜ ਵਿੱਚ ਗਿਆਨ ਰੂਪੀ ਰੋਸ਼ਨੀ ਫੈਲਾਉਂਦਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਡਾਕਟਰ ਰਾਧਾ-ਕ੍ਰਿਸ਼ਨ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਇੱਕ ਆਦਰਸ਼ ਅਧਿਆਪਕ ਬਣ ਕੇ ਸਮਾਜ ਨੂੰ ਜਾਗ੍ਰਿਤ ਕਰਨ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਹੈ।



**ਮਲੋਟ (ਗੁਰਮੀਤ ਸਿੰਘ ਮੱਕੜ)** : ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦਾ ਜਨਮ ਦਿਨ ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੇਪਰੇਟਰੀ ਸਕੂਲ ਵਿਖੇ ਅਧਿਆਪਕ ਦਿਵਸ ਦੇ ਰੂਪ ਵਿੱਚ ਕੇਕ ਕੱਟ ਕੇ ਮਨਾਇਆ ਗਿਆ। ਇਸ ਮੌਕੇ ਨੰਨ੍ਹੇ ਮੁੰਨੇ ਬੱਚਿਆਂ ਨੇ ਅਧਿਆਪਕਾਂ ਨਾਲ ਤੋਹਫ਼ਿਆਂ ਦਾ ਆਦਾਨ ਪ੍ਰਦਾਨ ਕੀਤਾ। ਸਕੂਲ ਪ੍ਰਿੰਸੀਪਲ ਮੀਨਾ ਅਰੋੜਾ ਨੇ ਬੱਚਿਆਂ ਨੂੰ ਅਧਿਆਪਕ ਦਿਵਸ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਧਿਆਪਕ ਬੱਚਿਆਂ ਵਿੱਚ ਨੈਤਿਕ ਗੁਣ ਭਰਨ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹੈ ਤੇ ਬੱਚਿਆਂ ਦਾ ਭਵਿੱਖ ਬਣਾਉਂਦਾ ਹੈ, ਇਸ ਲਈ ਬੱਚਿਆਂ ਨੂੰ ਵੀ ਅਧਿਆਪਕ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਬੱਚਿਆਂ ਨੂੰ ਅਧਿਆਪਕ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਜੇ ਸਮਾਜ ਸਾਡੇ ਨਾਲ ਮਿਲ ਕੇ ਨਹੀਂ ਚੱਲਦਾ ਤਾਂ ਸਾਨੂੰ ਉਸ ਦੇ ਨਾਲ ਮਿਲ ਕੇ ਸਮਾਜ ਨੂੰ ਚੰਗਾ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ। ਇਸ ਮੌਕੇ ਮੈਡਮ ਅਨੂੰ, ਨਿਸ਼ਾ, ਗਗਨ, ਸ਼ੀਨੂੰ ਆਦਿ ਨੇ ਬੱਚਿਆਂ ਨੂੰ ਟਾਫ਼ੀਆਂ 'ਤੇ ਚਾਕਲੇਟ ਵੰਡੇ।



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਭਾਰਤ ਦੇ ਸਾਬਕਾ ਰਾਸ਼ਟਰਪਤੀ ਤੇ ਮਹਾਨ ਸ਼ਿਖਸ਼ਕ ਰਹੇ ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਵਸ ਮੌਕੇ ਪਿੰਡ ਪਿੰਡੀ (ਕੋਟ ਸ਼ਿੰਗਾਰ ਸਿੰਘ ਵਾਲਾ) ਸਥਿਤ ਐੱਸ ਐੱਮ ਡੀ ਸਮਾਰਟ ਸਕੂਲ ਵਿਖੇ ਛੇ ਸਾਲ ਦੀ ਉਮਰ ਤੋਂ ਲੈ ਕੇ 15 ਸਾਲ ਤੱਕ ਦੇ ਬੱਚਿਆਂ ਵੱਲੋਂ ਭਾਸ਼ਣ ਕਵਿਤਾ ਤੇ ਸਕਿੱਟ ਪੇਸ਼ ਕੀਤੇ ਗਏ।ਸਕੂਲ ਦੇ ਬੱਚਿਆਂ ਨੇ ਖੁਦ ਆਪਣੇ ਹੱਥੀਂ ਬਣਾਏ ਕੇਕ ਨੂੰ ਗਿਫ਼ਟ ਕੀਤਾ ਗਿਆ।ਬੱਚਿਆਂ ਨੇ ਅਧਿਆਪਕਾਂ ਨੂੰ ਗਿਫਟ ਦਿੱਤੇ ਤੇ ਅਧਿਆਪਕਾਂ ਨੇ ਵੀ ਬੱਚਿਆਂ ਨੂੰ ਉਤਸ਼ਾਹਤ ਕੀਤਾ।ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾਕਟਰ ਨਰਿੰਦਰ ਸਿੰਘ ਨੇ ਜ਼ਿੰਦਗੀ ਵਿੱਚ ਗੁਰੂ ਦੇ ਮਹੱਤਵ 'ਤੇ ਪ੍ਰਕਾਸ਼ ਪਾਉਂਦੇ ਹੋਏ ਕਿਹਾ ਕਿ ਸਭ ਤੋਂ ਪਹਿਲੇ ਗੁਰੂ ਮਾਤਾ-ਪਿਤਾ ਤੇ ਉਸ ਤੋਂ ਬਾਅਦ ਪੜ੍ਹਾਉਣ ਵਾਲੇ ਗੁਰੂ ਦੋਹਾਂ ਦਾ ਬੱਚੇ ਦੇ ਜੀਵਨ ਨਿਰਮਾਣ ਵਿੱਚ ਅਹਿਮ ਯੋਗਦਾਨ ਹੁੰਦਾ ਹੈ।ਇਸ ਮੌਕੇ ਮੌਜੂਦ ਹੋਏ ਮਾਪਿਆਂ ਨੇ ਐੱਸ ਐੱਮ ਡੀ ਸਕੂਲ ਦੇ ਬੱਚਿਆਂ ਦੁਆਰਾ ਅੰਗਰੇਜ਼ੀ ਭਾਸ਼ਾ ਵਿੱਚ ਦਿੱਤੇ ਗਏ ਭਾਸ਼ਣਾਂ ਲਈ ਸਕੂਲ ਦੀ ਸਿੱਖਿਆ ਦੀ ਸ਼ਲਾਘਾ ਕਰਦੇ ਹੋਏ ਅਧਿਆਪਕਾਂ ਤੇ ਮੈਨੇਜਮੈਂਟ ਦਾ ਧੰਨਵਾਦ ਕੀਤਾ ਤੇ ਟੀਚਰ ਡੇ ਦੀ ਵਧਾਈ ਦਿੱਤੀ।



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ਼ਿਵਾਲਕ ਮਲਟੀਪਰਲਜ਼ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਮੈਡਮ ਰੇਨੂ ਬਾਲਾ ਦੀ ਅਗਵਾਈ 'ਚ ਅਧਿਆਪਕ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕਰਵਾਏ ਸਮਾਗਮ 'ਚ ਪ੍ਰੈਜ਼ੀਡੈਂਟ ਵਿਨੋਦ ਕੁਮਾਰ, ਧਰਮਿੰਦਰ ਕੁਮਾਰ ਤੇ ਸਮੂਹ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਰੇਨੂੰ ਬਾਲਾ ਨੇ ਵਿਦਿਆਰਥੀਆਂ ਨੂੰ ਅਧਿਆਪਕ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਤੇ ਬੱਚਿਆਂ ਨੇ ਅਧਿਆਪਕਾਂ ਲਈ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ ਅਤੇ ਉਨ੍ਹਾਂ ਕੇਕ ਕੱਟ ਕੇ ਰਾਸ਼ਟਰਪਤੀ ਡਾਕਟਰ ਰਾਧਾ ਕ੍ਰਿਸ਼ਨਨ ਸਰਵਪੱਲੀ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ। ਇਸ ਮੌਕੇ ਸਕੂਲ ਦੇ ਸਮੂਹ ਅਧਿਆਪਕ ਮੌਜੂਦ ਸਨ।



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਅਧਿਆਪਕ ਦਿਵਸ ਮੌਕੇ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਨੇ ਕਿਹਾ ਕਿ ਅਧਿਆਪਕ ਇੱਕ ਅਜਿਹੀ ਸ਼ਕਤੀ ਹੈ, ਜੋ ਸਮਾਜ ਨੂੰ ਸੇਧ ਦੇਣ ਦੀ ਸਮਰੱਥਾ ਰੱਖਦੀ ਹੈ ਅਧਿਆਪਕ ਆਪਣੀ ਲਗਨ ਤੇ ਮਿਹਨਤ ਨਾਲ ਸਮਾਜ ਲਈ ਇੱਕ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਅਧਿਆਪਕ ਦਿਵਸ 'ਤੇ ਡਾਕਟਰ ਰਾਧਾ ਕ੍ਰਿਸ਼ਨਨ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਵਿਦਿਆਰਥੀਆਂ ਨੂੰ ਭਰਪੂਰ ਜਾਣਕਾਰੀ ਦਿੱਤੀ। ਇਸ ਮੌਕੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਭਾਸ਼ਣ, ਗੀਤ, ਸਕਿੱਟਾਂ ਪੇਸ਼ ਕਰਕੇ ਅਧਿਆਪਕ ਦਿਵਸ ਮਨਾਇਆ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਮੈਡਮ ਅਮਨਦੀਪ ਕੌਰ ਤੇ ਮੈਡਮ ਹਰਦੀਪ ਕੌਰ ਨੇ ਬਾਖੂਬੀ ਨਿਭਾਈ। ਇਸ ਮੌਕੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਕੇਕ ਕੱਟ ਕੇ ਅਧਿਆਪਕ ਦਿਵਸ ਦੀ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਬਿਜਲੀ ਕਾਮਿਆਂ ਨੂੰ ਤਿੱਖੇ ਸੰਘਰਸ਼ਾਂ ਵੱਲ ਅੱਗੇ ਵਧਣ ਦਾ ਸੱਦਾ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**-ਪਾਵਰਕਾਮ ਦੀਆਂ ਸੰਘਰਸ਼ਸ਼ੀਲ ਮੁਲਾਜ਼ਮ ਜਥੇਬੰਦੀਆਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ। ਧਰਨੇ, ਮੁਜ਼ਾਹਰੇ ਕਰਨ ਤੋਂ ਅੱਗੇ ਅਗਸਤ ਮਹੀਨੇ ਤੋਂ ਸ਼ੁਰੂ ਕੀਤਾ ਵਰਕ-ਟੂ-ਰੂਲ ਪੂਰੇ ਪੰਜਾਬ ਵਿੱਚ ਸਫਲਤਾ ਪੂਰਵਕ ਚੱਲ ਰਿਹਾ ਹੈ। 1 ਸਤੰਬਰ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਵੱਲ ਹਜ਼ਾਰਾਂ ਬਿਜਲੀ ਕਾਮਿਆਂ ਨੇ ਵਿਸ਼ਾਲ ਮਾਰਚ ਕਰਕੇ ਤਿੱਖੇ ਰੋਹ ਦਾ ਪ੍ਰਗਟਾਵਾ ਕੀਤਾ ਹੈ। ਬਿਜਲੀ ਕਾਮਿਆਂ ਦੀ ਮੰਗਾਂ ਪ੍ਰਤੀ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਨੇ ਲੰਬੇ ਸਮੇਂ ਤੋਂ ਘੇਸਲ ਮਾਰੀ ਹੋਈ ਹੈ, ਜਦਕਿ ਬਿਜਲੀ ਮੰਤਰੀ ਤੇ ਮੈਨੇਜਮੈਂਟ ਨੇ ਅਨੇਕਾਂ ਵਾਰ ਮੀਟਿੰਗਾਂ ਕਰਕੇ ਇਨ੍ਹਾਂ ਬੁਨਿਆਦੀ ਮੰਗਾਂ ਉੱਪਰ ਸਹਿਮਤੀ ਜਤਾਈ ਹੈ। ਹੁਣ ਇਨ੍ਹਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹੋਰ ਵਧੇਰੇ ਦਬਾਅ ਲਾਮਬੰਦ ਕਰਨ ਲਈ ਪੂਰੇ ਪੰਜਾਬ ਦੇ ਬਿਜਲੀ ਮੁਲਾਜ਼ਮਾਂ ਵੱਲੋਂ ਤਿੰਨ ਦਿਨ (10, 11 ਤੇ 12 ਸਤੰਬਰ) ਸਮੂਹਕ ਛੁੱਟੀ 'ਤੇ ਜਾਣ ਦਾ ਐਲਾਨ ਕੀਤਾ ਹੋਇਆ ਹੈ। ਪਾਵਰਕਾਮ ਮੈਨੇਜਮੈਂਟ ਨੇ ਜਾਬਰ ਰੁੱਖ ਅਖਤਿਆਰ ਕਰਦਿਆਂ 'ਐਸਮਾ' ਲਾਉਣ ਦਾ ਐਲਾਨ ਕਰ ਦਿੱਤਾ ਹੈ।ਸੰਘਰਸ਼ ਨੂੰ ਦਬਾਉਣ ਲਈ ਐਸਮਾ ਲਾਉਣ ਦਾ ਗੰਭੀਰ ਨੋਟਿਸ ਲੈਂਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਮੁਖਤਿਆਰ ਪੂਹਲਾ, ਜਸਵੰਤ ਜੀਰਖ ਤੇ ਜਗਜੀਤ ਲਹਿਰਾ ਮੁਹੱਬਤ ਸਾਂਝੇ ਪ੍ਰੈੱਸ ਬਿਆਨ 'ਚ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਨੇ ਬੁਖਲਾਹਟ ਵਿੱਚ ਆ ਕੇ ਸੰਘਰਸ਼ ਨੂੰ ਕੁਚਲਣ ਦਾ ਭਰਮ ਪਾਲਦਿਆਂ 'ਐਸਮਾ' ਲਾਇਆ ਹੈ। ਮੈਨੇਜਮੈਂਟ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਵਿੱਚ ਕਿਹਾ ਗਿਆ ਹੈ ਕਿ ਜਿਹੜੇ ਮੁਲਾਜ਼ਮ ਰਿਟਾਇਰ ਹੋ ਰਹੇ ਹਨ ਤੇ ਉਹ ਹੜਤਾਲ 'ਤੇ ਜਾਣਗੇ ਤਾਂ ਉਨ੍ਹਾਂ ਹੜਤਾਲੀ ਮੁਲਾਜ਼ਮਾਂ ਨੂੰ ਤਰੱਕੀ ਤੇ ਪੈਨਸ਼ਨ ਨਹੀਂ ਮਿਲੇਗੀ। ਠੇਕੇ 'ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਕੇ ਘਰ ਤੋਰਨ ਦੇ ਆਦੇਸ਼ ਜਾਰੀ ਕੀਤੇ ਹਨ। ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਹੋਰ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਮੂਹਕ ਛੁੱਟੀ 'ਤੇ ਜਾਣ ਕਾਰਨ ਐਸਮਾ ਲੱਗਾ ਹੈ। 1 ਸਤੰਬਰ ਤੋਂ ਬਿਜਲੀ ਮੰਤਰੀ ਤੇ ਬਿਜਲੀ ਨਿਗਮ ਦੇ ਸੀ. ਐੱਮ. ਡੀ. ਸਣੇ ਡਾਇਰੈਕਟਰਾਂ ਨੂੰ ਕਾਲੇ ਝੰਡੇ ਵਿਖਾਉਣ ਦਾ ਐਲਾਨ ਕੀਤਾ ਹੋਇਆ ਹੈ।

ਆਗੂਆਂ ਨੇ ਬਿਜਲੀ ਕਾਮਿਆਂ ਦੇ ਹੱਕੀ ਸੰਘਰਸ਼ ਦੀ ਹਮਾਇਤ ਦਾ ਐਲਾਨ ਕਰਦਿਆਂ ਮੰਗ ਕੀਤੀ ਹੈ ਕਿ ਪਾਵਰਕਾਮ ਮੈਨੇਜਮੈਂਟ ਐਸਮਾ ਵਰਗੇ ਜਾਬਰ ਕਾਲੇ ਕਾਨੂੰਨਾਂ ਰਾਹੀਂ ਸੰਘਰਸ਼ ਨੂੰ ਕੁਚਲਣ ਦਾ ਭਰਮ ਤਿਆਗ ਕੇ ਬਿਜਲੀ ਕਾਮਿਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨਣ ਦਾ ਐਲਾਨ ਕਰੇ। ਆਗੂਆਂ ਕਿਹਾ ਕਿ ਆਊਟਸੋਰਸ/ਠੇਕੇਦਾਰੀ ਪ੍ਰਬੰਧ ਦੀ ਜੜ੍ਹ ਮੈਨੇਜਮੈਂਟ ਤੇ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਸਾਮਰਾਜੀ ਦਿਸ਼ਾ ਨਿਰਦੇਸ਼ਤ ਲੋਕ ਮੁਲਾਜ਼ਮ ਵਿਰੋਧੀ ਨਵੀਂ ਆਰਥਿਕ ਤੇ ਸਨਅਤੀ ਨੀਤੀ ਹੈ, ਜਿਸ ਨਾਲ ਕਾਮਿਆਂ ਦੀਆਂ ਸੇਵਾਂਵਾਂ ਸ਼ਰਤਾਂ ਤਬਦੀਲ ਕੀਤੀਆਂ ਹਨ। ਇਨਕਲਾਬੀ ਕੇਂਦਰ ਨੇ ਬਿਜਲੀ ਕਾਮਿਆਂ ਨੂੰ ਆਪਣੇ ਸੰਘਰਸ਼ਾਂ ਦਾ ਘੇਰਾ ਵਿਸ਼ਾਲ ਕਰਦਿਆਂ ਤਰਥੱਲ ਪਾਊ ਸਾਂਝੇ ਸੰਘਰਸ਼ਾਂ ਵੱਲ ਅੱਗੇ ਵਧਣ ਦਾ ਸੱਦਾ ਦਿੱਤਾ ਹੈ।

# 14 ਦੀ ਨੈਸ਼ਨਲ ਲੋਕ ਅਦਾਲਤ ਸੰਬੰਧੀ ਮੀਟਿੰਗ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** : ਨਾਲਸਾ ਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹਦਾਇਤਾਂ ਅਨੁਸਾਰ ਸ੍ਰੀ ਰਾਜ ਕੁਮਾਰ, ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ 14 ਸਤੰਬਰ 2024 ਨੂੰ ਲੱਗਣ ਵਾਲੀ ਨੈਸ਼ਨਲ ਲੋਕ ਅਦਾਲਤ ਸਬੰਧੀ ਡਾ. ਗਗਨਦੀਪ ਕੌਰ, ਸੀ.ਜੀ.ਐੱਮ/ਸਕੱਤਰ ਵੱਲੋਂ ਪੈਨਲ ਵਕੀਲ ਸਾਹਿਬਾਨਾਂ, ਮੀਡੀਏਟਰਾਂ ਅਤੇ ਪੈਰਾ ਲੀਗਲ ਵਲੰਟੀਅਰਜ਼ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਉਨ੍ਹਾ ਪੈਨਲ ਵਕੀਲ ਸਾਹਿਬਾਨਾਂ, ਮੀਡੀਏਟਰਾਂ ਤੇ ਪੈਰਾ ਲੀਗਲ ਵਲੰਟੀਅਰਜ਼ ਨੂੰ ਅਪੀਲ ਕੀਤੀ ਕਿ ਉਹ ਆਮ ਲੋਕਾਂ ਦੇ ਕੇਸਾਂ ਦਾ ਨਿਪਟਾਰਾ ਲੱਗ ਰਹੀ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕਰਵਾਉਣ ਲਈ ਸਬੰਧਤ ਅਦਾਲਤ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਕਤਸਰ ਸਾਹਿਬ ਨੂੰ ਵੀ ਦਰਖਾਸਤ ਦੇ ਸਕਦੇ ਹਨ।ਇਸ ਲੋਕ ਅਦਾਲਤ ਵਿੱਚ ਲੈਂਡ ਐਕੁਜ਼ੀਸ਼ਨ ਕੇਸ, ਲੇਬਰ ਕੋਰਟ ਦੇ ਕੇਸ, ਮੋਟਰ ਐਕਸੀਡੈਂਟ, ਪਰਿਵਾਰਕ ਝਗੜੇ, ਟ੍ਰੈਫਿਕ ਚਲਾਨ, ਬੈਂਕ ਕੇਸ, ਬਿਜਲੀ ਚੋਰੀ ਦੇ ਕੇਸ, ਸਿਵਲ ਸੂਟ, 138 ਐੱਨ ਆਈ ਏ ਸੀਟੀ ਤੇ ਕੈਂਸਲੇਸ਼ਨ, ਐੱਫ.ਆਈ.ਆਰ ਆਦਿ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ।

# ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮਨਰੇਗਾ 'ਚ ਬੰਦ ਕੰਮਾਂ ਨੂੰ ਚਾਲੂ ਕਰਵਾਉਣ ਲਈ ਧਰਨਾ

## ਬੀ ਡੀ ਪੀ ਓ ਰਾਹੀਂ ਸਰਕਾਰ ਦੇ ਨਾਂਅ ਮੰਗ ਪੱਤਰ ਸੌਂਪਿਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਮਜ਼ਦੂਰ ਮੁਕਤੀ ਮੋਰਚਾ ਪੰਜਾਬ (ਅਜ਼ਾਦ) ਵੱਲੋਂ ਮਨਰੇਗਾ ਵਿੱਚ ਬੰਦ ਕੰਮਾਂ ਨੂੰ ਚਾਲੂ ਕਰਨ ਤੇ ਲਗਾਤਾਰ ਕੀਤੇ ਜਾ ਰਹੇ ਬਦਲਾਅ ਦੇ ਵਿਰੋਧ ਵਿੱਚ ਨਥਾਣਾ ਵਿਖੇ ਧਰਨਾ ਦੇ ਕੇ ਬੀ. ਡੀ. ਪੀ. ਓ. ਰਾਹੀਂ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਸੌਂਪਿਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਤੇ ਆਜ਼ਾਦ ਸਮਾਜ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਹਰਵਿੰਦਰ ਸਿੰਘ ਸੇਮਾ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਪ੍ਰਿਤਪਾਲ ਸਿੰਘ ਰਾਮਪੁਰਾ, ਮੀਤ ਪ੍ਰਧਾਨ ਜਸਵੰਤ ਸਿੰਘ ਪੂਹਲੀ ਤੇ ਭੀਮ ਆਰਮੀ ਦੇ ਆਗੂ ਜਸਵੀਰ ਸਿੰਘ ਬਠਿੰਡਾ ਨੇ ਕਿਹਾ ਕਿ ਦੇਸ਼ ਅੰਦਰ ਵਧ ਰਹੀ ਬੇਰੁਜ਼ਗਾਰੀ ਤੇ ਦਲਿਤਾਂ ਨੂੰ ਅੱਖੋਂ-ਪਰੋਖੇ ਕਰਕੇ ਸਿਰਫ ਤੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਹੀ ਲਾਭ ਦੇਣਾ ਚਿੰਤਾ ਦਾ ਵਿਸ਼ਾ ਹੈ ਅਤੇ ਸਭ ਤੋਂ ਮਾੜੀ ਹਾਲਤ ਵਿੱਚ ਰਹਿ ਰਹੇ ਲੋਕਾਂ ਨੂੰ ਸਿਰਫ ਕੀੜੇ ਮਕੌੜੇ ਸਮਝਣਾ ਸੂਬਾ ਤੇ ਕੇਂਦਰ ਸਰਕਾਰ ਨੇ ਆਪਣਾ ਏਜੰਡਾ ਹੀ ਬਣਾ ਲਿਆ ਹੈ। ਅੱਜ ਵੱਡੀ ਗਿਣਤੀ ਲੋਕ ਭੁੱਖ-ਮਰੀ ਦਾ ਸ਼ਿਕਾਰ ਹੋ ਰਹੇ ਹਨ। ਸਰਕਾਰਾਂ ਵੱਲੋਂ ਗ਼ਰੀਬ ਲੋਕਾਂ ਲਈ ਬਣਾਏ ਗਏ ਕਾਨੂੰਨ ਇੱਕ-ਇੱਕ ਕਰਕੇ ਲਗਾਤਾਰ ਖ਼ਤਮ ਕੀਤੇ ਜਾ ਰਹੇ ਹਨ। ਉਨ੍ਹਾਂ ਕੇਂਦਰ ਸਰਕਾਰ 'ਤੇ ਦੋਸ਼ ਲਾਉਂਦਿਆ ਕਿਹਾ ਕਿ ਮੋਦੀ ਸਰਕਾਰ ਲਗਾਤਾਰ ਮਨਰੇਗਾ ਕਾਨੂੰਨ ਵਿੱਚ ਨਵੇਂ ਬਦਲਾਅ ਲਿਆ ਕੇ ਲੋਕਾਂ ਨੂੰ ਬੇਰੁਜ਼ਗਾਰ ਕਰ ਰਹੀ ਹੈ, ਕਿਉਂਕਿ ਹਰ ਸਾਲ ਬੱਜਟ ਘਟਾਇਆ ਜਾ ਰਿਹਾ ਹੈ, ਜਦੋਂਕਿ ਬੱਜਟ ਵਧਾਉਣ ਦੀ ਜ਼ਰੂਰਤ ਹੈ। ਹੁਣ ਹਾਲ ਇਹ ਹੈ ਕਿ ਪਹਿਲਾਂ ਵਾਲੇ ਕੰਮ ਵੀ ਬੰਦ ਕੀਤੇ ਜਾ ਰਹੇ ਹਨ। ਉਨ੍ਹਾਂ ਅਪੀਲ ਕੀਤੀ ਕਿ ਹੁਣ ਜਾਗਣ ਦੀ ਲੋੜ ਹੈ। ਪਿੰਡਾਂ ਅੰਦਰ ਲਾਮਬੰਦੀ ਕਰਨ ਦੀ ਜ਼ਰੂਰਤ ਹੈ ਤਾਂ ਕਿ ਮਜ਼ਦੂਰ ਜਮਾਤ ਨਾਲ਼ ਹੋ ਰਹੀ ਬੇਇਨਸਾਫ਼ੀ ਬੰਦ ਕਰਵਾਈ ਜਾ ਸਕੇ। ਉਨ੍ਹਾਂ ਅਪੀਲ ਕੀਤੀ ਕਿ ਆਓ 11 ਸਤੰਬਰ ਨੂੰ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵਿੱਚ ਖਤਮ ਹੋ ਰਹੀ ਰਿਜ਼ਰਵੇਸ਼ਨ ਖਿਲਾਫ ਅਤੇ ਰੁਜ਼ਗਾਰ ਬਚਾਉਣ ਲਈ ਅਜ਼ਾਦ ਸਮਾਜ ਪਾਰਟੀ ਦੇ ਮੁਖੀ ਚੰਦਰ ਸ਼ੇਖਰ ਆਜ਼ਾਦ ਦੀ ਅਗਵਾਈ ਵਿੱਚ ਹੋਣ ਵਾਲੀ ਮਹਾਂਰੈਲੀ ਵਿੱਚ ਸ਼ਾਮਲ ਹੋਈਏ। ਉਨ੍ਹਾਂ ਕਿਹਾ ਕਿ ਮਨਰੇਗਾ ਵਿੱਚ ਬੰਦ ਕੰਮਾਂ ਨੂੰ ਚਾਲੂ ਕਰਨ ਲਈ 19 ਤੋਂ 21 ਸਤੰਬਰ ਨੂੰ ਏ. ਡੀ. ਸੀ. ਵਿਕਾਸ ਦੇ ਦਫ਼ਤਰ ਅੱਗੇ ਦਿਨ-ਰਾਤ ਦੇ ਮੋਰਚੇ ਵਿੱਚ ਪਰਵਾਰਾਂ ਸਮੇਤ ਸ਼ਾਮਲ ਹੋਈਏ। ਇਸ ਮੌਕੇ ਗੁਰਬਚਨ ਸਿੰਘ ਕਲਿਆਣ, ਵੀਰਾ ਸਿੰਘ, ਮੇਲਾ ਸਿੰਘ ਬੇਗਾ, ਤੋਤੀ ਸਿੰਘ ਤੇ ਮੂਰਤੀ ਕੌਰ ਸਮੇਤ ਹੋਰ ਲੋਕ ਹਾਜ਼ਰ ਸਨ।

# ਮੈਂਬਰਸ਼ਿਪ ਮੁਹਿੰਮ ਦਾ ਮੁੱਖ ਉਦੇਸ਼ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨਾ : ਰਾਕੇਸ਼ ਰਾਠੌਰ



**ਲੁਧਿਆਣਾ (ਜਸਦੀਪ ਵਰਤੀਆ)**-ਜ਼ਿਲ੍ਹਾ ਭਾਜਪਾ ਦਫ਼ਤਰ ਦੁੱਗਰੀ ਵਿਖੇ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਸਬੰਧੀ ਇੱਕ ਸਮਾਗਮ ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਦੀ ਪ੍ਰਧਾਨਗੀ ਹੇਠ ਕੀਤਾ ਗਿਆ।ਸਮਾਗਮ ਵਿੱਚ ਪੰਜਾਬ ਭਾਜਪਾ ਦੇ ਜਨਰਲ ਸਕੱਤਰ ਰਾਕੇਸ਼ ਰਾਠੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਸਮਾਗਮ ਵਿੱਚ ਭਾਜਪਾ ਦਫ਼ਤਰ ਤੋਂ ਗੁਬਾਰੇ ਛੱਡ ਮੈਂਬਰਸ਼ਿਪ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸਮੂਹ ਵਰਕਰਾਂ ਨੂੰ ਸੰਬੋਧਨ ਕਰਦਿਆਂ ਰਾਕੇਸ਼ ਰਾਠੌਰ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨਾ ਤੇ ਵਿਸ਼ਵ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ਕਰਨਾ ਹੈ ਤੇ ਪਾਰਟੀ ਦੀ ਵਿਚਾਰਧਾਰਾ ਨੂੰ ਹਰ ਘਰ ਤੱਕ ਪਹੁੰਚਾਉਣਾ ਹੈ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੂਰੇ ਪੰਜਾਬ ਵਿੱਚ ਭਾਜਪਾ ਦੇ 5 ਲੱਖ ਨਵੇਂ ਮੈਂਬਰ ਬਣਾਏ ਜਾਣਗੇ।ਰਾਠੌਰ ਨੇ ਕਿਹਾ ਕਿ ਪਾਰਟੀ ਨੇ 8800002024 ਨੰਬਰ ਜਾਰੀ ਕੀਤਾ ਹੈ, ਜਿਸ 'ਤੇ ਮਿਸ ਕਾਲ ਕਰਕੇ ਤੁਸੀਂ ਭਾਜਪਾ ਦੇ ਮੈਂਬਰ ਬਣ ਸਕਦੇ ਹੋ।ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਕਿਹਾ ਕਿ ਨਵੇਂ ਮੈਂਬਰ 4 ਤਰੀਕੇ ਨਾਲ ਬਣਾਏ ਜਾਣਗੇ।ਪਹਿਲਾ, ਮੋਬਾਈਲ ਨੰਬਰ 'ਤੇ ਮਿਸਡ ਕਾਲ ਦੇ ਕੇ, ਦੂਜਾ, ਇਊ ਆਰ ਕੋਡ ਨੂੰ ਸਕੈਨ ਕਰਕੇ, ਤੀਜਾ, ਨਮੋ ਐਪ ਰਾਹੀਂ ਤੇ ਚੌਥਾ, ਲੋਕ ਭਾਜਪਾ ਦੀ ਵੈੱਬਸਾਈਟ ਰਾਹੀਂ ਪਾਰਟੀ ਦੀ ਮੈਂਬਰਸ਼ਿਪ ਲੈ ਸਕਣਗੇ।ਉਨ੍ਹਾਂ ਕਿਹਾ ਕਿ ਲੁਧਿਆਣਾ ਵਿੱਚ 3 ਲੱਖ ਤੋਂ ਵੱਧ ਨਵੇਂ ਮੈਂਬਰ ਬਣਾਏ ਜਾਣਗੇ। ਇਸ ਮੌਕੇ ਭਾਜਪਾ ਦੇ ਸਾਬਕਾ ਸੂਬਾ ਜਨਰਲ ਸਕੱਤਰ ਪ੍ਰਵੀਨ ਬਾਂਸਲ, ਸੀਨੀਅਰ ਭਾਜਪਾ ਆਗੂ ਕਮਲਜੀਤ ਸਿੰਘ ਕੜਵਲ, ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਸਰਦਾਰ ਨਰੇਂਦਰ ਸਿੰਘ ਮੱਲੀ, ਡਾ: ਕਨਿਕਾ ਜਿੰਦਲ, ਮਹਿਲਾ ਮੋਰਚਾ ਪ੍ਰਧਾਨ ਸ੍ਰੀ ਚੁੱਘ, ਸੂਬਾ ਮੀਤ ਪ੍ਰਧਾਨ ਲੀਨਾ ਟਪਾਰੀਆ ਆਦਿ ਤੋਂ ਇਲਾਵਾ ਸੈਂਕੜੇ ਬੀ.ਜੇ.ਪੀ. ਵਰਕਰ ਹਾਜ਼ਰ ਸਨ।

# ਦਿੱਲੀ-ਸੰਗਰੂਰ ਹਾਈਵੇ 'ਤੇ ਖੜ੍ਹਾ ਪਾਣੀ, ਲੋਕ ਪ੍ਰੇਸ਼ਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਭਾਰਤ ਸਰਕਾਰ ਵੱਲੋਂ ਭਾਰਤ ਮਾਲਾ ਪਰਿਯੋਜਨਾ ਤਹਿਤ ਸੜਕਾਂ ਦਾ ਵੱਡੇ ਪੱਧਰ 'ਤੇ ਨਿਰਮਾਣ ਕੀਤਾ ਜਾ ਰਿਹਾ, ਪ੍ਰੰਤੂ ਨਿਰਮਾਣ ਕਰਨ ਵਾਲੀਆਂ ਕੰਪਨੀਆਂ ਵੱਲੋਂ ਬਣਾਈਆਂ ਜਾ ਰਹੀਆਂ ਸੜਕਾਂ ਲੋਕਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣਦੀਆਂ ਜਾ ਰਹੀਆਂ ਹਨ, ਜਿਸ ਦੀ ਤਾਜ਼ਾ ਮਿਸਾਲ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਦੇ ਪਾਤੜਾਂ ਤੋਂ ਖਨੌਰੀ ਵੱਲ ਜਾਣ 'ਤੇ ਪਿੰਡ ਖਾਸਪੁਰ ਨਜ਼ਦੀਕ ਦੇਖਣ ਨੂੰ ਮਿਲਦੀ ਹੈ, ਜਿੱਥੇ ਨੈਸ਼ਨਲ ਹਾਈਵੇ ਦੀ ਮੇਨ ਸੜਕ ਦੇ ਨਾਲ ਨਾਲ ਪਾਤੜਾਂ ਤੋਂ ਆਉਂਦੇ ਸਰਵਿਸ ਰੋਡ ਦੀਆਂ ਸੜਕਾਂ ਵੀ ਤਕਰੀਬਨ ਤਿੰਨ ਤਿੰਨ ਫੁੱਟ ਪਾਣੀ ਵਿੱਚ ਡੁੱਬੀਆਂ ਹੋਈਆਂ ਹਨ।ਜਾਣਕਾਰੀ ਅਨੁਸਾਰ ਇਥੋਂ ਕੁਝ ਕਿਲੋਮੀਟਰ ਦੂਰ ਪਿੰਡ ਗੋਬਿੰਦਪੁਰਾ ਵਿਖੇ ਟੋਲ ਪਲਾਜ਼ਾ ਲੱਗਿਆ ਹੋਇਆ ਹੈ, ਜਿੱਥੇ ਟੋਲ ਟੈਕਸ ਦੀ ਮੋਟੀ ਰਕਮ ਦੇ ਰੂਪ ਵਿੱਚ ਟੋਲ ਵਸੂਲਿਆ ਜਾ ਰਿਹਾ ਹੈ, ਪ੍ਰੰਤੂ ਟੋਲ ਟੈਕਸ ਵਸੂਲੇ ਜਾਣ ਉਪਰੰਤ ਵੀ ਸਹੂਲਤਾਂ ਨਦਾਰਦ ਹਨ।ਇਸ ਤੋਂ ਇਲਾਵਾ ਪਿੰਡ ਗੋਬਿੰਦਪੁਰਾ ਪੈਂਦ ਦੇ ਸਾਹਮਣੇ ਸਰਵਿਸ ਰੋਡ ਵੀ ਪਾਣੀ ਵਿੱਚ ਡੁੱਬੇ ਹੋਏ ਹਨ, ਜਿੱਥੇ ਕਿ ਲੋਕਾਂ ਨੂੰ ਇਸ ਤੋਂ ਵੱਧ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਜੇਕਰ ਮੋਟੇ ਤੌਰ 'ਤੇ ਟੋਲ ਟੈਕਸ ਵਸੂਲਣਾ ਹੈ ਤਾਂ ਟੋਲ ਰੋਡ ਵਰਗੀਆਂ ਸਹੂਲਤਾਂ ਵੀ ਦਿੱਤੀਆਂ ਜਾਣ।

# ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਪਲੇਸਮੈਂਟ ਡਰਾਈਵ ਸੰਪੰਨ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਟ੍ਰੇਨਿੰਗ ਤੇ ਪਲੇਸਮੈਂਟ ਵਿਭਾਗ ਵੱਲੋਂ ਆਯੋਜਤ ਪਲੇਸਮੈਂਟ ਡਰਾਈਵ ਸਫਲਤਾਪੂਰਵਕ ਸੰਪੰਨ ਹੋਈ।ਇਸ ਡਰਾਈਵ ਨੇ ਆਖਰੀ ਸਾਲ ਦੇ ਵਿਦਿਆਰਥੀਆਂ ਨੂੰ ਗ੍ਰਾਜ਼ਿਟੀ ਇੰਟਰੈਕਟਿਵ, ਜੋ ਕਿ ਸਾਸ ਉਤਪਾਦਾਂ ਤੇ ਡਿਜੀਟਲ ਸੇਵਾਵਾਂ ਦਾ ਵਿਸ਼ਵ ਪੱਧਰੀ ਪ੍ਰਦਾਤਾ ਹੈ ਤੇ ਜਿਸ ਦੀ ਭਾਰਤ, ਅਮਰੀਕਾ, ਕੈਨੇਡਾ ਤੇ ਸਿੰਗਾਪੁਰ ਵਿੱਚ ਵਿਸ਼ਵ ਪੱਧਰੀ ਬ੍ਰਾਂਚਾਂ ਹਨ, ਨਾਲ ਜੁੜਨ ਦਾ ਕੀਮਤੀ ਮੌਕਾ ਦਿੱਤਾ। ਪਲੇਸਮੈਂਟ ਡਰਾਈਵ ਵਿੱ ਵੱਖ-ਵੱਖ ਕੋਰਸਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਚੋਣ ਪ੍ਰਕਿਰਿਆ ਵਿੱਚ ਪਲੇਸਮੈਂਟ ਤੋਂ ਪਹਿਲਾਂ ਦੀਆਂ ਗੱਲਬਾਤਾਂ, ਸਮੂਹ ਚਰਚਾਵਾਂ, ਤਕਨੀਕੀ ਇੰਟਰਵਿਊ ਤੇ ਐੱਚ ਆਰ ਰਾਊਂਡ ਸ਼ਾਮਲ ਸਨ।ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਦਰਸ਼ਨਕਾਰੀ ਨੂੰ ਗ੍ਰਾਜ਼ਿਟੀ ਇੰਟਰੈਕਟਿਵ ਦੁਆਰਾ ਸਲਾਹਿਆ ਗਿਆ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਕਈ ਨੌਕਰੀਆਂ ਦੇ ਆਫਰ ਵੀ ਦਿੱਤੇ ਗਏ।ਡਾ. ਕਮਲਜੀਤ ਕੌਰ, ਇੰਚਾਰਜ, ਟ੍ਰੇਨਿੰਗ ਤੇ ਪਲੇਸਮੈਂਟ ਨੇ ਦੱਸਿਆ ਕਿ ਪਲੇਸਮੈਂਟ ਡਰਾਈਵ ਦੀ ਸਫਲਤਾਪੂਰਵਕ ਕਾਰਗੁਜ਼ਾਰੀ ਵਿਦਿਆਰਥੀਆਂ ਦੀ ਕਠਿਨ ਮਿਹਨਤ ਤੇ ਸਮਰਪਣ ਨੂੰ ਦਰਸਾਉਂਦੀ ਹੈ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਪਲੇਸਮੈਂਟ ਡਰਾਈਵ ਦੀ ਸਫਲਤਾ ਯੂਨੀਵਰਸਿਟੀ ਦੀ ਅਕਾਦਮਿਕ ਸ੍ਰੇਸ਼ਠਤਾ ਤੇ ਵਿਦਿਆਰਥੀਆਂ ਦੇ ਭਵਿੱਖ ਦੇ ਵਿਕਾਸ ਪ੍ਰਤੀ ਸਮਰਪਣ ਨੂੰ ਦਰਸਾਉਂਦੀ ਹੈ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਹੋਰ ਪਲੇਸਮੈਂਟ ਦੇ ਮੌਕੇ ਖੋਜਣ ਲਈ ਯਤਨ ਜਾਰੀ ਰਹਿਣਗੇ ਤਾਂ ਜੋ ਆਉਣ ਵਾਲੇ ਵਿਦਿਆਰਥੀਆਂ ਨੂੰ ਲਾਭ ਪ੍ਰਦਾਨ ਕੀਤਾ ਜਾ ਸਕੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਥਾਨਕ ਗੁਰੂ ਨਾਨਕਪੁਰਾ ਮੁਹੱਲਾ ਵਿਖੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੇਵਕ ਦਲ ਵੱਲੋਂ ਹੈੱਡ ਗ੍ਰੰਥੀ ਭਾਈ ਅਜਮੇਰ ਸਿੰਘ ਦੇ ਉੱਦਮ 'ਤੇ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਭਾਈ ਗੁਰਮੇਲ ਸਿੰਘ ਹਜ਼ੂਰੀ ਰਾਗੀ ਦੇ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।ਇਸ ਦੌਰਾਨ ਸੰਗਤਾਂ ਦਾ ਧੰਨਵਾਦ ਕਰਦਿਆਂ ਹੈੱਡ ਗ੍ਰੰਥੀ ਭਾਈ ਅਜਮੇਰ ਸਿੰਘ ਨੇ ਦੱਸਿਆ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਹੱਥੀਂ ਸੰਨ 1604 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰ ਕੇ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ।ਇਸੇ ਦਿਨ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਥਾਪ ਕੇ ਸੇਵਾ ਸੰਭਾਲ ਦੀਆਂ ਸੇਵਾਵਾਂ ਦਿੱਤੀਆਂ ਸਨ, ਜਿਸ ਨਾਲ ਗ੍ਰੰਥੀ ਪਰੰਪਰਾ ਦੀ ਆਰੰਭਤਾ ਵੀ ਹੋਈ।ਇਸ ਦੇ ਨਾਲ ਹੀ ਉਨ੍ਹਾਂ ਜਿੱਥੇ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ, ਉਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦਾ ਸੰਦੇਸ਼ ਦਿੰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੱਸੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਵੀ ਦਿੱਤੀ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੁਖਪਾਲ ਸਿੰਘ ਟੋਨੀ ਤੋਂ ਇਲਾਵਾ ਸਮੂਹ ਪ੍ਰਬੰਧਕ ਕਮੇਟੀ ਮੈਂਬਰ ਆਦਿ ਮੌਜੂਦ ਸਨ।

# ਡੀ ਟੀ ਐੱਫ ਨੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਦਿੱਤਾ ਮੰਗ ਪੱਤਰ



**ਸਮਰਾਲਾ, (ਸੁਰਜੀਤ ਸਿੰਘ)**-ਡੈਮੋਕ੍ਰੇਟਿਕ ਟੀਚਰ ਫਰੰਟ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਰਮਨਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਵਫਦ ਜ਼ਿਲ੍ਹਾ ਸਿੱਖਿਆ ਅਫਸਰ ਸਕੈਂਡਰੀ ਤੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਨੂੰ ਮਿਲਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਰਿੰਦਰ ਪਾਲ ਸਿੰਘ ਨੇ ਮੰਗਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੱਤਰ ਰਾਹੀਂ ਬਿਜਲੀ ਦੇ ਬਿੱਲਾਂ ਤੇ ਖੇਡਾਂ ਦੀ ਪੇਮੈਂਟ ਕੀਤੀ ਜਾਵੇ, 2022, 2023 ਸਾਲਾਨਾ ਗੁਪਤ ਰਿਪੋਰਟਾਂ ਜਾਰੀ ਕੀਤੀਆਂ ਜਾਣ, ਹੈੱਡ ਟੀਚਰ ਤੇ ਸੈਂਟਰ ਹੈੱਡ ਟੀਚਰ ਦੀਆਂ ਤਰੱਕੀਆਂ ਕੀਤੀਆਂ ਜਾਣ, ਅਧਿਆਪਕਾਂ ਨੂੰ ਬੀ ਐੱਲ ਓ ਡਿਊਟੀ ਤੋਂ ਛੋਟ ਦਿੱਤੀ ਜਾਵੇ।ਇਸ ਮੌਕੇ ਸਟੇਟ ਸਕੀਮ ਅਧੀਨ ਆਈਆਂ ਬਾਕੀ ਰਹਿੰਦੀਆਂ 15 ਪ੍ਰਤੀਸ਼ਤ ਗਰਾਂਟਾਂ ਛੇਤੀ ਜਾਰੀ ਕੀਤੀਆਂ ਜਾਣ, ਵਾਪਸ ਮੁੜੀਆਂ ਗਰਾਂਟਾਂ ਜਾਰੀ ਕੀਤੀਆਂ ਜਾਣ, ਮੈਡੀਕਲ ਬਿਲਾਂ ਦਾ ਬਜਟ ਜਾਰੀ ਕੀਤਾ ਜਾਵੇ, 6635 ਈ.ਟੀ.ਟੀ. ਅਧਿਆਪਕਾ ਨੂੰ ਬਦਲੀ ਦਾ ਮੌਕਾ ਦਿੱਤਾ ਜਾਵੇ, 2364 ਤੇ 5994 ਈ.ਟੀ.ਟੀ. ਦੀਆਂ ਭਰਤੀਆਂ ਨੂੰ ਮੁਕੰਮਲ ਤੌਰ 'ਤੇ ਪੂਰਾ ਕਰਕੇ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ, 4161 ਮਾਸਟਰ ਕੇਡਰ ਦੀ ਭਰਤੀ ਦੀ ਹਾਜ਼ਰ ਹੋਣ ਦੀ ਮਿਤੀ ਪ੍ਰਾਨ ਕਾਰਡ ਉੱਪਰ ਅਪਡੇਟ ਕੀਤੀ ਜਾਵੇ, ਸਕੂਲਾਂ ਦੇ ਚਾਰਦੀਵਾਰੀ ਕਰਦੇ ਸਮੇਂ ਆ ਰਹੇ ਦਰੱਖਤਾਂ ਨੂੰ ਪੁੱਟਣ ਦੀ ਮਨਜ਼ੂਰੀ ਦਿੱਤੀ ਜਾਵੇ, ਸਫਾਈ ਸੇਵਕ ਤੇ ਸਕਿਓਰਿਟੀ ਗਾਰਡਾਂ ਦੀਆਂ ਤਨਖਾਹਾਂ ਜਾਰੀ ਕਰਨ ਸਬੰਧੀ ਗੱਲਬਾਤ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ, ਨਵਦੀਪ ਸਿੰਘ, ਸਤਿ ਕਰਤਾਰ ਸਿੰਘ, ਅੰਮ੍ਰਿਤ ਪਾਲ ਸਿੰਘ, ਅਵਤਾਰ ਸਿੰਘ ਖਾਲਸਾ, ਅਮਰਿੰਦਰ ਸਿੰਘ, ਪਰਮਿੰਦਰ ਸਿੰਘ, ਜਸਵਿੰਦਰ ਸਿੰਘ, ਨਵਗੀਤ ਸਿੰਘ ਤੋਂ ਇਲਾਵਾ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਲੀਲ ਹਾਜ਼ਰ ਸਨ।

# ਦਿਹਾਤੀ ਮਜ਼ਦੂਰ ਸਭਾ ਵੱਲੋਂ ਡੀ ਸੀ ਦਫ਼ਤਰ ਅੱਗੇ ਧਰਨਾ 13 ਨੂੰ

**ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਦਿਹਾਤੀ ਮਜ਼ਦੂਰ ਸਭਾ ਮੁਕਤਸਰ ਸਾਹਿਬ ਵੱਲੋਂ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ 13 ਸਤੰਬਰ ਨੂੰ ਡੀ ਸੀ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਜਾਣਕਾਰੀ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਤਖ਼ਤ ਮੁਲਾਣਾ ਤੇ ਜ਼ਿਲ੍ਹਾ ਸਕੱਤਰ ਹਰਜੀਤ ਸਿੰਘ ਮਦਰੱਸਾ ਨੇ ਦਿੱਤੀ ਉਕਤ ਆਗੂਆਂ ਨੇ ਕਿਹਾ ਕਿ ਇਸ ਧਰਨੇ ਨੂੰ ਸਭਾ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਸੰਬੋਧਨ ਕਰਨਗੇ। ਉਕਤ ਆਗੂਆਂ ਨੇ ਦੱਸਿਆ ਕਿ ਪੰਜਾਬ ਭਗਵੰਤ ਮਾਨ ਸਰਕਾਰ ਲੋਕ ਵਿਰੋਧੀ ਹੈ ਤੇ ਮਜ਼ਦੂਰਾਂ ਨਾਲ ਮਤਰੇਈ ਵਾਲਾ ਸਲੂਕ ਕਰ ਰਹੀ ਹੈ, ਜਿਸ ਕਾਰਨ ਇਸ ਸਰਕਾਰ ਦਾ ਗਿਰਾਫ ਹੇਠਾਂ ਨੂੰ ਜਾਣਾ ਕੁਦਰਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਮਜ਼ਦੂਰਾਂ ਤੇ ਕਿਸਾਨਾਂ ਨਾਲ ਕੀਤੇ ਚੋਣ ਵਾਅਦੇ ਠੰਡੇ ਬਸਤੇ ਵਿੱਚ ਪਾ ਦਿੱਤੇ ਹਨ ਤੇ ਔਰਤਾਂ ਦੇ ਖਾਤਿਆਂ ਵਿੱਚ ਇੱਕ ਹਜ਼ਾਰ ਦੀ ਰਕਮ ਵੀ ਨਾ ਪਾਉਣ ਕਾਰਨ ਲੋਕਾਂ ਅਤੇ ਖਾਸ ਕਰ ਔਰਤਾਂ ਵਿੱਚ ਭਾਰੀ ਗੁੱਸਾ ਹੈ।

# ਉੱਪ-ਮੰਡਲ ਇੰਜੀਨੀਅਰ ਦਾ ਜਲ ਸਪਲਾਈ ਕੰਟਰੈਕਟ ਯੂਨੀਅਨ ਵੱਲੋਂ ਸਵਾਗਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਸ੍ਰੀ ਮੁਕਤਸਰ ਸਾਹਿਬ ਵਿੱਚ ਆਏ ਉੱਪ-ਮੰਡਲ ਇੰਜੀਨੀਅਰ ਸ੍ਰੀ ਜਗਮੋਹਨ ਸਿੰਘ ਸੰਧੂ ਦਾ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ. 31 ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ।ਇਸ ਮੌਕੇ ਆਗੂਆਂ ਨੇ ਦੱ ਕਿ ਸ੍ਰੀ ਜਗਮੋਹਨ ਸਿੰਘ ਜੀ ਪਹਿਲਾਂ ਵੀ ਸ੍ਰੀ ਮੁਕਤਸਰ ਸਾਹਿਬ ਉੱਪ-ਮੰਡਲ ਇੰਜੀਨੀਅਰ ਰਹੇ ਸਨ ਤੇ ਉਨ੍ਹਾਂ ਨੇ ਆਪਣੇ ਸਮੇਂ ਕਾਲ ਵਿੱਚ ਸ਼ਹਿਰ ਦੀ ਸੀਵਰੇਜ ਤੇ ਪਾਣੀ ਦੀ ਵਿਵਸਥਾ ਨੂੰ ਬਹੁਤ ਹੀ ਵਧੀਆ ਢੰਗ ਨਾਲ ਚਲਾਇਆ ਸੀ ਅਤੇ ਹੁਣ ਦੁਬਾਰਾ ਫਿਰ ਤੋਂ ਸ਼ਹਿਰ ਦੀ ਸੇਵਾ ਵਿੱਚ ਹਾਜ਼ਰ ਹੋਏ ਹਨ। ਇਸ ਮੌਕੇ ਆਗੂਆਂ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ।ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੇ ਆਗੂ ਬਲਜੀਤ ਸਿੰਘ ਭੱਟੀ, ਸੁਰਜੀਤ ਸਿੰਘ ਤੱਖੀ, ਬਿਕਰਮਜੀਤ ਸਿੰਘ ਕਪੂਰ, ਵਜਿੰਦਰ ਸਿੰਘ ਬਰਾੜ, ਜਸਵਿੰਦਰ ਸਿੰਘ, ਦਲਜੀਤ ਸਿੰਘ ਤੇ ਮਨਜੀਤ ਸਿੰਘ ਆਦਿ ਹਾਜ਼ਰ ਸਨ।

# ਕੋਹਾਲਾ 'ਚ ਹੋਏ ਕਤਲ ਦੀ ਗੁੱਥੀ ਸੁਲਝੀ, ਮੁਲਜ਼ਮ ਗ੍ਰਿਫਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਸੌਮਿਆ ਮਿਸ਼ਰਾ ਆਈਪੀਐੱਸ ਸੀਨੀਅਰ ਕਪਤਾਨ ਪੁਲਸ ਫਿਰੋਜ਼ਪੁਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮਾਜ ਵਿਰੋਧੀ ਮਾੜੇ ਅਨਸਰਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਵਾਰਦਾਤਾਂ ਨੂੰ ਪੂਰੀ ਤਰਾਂ ਠੱਲ੍ਹ ਪਾਉਣ ਲਈ ਜ਼ਿਲ੍ਹਾ ਪੁਲਸ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਨ੍ਹਾ ਦੱਸਿਆ ਕਿ ਪੁਲਸ ਟੀਮ ਥਾਣਾ ਮੱਲਾਂਵਾਲਾ ਵੱਲੋਂ ਬੀਤੀ 24 ਅਗਸਤ 2024 ਨੂੰ ਇੱਕ ਇਤਲਾਹ ਪੂਜਾ ਪਤਨੀ ਰਮਨਦੀਪ ਵਾਸੀ ਕੋਹਾਲਾ ਵੱਲੋਂ ਮੌਸੂਲ ਹੋਈ ਕਿ ਉਸ ਦਾ ਦਿਉਰ ਇੰਦਰਜੀਤ ਸਿੰਘ ਗੁੰਮ ਹੋ ਗਿਆ ਹੈ, ਜਿਸ 'ਤੇ ਥਾਣਾ ਮੱਲਾਂਵਾਲਾ ਦੀ ਪੁਲਸ ਵੱਲੋ ਗੁੰਮਸ਼ੁਦਗੀ ਇਸ਼ਤਿਹਾਰ ਸ਼ੋਰੋਗੋਗਾ ਜਾਰੀ ਕੀਤਾ ਗਿਆ।ਮਾਮਲਾ ਸ਼ੱਕੀ ਹੋਣ 'ਤੇ ਪੁਲਸ ਵੱਲੋਂ ਪੂਜਾ ਪਤਨੀ ਰਮਨਦੀਪ ਵਾਸੀ ਕੋਹਾਲਾ ਤੋਂ ਪੁੱਛਗਿਛ ਕੀਤੀ ਗਈ। ਪੁੱਛਗਿੱਛ ਦੌਰਾਨੇ ਦੌਰਾਨ ਪਾਇਆ ਗਿਆ ਕਿ ਪੂਜਾ ਉਕਤ ਦੇ ਨਜਾਇਜ਼ ਸਬੰਧ ਰਾਮ ਸਿੰਘ ਪੁੱਤਰ ਸ਼ਿੰਦਾ ਸਿੰਘ ਵਾਸੀ ਕੋਹਾਲਾ ਨਾਲ ਸਨ, ਜੋ ਪੂਜਾ ਦਾ ਪਤੀ ਕੰਬਾਇਨ 'ਤੇ ਸੀਜਨ ਲਾਉਣ ਲਈ ਮੱਧ ਪ੍ਰਦੇਸ਼ ਗਿਆ ਹੋਇਆ ਸੀ ਤੇ ਦਿਓਰ ਮ੍ਰਿਤਕ ਇੰਦਰਜੀਤ ਸਿੰਘ ਪੂਜਾ ਦੇ ਨਜਾਇਜ਼ ਸਬੰਧਾਂ ਦਾ ਵਿਰੋਧ ਕਰਦਾ ਸੀ, ਜਿਸ ਬਾਰੇ ਪੂਜਾ ਨੇ ਰਾਮ ਸਿੰਘ ਨੂੰ ਦੱਸਿਆ ਤੇ ਰਾਮ ਸਿੰਘ, ਜੋ ਪਿਛਲੇ ਕੁਝ ਸਾਲਾਂ ਤੋਂ ਕਤਰ ਵਿਖੇ ਰਹਿ ਰਿਹਾ ਸੀ, 21 ਅਗਸਤ 2024 ਨੂੰ ਰਾਤ ਕਰੀਬ 11.30 ਵਜੇ ਪੂਜਾ ਦੇ ਘਰ ਆਇਆ।ਰਾਮ ਸਿੰਘ ਤੇ ਪੂਜਾ ਨੇ ਹਮਮਸ਼ਵਰਾ ਹੋ ਕੇ ਇੰਦਰਜੀਤ ਸਿੰਘ ਦਾ ਸਿਰ ਵਿੱਚ ਘੋਟਣਾ ਮਾਰ ਕੇ ਕਤਲ ਕਰ ਦਿੱਤਾ ਤੇ ਲਾਸ਼ ਪਲਾਸਟਿਕ ਦੇ ਗੱਟੇ ਵਿੱਚ ਪਾ ਕੇ ਰੱਖ ਦਿੱਤੀ। ਅਗਲੇ ਦਿਨ 22 ਅਗਸਤ 2024 ਨੂੰ ਰਾਮ ਸਿੰਘ ਨੇ ਆਪਣੇ ਭਰਾ ਅਵਤਾਰ ਸਿੰਘ ਨੂੰ ਪੂਜਾ ਦੇ ਘਰ ਬੁਲਾਇਆ ਤਾਂ ਦੋਵਾਂ ਭਰਾਵਾਂ ਨੇ ਲਾਸ਼ ਮੋਟਰਸਾਈਕਲ 'ਤੇ ਰੱਖ ਲਈ ਅਤੇ ਪਿੰਡ ਕੋਹਾਲਾ ਨੇੜੇ ਪੈਂਦੀ ਗੰਗ ਕੈਨਾਲ ਨਹਿਰ ਵਿੱਚ ਸੁੱਟ ਕੇ ਲਾਸ਼ ਨੂੰ ਖੁਰਦ ਬੁਰਦ ਕਰ ਦਿੱਤਾ, ਜਿਸ 'ਤੇ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਨੰਬਰ 75 ਮਿਤੀ 29-08-2024 ਅ/ਧ 103, 238, 61(2), 62 ਬੀਐੱਨਐੱਸ ਐਕਟ ਥਾਣਾ ਮੱਲਾਂਵਾਲਾ ਦਰਜ ਰਜਿਸਟਰ ਕਰਕੇ ਉਕਤਾਨ ਦੋਸ਼ੀਆਨ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਦੋਸ਼ੀਆਨ ਪਾਸੋਂ ਪੁੱਛਗਿਛ ਜਾਰੀ ਹੈ।ਮ੍ਰਿਤਕ ਦੀ ਲਾਸ਼ ਬ੍ਰਾਮਦ ਕਰਨ ਲਈ ਹਰ ਸਭੰਵ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਖੇਤੀਬਾੜੀ ਵਿਭਾਗ ਵੱਲੋਂ ਬਕਰਾਹਾ ਤੇ ਦੋਦੜਾ 'ਚ ਜਾਗਰੂਕਤਾ ਕੈਂਪ




**ਪਾਤੜਾ (ਨਿਸ਼ਾਨ ਸਿੰਘ ਬਣਵਾਲਾ)**-ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਅਤੇ ਬਲਾਕ ਅਫਸਰ ਡਾ. ਸਤੀਸ਼ ਕੁਮਾਰ ਦੇ ਪ੍ਰਬੰਧਾਂ ਹੇਠ ਕਿਸਾਨ ਭਲਾਈ ਵਿਭਾਗ ਬਲਾਕ ਪਿੰਡ ਦੋਦੜਾ ਤੇ ਬਕਰਾਹਾ ਵਿਖੇ ਸੀ ਆਰ ਐੱਸ ਸਕੀਮ ਅਧੀਨ ਕਿਸਾਨ ਸਿਖਲਾਈ ਜਾਗਰੂਕਤਾ ਕੈਂਪ ਲਗਾਏ ਗਏ।ਜਾਗਰੂਕਤਾ ਕੈਂਪਾਂ ਵਿੱਚ ਕਿਸਾਨਾਂ ਨੂੰ ਅਪੀਲ ਕਰਦਿਆਂ ਮੁੱਖ ਖੇਤੀਬਾੜੀ ਅਫਸਰ ਡਾਕਟਰ ਸਤੀਸ਼ ਕੁਮਾਰ ਨੇ ਕਿਹਾ ਕਿ ਜਿਨ੍ਹਾਂ ਕਿਸਾਨਾਂ ਕੋਲ ਖੇਤੀ ਮਸ਼ੀਨਰੀ ਉਪਲੱਬਧ ਹੈ, ਉਹ ਕਿਸਾਨ ਪਿੰਡ ਤੇ ਨਾਲ ਦੇ ਪਿੰਡਾਂ ਦੇ ਛੋਟੇ ਕਿਸਾਨਾਂ ਨੂੰ ਵਾਜਬ ਰੇਟਾਂ 'ਤੇ ਖੇਤੀ ਮਸ਼ੀਨਰੀ ਮੁਹੱਈਆ ਕਰਵਾਉਣ ਤਾਂ ਜੋ ਝੋਨੇ ਦੀ ਪਰਾਲੀ ਤੇ ਹੋਰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ।ਇਸ ਤੋਂ ਇਲਾਵਾ ਜਿਹੜੇ ਪਿੰਡਾਂ ਵਿੱਚ ਕੋ-ਆਪ੍ਰੇਟਿਵ ਸੁਸਾਇਟੀਆਂ ਵਿੱਚ ਖੇਤੀ ਮਸ਼ੀਨਰੀ ਉਪਲੱਬਧ ਹੈ, ਉਸ ਦਾ ਕਿਸਾਨਾਂ ਨੂੰ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ।ਝੋਨੇ ਦੀ ਪਰਾਲੀ ਵਿੱਚ ਬਹੁਤ ਸਾਰੇ ਖੁਰਾਕੀ ਤੱਤ ਮੌਜੂਦ ਹੁੰਦੇ ਹਨ, ਜੋ ਅੱਗ ਲੱਗਣ ਕਾਰਨ ਖਤਮ ਹੋ ਜਾਂਦੇ ਹਨ ਅਤੇ ਇਨ੍ਹਾਂ ਖੁਰਾਕੀ ਤੱਤਾਂ ਨੂੰ ਜ਼ਮੀਨ ਵਿੱਚ ਵਾਪਸ ਕਰਨ ਦੀ ਜ਼ਰੂਰਤ ਹੈ, ਤਾਂ ਜੋ ਖੁਰਾਕੀ ਤੱਤਾਂ ਨਾਲ ਭਰਪੂਰ ਅਨਾਜ ਪੈਦਾ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਟਿਆਲਾ ਜ਼ਿਲ੍ਹੇ ਵਿੱਚ ਝੋਨੇ ਦੀ ਪਰਾਲੀ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ 'ਤੇ ਲਿਜਾਣ ਲਈ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ।ਝੋਨੇ/ਬਾਸਮਤੀ 'ਤੇ ਕੀੜੇ ਮਕੌੜਿਆਂ ਦੇ ਹਮਲੇ ਤੇ ਰੋਕਥਾਮ ਸੰਬੰਧੀ ਜਾਣੂ ਕਰਵਾਇਆ।

# ਨੈਸ਼ਨਲ ਹਾਈਵੇ ਦੇ ਬਣ ਰਹੇ ਬਾਈਪਾਸ ਤੋਂ ਲੋਕ ਦੁਖੀ

## ਕਿਸਾਨਾਂ ਵੱਲੋਂ ਨਿਰਧਾਰਤ ਹੱਦ ਤੋਂ ਵੱਧ ਜ਼ਮੀਨ 'ਚ ਕੰਧ ਕੱਢਣ ਦੇ ਦੋਸ਼



**ਮਲੋਟ (ਗੁਰਮੀਤ ਸਿੰਘ ਮੱਕੜ)** : ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਬਣਾਏ ਜਾ ਰਹੇ ਬਾਈਪਾਸ ਕਰਕੇ ਕਿਸਾਨ ਬਹੁਤ ਪ੍ਰੇਸ਼ਾਨ ਹਨ। ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਇਸ ਬਾਈਪਾਸ ਵਿੱਚ ਆ ਗਈਆਂ ਤੇ ਨਾਲ ਲੱਗਦੀਆਂ ਕੁੱਝ ਜ਼ਮੀਨਾਂ ਰਹਿ ਗਈਆਂ ਹਨ, ਉਨ੍ਹਾਂ ਕਿਸਾਨਾਂ ਨੂੰ ਹੁਣ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੀਆਂ ਵੱਡੀਆਂ ਮੁਸ਼ਕਲਾਂ ਨੂੰ ਲੈ ਕੇ ਕਿਸਾਨਾਂ ਨੇ ਇਸ ਕੰਮ ਨੂੰ ਇੱਕ ਵਾਰੀ ਬੰਦ ਵੀ ਕਰਵਾ ਦਿੱਤਾ ਹੈ। ਇਸ ਮੌਕੇ ਇੱਕ ਪੀੜਤ ਕਿਸਾਨ ਨੇ ਦੱਸਿਆ ਕਿ ਉਸ ਦੀ ਕੁੱਝ ਹੀ ਕਨਾਲਾਂ ਜ਼ਮੀਨ ਹੈ, ਜਿਸ ਵਿਚ ਟਿਊਬਵੈੱਲ ਵੀ ਲੱਗਿਆ ਸੀ, ਪ੍ਰੰਤੂ ਜ਼ਮੀਨ ਖ੍ਰੀਦਣ ਵੇਲੇ ਤਾਂ ਨੈਸ਼ਨਲ ਹਾਈਵੇ ਅਥਾਰਟੀ ਨੇ ਕਿਹਾ ਕਿ ਉਸ ਦਾ ਟਿਊਬਵੈੱਲ ਸੜਕ ਦੀ ਥਾਂ ਵਿੱਚ ਨਹੀਂ ਆਉਂਦਾ, ਪਰ ਜਦ ਹੁਣ ਨੈਸ਼ਨਲ ਹਾਈਵੇ ਵੱਲੋਂ ਸੜਕਾਂ ਦੇ ਕਿਨਾਰੇ ਕੰਧਾਂ ਕੱਢੀਆਂ ਜਾ ਰਹੀਆਂ ਹਨ ਤਾਂ ਉਨ੍ਹਾਂ ਦਾ ਟਿਊਬਵੈੱਲ ਵਿੱਚ ਲੈ ਲਿਆ ਹੈ। ਕਿਸਾਨ ਨੇ ਦੱਸਿਆ ਕਿ ਉਸ ਦਾ ਟਿਊਬਵੈੱਲ ਕੁਨੈਕਸ਼ਨ ਮਿੱਟੀ ਵਿੱਚ ਹੀ ਦੱਬ ਦਿੱਤਾ। ਇਸ ਤੋਂ ਇਲਾਵਾ ਪਾਈਪਾਂ ਤੇ ਹੋਰ ਸਾਮਾਨ ਮਿੱਟੀ ਦੇ ਥੱਲੇ ਨੱਪ ਦਿੱਤਾ ਗਿਆ ਅਤੇ ਉੱਪਰ ਕੰਧ ਕੱਢੀ ਜਾ ਰਹੀ ਹੈ ਅਤੇ ਕੰਧ ਵੀ ਕਿਸਾਨ ਦੀ ਜ਼ਮੀਨ ਵਿੱਚ ਕੱਢੀ ਜਾ ਰਹੀ ਹੈ। ਕਿਸਾਨ ਨੇ ਇਹ ਵੀ ਕਿਹਾ ਕਿ ਇਸ ਟਿਊਬਵੈੱਲ ਦਾ ਉਸ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ ਤੇ ਇੱਕ ਤਰ੍ਹਾਂ ਨਾਲ ਉਸ ਦੀ ਜ਼ਮੀਨ ਉੱਪਰ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਕਬਜ਼ਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਹੋਰਨਾਂ ਕਿਸਾਨਾਂ ਨੇ ਕਿਹਾ ਕਿ ਕੋਈ ਅਧਿਕਾਰੀ ਉਨ੍ਹਾਂ ਦੀ ਦੁੱਖ ਤਕਲੀਫ ਵੀ ਪੁੱਛਣ ਨਹੀਂ ਆਇਆ। ਉਨ੍ਹਾ ਕਿਹਾ ਕਿ ਬਣ ਰਹੇ ਬਾਈਪਾਸ ਦੀਆਂ ਸੜਕਾਂ ਦੀ ਮਿੱਟੀ, ਬੱਜਰੀ ਕਿਸਾਨਾਂ ਦੀਆਂ ਫਸਲਾਂ ਨੂੰ ਨੱਪ ਰਹੀ ਹੈ ਤੇ ਹੁਣ ਤਾਂ ਕੰਧ ਵੀ ਕਿਸਾਨਾਂ ਦੀ ਜ਼ਮੀਨ ਵਿੱਚ ਕੱਢੀ ਜਾ ਰਹੀ ਹੈ, ਜਿਸ ਬਾਰੇ ਉਨ੍ਹਾਂ ਦੀ ਕਿਤੇ ਸੁਣਵਾਈ ਵੀ ਨਹੀਂ ਹੋ ਰਹੀ ਹੈ। ਬਣ ਰਹੇ ਬਾਈਪਾਸ ਦੀ ਗਿਣਤੀ ਮਿਣਤੀ ਕਿਸਾਨਾਂ ਨੂੰ ਨਾ ਦੱਸਣ ਤੇ ਕੱਢੀ ਜਾ ਰਹੀ ਕੰਧ, ਨੱਪੇ ਜਾ ਰਹੇ ਟਿਊਬਵੈੱਲ ਬਾਰੇ ਨੈਸ਼ਨਲ ਹਾਈਵੇ ਦੇ ਅਧਿਕਾਰੀ ਨਾਲ ਗੱਲ ਹੋਈ ਤਾਂ ਉਸ ਨੇ ਕੋਈ ਸਪੱਸ਼ਟ ਗੱਲ ਕਰਨ ਦੀ ਬਜਾਏ ਬਸ ਇੰਨਾ ਹੀ ਕਿਹਾ ਕਿ ਉਹ ਇਸ ਸਬੰਧੀ ਤਸਵੀਰਾਂ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਪਾ ਰਹੇ ਹਨ। ਉਨ੍ਹਾਂ ਮੰਨਿਆ ਕਿ ਕਿਸਾਨਾਂ ਨੂੰ ਦਿੱਕਤ ਤਾਂ ਹੈ, ਪਰ ਜੋ ਵੀ ਹੱਲ ਕਰਨਾ ਉਹ ਠੇਕੇਦਾਰ ਨੂੰ ਕਰਨਾ ਚਾਹੀਦਾ ਹੈ। ਅਧਿਕਾਰੀਆਂ ਨੇ ਮੰਨਿਆ ਕਿ ਜਿੰਨੀ ਜਗ੍ਹਾ ਉਨ੍ਹਾਂ ਕਾਗਜ਼ਾਂ ਵਿੱਚ ਕਿਸਾਨਾਂ ਤੋਂ ਲਈ ਹੈ, ਸਰਕਾਰ ਉਸੇ ਥਾਂ ਵਿੱਚ ਹੀ ਆਪਣਾ ਸੜਕਾਂ/ਪੁਲ ਆਦਿ ਬਣਾ ਰਹੇ ਹਨ, ਇਸ ਤੋਂ ਵੱਧ ਸਰਕਾਰ ਦਾ ਵੀ ਅਧਿਕਾਰ ਨਹੀਂ ਕਿ ਉਹ ਕਿਸਾਨਾਂ ਦੀ ਜ਼ਮੀਨ ਦੀ ਵਰਤੋਂ ਕਰ ਸਕੇ। ਬੇਸ਼ੱਕ ਬਣ ਰਹੇ ਬਾਈਪਾਸ ਦੇਸ਼ ਦੀ ਉੱਨਤੀ ਦੀ ਤਸਵੀਰ ਜਾਪਦੇ ਹਨ, ਪ੍ਰੰਤੂ ਜਿਨ੍ਹਾਂ ਕਿਸਾਨਾਂ ਦੀ ਇਸ ਬਾਈਪਾਸ ਦੇ ਆਲੇ ਦੁਆਲੇ ਜ਼ਮੀਨ ਆਈ ਹੈ, ਉਨ੍ਹਾਂ ਕਿਸਾਨਾਂ ਨੂੰ ਬਹੁਤ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਵਸੀਕਾ ਨਵੀਸ ਯੂਨੀਅਨ ਵੱਲੋਂ ਤਹਿਸੀਲਦਾਰ ਟਿਵਾਣਾ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਵੱਡੀ ਗਿਣਤੀ ਵਿੱਚ ਤਹਿਸੀਲਦਾਰਾਂ ਦੀਆਂ ਬਦਲੀਆਂ ਕੀਤੀਆਂ ਗਈਆਂ ਸਨ, ਜਿਸ ਦੇ ਤਹਿਤ ਰਿਆਸਤੀ ਸ਼ਹਿਰ ਨਾਭਾ ਵਿਖੇ ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ ਨੇ ਅਹੁਦਾ ਸੰਭਾਲਣ ਉਪਰੰਤ ਬਕਾਇਦਾ ਕੰਮ ਕਾਜ ਸ਼ੁਰੂ ਕਰ ਦਿੱਤਾ ਹੈ।ਸੁਖਜਿੰਦਰ ਟਿਵਾਣਾ ਦੇ ਤਹਿਸੀਲ ਨਾਭਾ ਵਿਖੇ ਮੁੜ ਤੋਂ ਤੈਨਾਤ ਹੋਣ 'ਤੇ ਇਲਾਕੇ ਦੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਵੇਖਣ ਨੂੰ ਮਿਲੀ, ਕਿਉਂਕਿ ਤਹਿਸੀਲਦਾਰ ਟਿਵਾਣਾ ਪਹਿਲਾਂ ਵੀ ਨਾਭਾ ਵਿਖੇ ਕਾਫੀ ਸਮਾਂ ਰਹਿ ਕੇ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।ਸ੍ਰ: ਟਿਵਾਣਾ ਦੇ ਅਹੁਦਾ ਸੰਭਾਲਣ 'ਤੇ ਵਸੀਕਾ ਨਵੀਸ ਯੂਨੀਅਨ ਨਾਭਾ ਪ੍ਰਧਾਨ ਮਹੇਸ਼ ਇੰਦਰ ਸ਼ਰਮਾ ਤੇ ਸੁਖਵਿੰਦਰ ਰਾਣਾ ਵੱਲੋਂ ਨਵ ਨਿਯੁਕਤ ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਨਮਾਨਤ ਕੀਤਾ।ਇਸ ਮੌਕੇ ਵਸੀਕਾਂ ਨਵੀਸ ਯੂਨੀਅਨ ਪ੍ਰਧਾਨ ਮਹੇਸ਼ ਇੰਦਰ ਸ਼ਰਮਾ ਨੇ ਕਿਹਾ ਭਾਵੇਂ ਕਿ ਅਜੋਕੇ ਸਮੇਂ ਵਿੱਚ ਬੇਈਮਾਨੀ ਰਿਸ਼ਵਤ ਖੋਰੀ ਦਾ ਕਾਫੀ ਹੱਦ ਤੱਕ ਬੋਲ ਬਾਲਾ ਹੈ, ਪ੍ਰੰਤੂ ਸ੍ਰ: ਸੁਖਜਿੰਦਰ ਸਿੰਘ ਟਿਵਾਣਾ ਜਿਹੇ ਅਫਸਰ ਵੀ ਆਪਣੀ ਇਮਾਨਦਾਰੀ ਤੇ ਸੰਜੀਦਗੀ ਨਾਲ ਆਪਣੀ ਡਿਊਟੀ ਨਿਭਾਅ ਕੇ ਲੋਕਾਂ ਦੇ ਦਿਲਾਂ ਵਿੱਚ ਇੱਕ ਵੱਖਰਾ ਸਥਾਨ ਬਣਾ ਲੈਂਦੇ ਹਨ।

ਇਸ ਮੌਕੇ ਯੂਨੀਅਨ ਵੱਲੋਂ ਆ ਰਹੀਆਂ ਸਮੱਸਿਆਵਾਂ ਬਾਰੇ ਤਹਿਸੀਲਦਾਰ ਨੂੰ ਜਾਣੂ ਕਰਵਾਇਆ।ਸਨਮਾਨਤ ਹੋਣ ਉਪਰੰਤ ਸੁਖਜਿੰਦਰ ਸਿੰਘ ਟਿਵਾਣਾ ਨੇ ਯੂਨੀਅਨ ਦੇ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾ ਕਿਹਾ ਕਿ ਉਹ ਖੁਦ ਨੂੰ ਵੱਡੇ ਭਾਗਾਂ ਵਾਲਾ ਸਮਝਦੇ ਹਨ, ਕਿਉਂਕਿ ਉਨ੍ਹਾ ਨੂੰ ਧਰਮੀ ਸ਼ਹਿਰ ਨਾਭਾ ਵਿਖੇ ਮੁੜ ਤੋਂ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।ਉਨ੍ਹਾ ਕਿਹਾ ਕਿ ਤਹਿਸੀਲ ਦਫ਼ਤਰ ਆਉਣ ਵਾਲੇ ਹਰ ਵਿਅਕਤੀ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਚਮਕੌਰ ਸਿੰਘ, ਕ੍ਰਾਂਤੀ ਬਹੁਤ, ਅਮਿਤੇਸ਼ ਭਨੋਟ, ਪਰਮਿੰਦਰ ਸ਼ਰਮਾ, ਰਾਜਿੰਦਰ ਸਿੰਘ, ਸੁਖਵਿੰਦਰ ਸੋਨੂ, ਸੰਜੇ ਕੁਮਾਰ, ਲਵਲੀ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਜਨਮ ਤੇ ਮੌਤ ਦੀ ਰਜਿਸਟ੍ਰੇਸ਼ਨ ਤੱਥਾਂ ਨੂੰ ਘੋਖ ਕੇ ਦਰਜ ਕਰਵਾਓ : ਡਾ. ਰੇਨੂੰ ਅਗਰਵਾਲ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰੇਨੂੰ ਮਿੱਤਲ ਨੇ ਅੱਜ ਆਪਣੀ ਸਮੁੱਚੀ ਟੀਮ ਸਮੇਤ ਸੀ.ਐੱਚ.ਸੀ. ਮੁਕੰਦਪੁਰ ਦਾ ਦੌਰਾ ਕੀਤਾ।ਇਸ ਦੌਰਾਨ ਉਨ੍ਹਾਂ ਨੇ ਜਨਮ ਅਤੇ ਮੌਤ ਦੇ ਰਿਕਾਰਡ ਦੀ ਜਾਂਚ ਕੀਤੀ। ਉਨ੍ਹਾਂ ਕਿਹਾ ਕਿ ਰਿਕਾਰਡ ਨੂੰ ਸਹੀ ਢੰਗ ਨਾਲ ਮੇਨਟੇਨ ਰੱਖਣ ਦੇ ਉਦੇਸ਼ ਨਾਲ ਅਜਿਹੀ ਚੈਕਿੰਗ ਕੀਤੀ ਜਾਂਦੀ ਹੈ।ਇਸ ਸਬੰਧੀ ਆਮ ਲੋਕਾਂ ਦੀ ਜਾਣਕਾਰੀ ਹਿੱਤ ਜ਼ਿਲ੍ਹਾ ਸਿਹਤ ਅਫ਼ਸਰ ਡਾ. ਰੇਨੂੰ ਮਿੱਤਲ ਨੇ ਦੱਸਿਆ ਕਿ ਜੇਕਰ ਜਨਮ ਅਤੇ ਮੌਤ ਦੀ ਘਟਨਾ ਨੂੰ 21 ਦਿਨਾਂ ਦੇ ਅੰਦਰ-ਅੰਦਰ ਰਜਿਸਟਰ ਕਰਵਾ ਲਿਆ ਜਾਵੇ ਤਾਂ ਲਾਭਪਾਤਰੀ ਨੂੰ ਭਵਿੱਖ 'ਚ ਪ੍ਰੇਸ਼ਾਨੀ ਨਹੀਂ ਆਉਂਦੀ ਅਤੇ ਪਰਵਾਰ ਨੂੰ ਸਰਟੀਫਿਕੇਟ ਵੀ ਆਸਾਨੀ ਨਾਲ ਮਿਲ ਜਾਂਦਾ ਹੈ। ਉਨ੍ਹਾਂ ਦੱਸਿਆ ਕਿ 21 ਦਿਨਾਂ ਅੰਦਰ ਜਨਮ ਅਤੇ ਮੌਤ ਨੂੰ ਦਰਜ ਕਰਵਾਉਣ ਨਾਲ ਕੋਈ ਫੀਸ ਜਾਂ ਚਾਰਜਿਜ਼ ਨਹੀਂ ਦੇਣੇ ਪੈਂਦੇ।ਡਾ. ਰੇਨੂੰ ਮਿੱਤਲ ਨੇ ਕਿਹਾ ਕਿ ਇਸ ਰਜਿਸਟ੍ਰੇਸ਼ਨ ਨਾਲ ਬਹੁਤ ਸਾਰੇ ਲਾਭ ਹੁੰਦੇ ਹਨ ਜਿਵੇਂ ਜਨਮ ਦੀ ਰਜਿਸਟ੍ਰੇਸ਼ਨ ਨਾਲ ਨਾਗਰਿਕਤਾ ਦਾ ਸਬੂਤ, ਆਪਣੀ ਹੋਂਦ ਦੀ ਪਹਿਚਾਣ, ਮੌਲਿਕ ਅਧਿਕਾਰ ਅਤੇ ਸਕੂਲ ਦਾਖਲੇ ਲਈ ਲੋੜੀਂਦਾ ਹੁੰਦਾ ਹੈ ਅਤੇ ਇਸੇ ਤਰ੍ਹਾਂ ਮੌਤ ਰਜਿਸਟ੍ਰੇਸ਼ਨ ਦੇ ਲਾਭ ਜਿਵੇਂ ਜਾਇਦਾਦ ਦਾ ਉੱਤਰਾਅਧਿਕਾਰੀ, ਬੈਂਕ ਅਤੇ ਬੀਮਾ ਪੈਨਸ਼ਨ ਦੀ ਰਕਮ ਕਢਵਾਉਣ ਲਈ ਮੌਤ ਸਰਟੀਫਿਕੇਟ ਦਾ ਹੋਣਾ ਜ਼ਰੂਰੀ ਹੁੰਦਾ ਹੈ।ਉਨ੍ਹਾਂ ਇਹ ਵੀ ਦੱਸਿਆ ਕਿ ਹਸਪਤਾਲ/ਨਰਸਿੰਗ ਹੋਮ ਵਿੱਚ ਵਾਪਰੀ ਜਨਮ ਜਾਂ ਮੌਤ ਦੀ ਘਟਨਾ ਨੂੰ ਰਜਿਸਟਰਾਰ ਪਾਸ ਦਰਜ ਕਰਵਾਉਣ ਦੀ ਜ਼ਿੰਮੇਵਾਰੀ ਹਸਪਤਾਲ ਦੇ ਇੰਚਾਰਜ ਦੀ ਵੀ ਹੁੰਦੀ ਹੈ। ਹਸਪਤਾਲ/ਨਰਸਿੰਗ ਹੋਮ ਵਿੱਚ ਵਾਪਰੀ ਜਨਮ ਜਾਂ ਮੌਤ ਦੀਆਂ ਘਟਨਾਵਾਂ ਨਾਲ ਸਬੰਧਤ ਜਨਮ ਜਾਂ ਮੌਤ ਦੀ ਰਜਿਸਟ੍ਰੇਸ਼ਨ ਨਗਰ ਕੌਂਸਲ/ਨਗਰ ਪੰਚਾਇਤ ਦੇ ਦਫ਼ਤਰ ਵਿਚ ਕਰਵਾਈ ਜਾਂਦੀ ਹੈ।ਜ਼ਿਲ੍ਹਾ ਸਿਹਤ ਅਫ਼ਸਰ ਨੇ ਕਿਹਾ ਕਿ ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ ਸਮੇਂ ਕੁਝ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਜਿਵੇਂ ਜਨਮ ਜਾਂ ਮੌਤ ਦੀ ਘਟਨਾ ਨੂੰ ਦਰਜ ਕਰਾਉਣ ਲਈ ਨਿਰਧਾਰਤ ਸੂਚਨਾ ਫਾਰਮ ਵਿਚ ਪਰਵਾਰ ਦੇ ਮੈਂਬਰਾਂ ਦੇ ਪਤੇ ਸਹੀ ਦਰਜ ਕਰਵਾਏ ਜਾਣ ਤਾਂ ਜੋ ਸਹੀ ਤੱਥਾਂ ਅਨੁਸਾਰ ਸਰਟੀਫੀਕੇਟ 21 ਦਿਨ ਦੇ ਅੰਦਰ-ਅੰਦਰ ਜਾਰੀ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਵਿਅਕਤੀ ਦੇ ਸੰਸਕਾਰ ਤੋਂ ਬਾਅਦ ਮੌਤ ਦਾ ਇੰਦਰਾਜ ਨਗਰ ਕੌਂਸਲ ਵਿਖੇ ਦਰਜ ਕਰਵਾਉਣ ਦੀ ਜ਼ਿੰਮੇਵਾਰੀ ਪਰਵਾਰ ਦੀ ਹੁੰਦੀ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਸਰਟੀਫਿਕੇਟਾਂ ਦੀ ਪਹਿਲੀ ਕਾਪੀ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹ ਸਰਟੀਫਿਕੇਟ ਦੀਆਂ ਹੋਰ ਨਕਲਾਂ ਸੇਵਾ ਕੇਂਦਰਾਂ ਵਿੱਚ ਅਪਲਾਈ ਕਰਕੇ ਨਿਸਚਤ ਫੀਸ ਜਮ੍ਹਾਂ ਕਰਵਾ ਕੇ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਪਰਡੈਂਟ ਰੇਣੂ ਬਾਲਾ, ਸੁਖਵਿੰਦਰ ਪਾਲ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਪੁਲਸ ਨੇ 24 ਘੰਟਿਆਂ ਦੇ ਅੰਦਰ ਦੋ ਲਾਪਤਾ ਨਾਬਾਲਗ ਲੜਕੀਆਂ ਨੂੰ ਲੱਭਿਆ



**ਜਲੰਧਰ (ਰਾਜੇਸ਼ ਥਾਪਾ)** ਕਮਿਸ਼ਨਰੇਟ ਪੁਲਸ ਜਲੰਧਰ ਨੇ ਮਾਮਲਾ ਦਰਜ ਕਰਨ ਦੇ 24 ਘੰਟਿਆਂ ਦੇ ਅੰਦਰ ਦੋ ਨਾਬਾਲਗ ਲਾਪਤਾ ਲੜਕੀਆਂ ਨੂੰ ਬਰਾਮਦ ਕਰ ਲਿਆ ਹੈ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਅੰਜੂ ਪਤਨੀ ਕ੍ਰਿਸ਼ਨਾ ਕਾਂਤਾ ਵਾਸੀ ਰਾਮਪੁਰਾ ਫੂਲ ਜ਼ਿਲ੍ਹਾ ਬਠਿੰਡਾ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਦੀ ਲੜਕੀ ਪੀ, ਜੋ ਕਿ ਕਪੂਰਥਲਾ ਰੋਡ, ਜਲੰਧਰ ਨੇੜੇ ਇੱਕ ਸਕੂਲ ਵਿੱਚ 11ਵੀਂ ਜਮਾਤ ਵਿੱਚ ਪੜ੍ਹਦੀ ਹੈ, ਲਾਪਤਾ ਹੋ ਗਈ ਸੀ।ਉਨ੍ਹਾਂ ਦੱਸਿਆ ਕਿ ਅੰਜੂ ਨੇ ਸ਼ਿਕਾਇਤ ਕੀਤੀ ਸੀ ਕਿ 2 ਸਤੰਬਰ ਨੂੰ ਸ਼ਾਮ 5 ਵਜੇ ਦੇ ਕਰੀਬ ਸਕੂਲ ਦੇ ਕਲਾਸ ਇੰਚਾਰਜ ਦਾ ਫੋਨ ਆਇਆ ਕਿ ਉਸ ਦੀ ਧੀ ਪੀ ਲਾਪਤਾ ਹੈ ਕਿਉਂਕਿ ਉਹ ਸਕੂਲ ਤੋਂ ਆਪਣੇ ਆਪ ਚਲੀ ਗਈ ਹੈ।ਸਵਪਨ ਸ਼ਰਮਾ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ ਪਤਾ ਲੱਗਾ ਹੈ ਕਿ ਆਰ ਨਾਮ ਦੀ ਇੱਕ ਹੋਰ ਲੜਕੀ ਵੀ ਪਿਛਲੇ ਦਿਨੀਂ ਸਕੂਲੋਂ ਚਲੀ ਗਈ ਸੀ ਅਤੇ ਲਾਪਤਾ ਸੀ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਲਾਪਤਾ ਲੜਕੀਆਂ ਦੀ ਭਾਲ ਲਈ ਕਈ ਪੁਲਸ ਪਾਰਟੀਆਂ ਦਾ ਗਠਨ ਕੀਤਾ ਗਿਆ ਸੀ।

ਪੁਲਸ ਕਮਿਸ਼ਨਰ ਨੇ ਦੱਸਿਆ ਕਿ ਵਿਗਿਆਨਕ ਅਤੇ ਤਕਨੀਕੀ ਖ਼ੁਫ਼ੀਆ ਜਾਣਕਾਰੀ ਰਾਹੀਂ ਜਾਂਚ ਦੌਰਾਨ ਦੋਵੇਂ ਲਾਪਤਾ ਲੜਕੀਆਂ ਦਾ ਜੰਮੂ-ਕਸ਼ਮੀਰ ਤੋਂ ਪਤਾ ਲਗਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਟੀਮਾਂ ਜੰਮੂ-ਕਸ਼ਮੀਰ ਲਈ ਰਵਾਨਾ ਕੀਤੀਆਂ ਗਈਆਂ ਸਨ, ਜਿੱਥੋਂ ਦੋਵੇਂ ਲੜਕੀਆਂ ਬਰਾਮਦ ਹੋਈਆਂ ਹਨ।ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਜਾਂਚ ਤੋਂ ਬਾਅਦ ਦੋਵੇਂ ਲੜਕੀਆਂ ਨੂੰ ਸ਼ਹਿਰ ਵਿੱਚ ਉਨ੍ਹਾਂ ਦੇ ਮਾਪਿਆਂ ਹਵਾਲੇ ਕਰ ਦਿੱਤਾ ਗਿਆ ਹੈ।

# ਠੇਕਾ ਮੁਲਾਜ਼ਮਾਂ 'ਤੇ ਐਸਮਾ ਲਾਉਣ ਦੀ ਨਿੰਦਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਪੰਜਾਬ ਨੇ ਪੰਜਾਬ ਸਰਕਾਰ ਵੱਲੋਂ ਪਾਵਰਕੌਮ ਦੇ ਹੜਤਾਲੀ ਮੁਲਾਜ਼ਮਾਂ ਉੱਤੇ ਐਸਮਾ ਲਾਉਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਇਫਟੂ ਦੀ ਪੰਜਾਬ ਇਕਾਈ ਦੇ ਪ੍ਰਧਾਨ ਅਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਆਖਿਆ ਹੈ ਕਿ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਦਾ ਮੁਲਾਜ਼ਮ ਵਿਰੋਧੀ ਚਿਹਰਾ ਬੇਪਰਦ ਹੋ ਗਿਆ ਹੈ।ਪੰਜਾਬ ਸਰਕਾਰ ਨੇ ਆਪਣੇ ਹੁਕਮਾਂ ਵਿੱਚ ਕਿਹਾ ਹੈ ਕਿ ਜੇਕਰ ਪਾਵਰਕੌਮ ਦੇ ਠੇਕਾ ਮੁਲਾਜ਼ਮ ਹੜਤਾਲ 'ਤੇ ਜਾਣਗੇ ਤਾਂ ਐਸਮਾ ਤਹਿਤ ਉਹਨਾਂ ਦੀ ਜਬਰੀ ਛੁੱਟੀ ਕਰ ਦਿੱਤੀ ਜਾਵੇਗੀ।ਇੱਥੇ ਵਰਨਣਯੋਗ ਹੈ ਕਿ ਪਾਵਰਕੌਮ ਦੇ ਠੇਕਾ ਮੁਲਾਜ਼ਮਾਂ ਨੇ 11,12 ਅਤੇ 13 ਸਤੰਬਰ ਨੂੰ ਆਪਣੀਆਂ ਮੰਗਾਂ ਨੂੰ ਲੈਕੇ ਹੜਤਾਲ ਉੱਤੇ ਜਾਣ ਦਾ ਐਲਾਨ ਕੀਤਾ ਹੋਇਆ ਹੈ।ਆਗੂਆਂ ਨੇ ਕਿਹਾ ਕਿ ਆਪਣੀਆਂ ਮੰਗਾਂ ਨੂੰ ਲੈਕੇ ਹੜਤਾਲ ਕਰਨਾ ਮੁਲਾਜ਼ਮਾਂ ਦਾ ਸੰਵਿਧਾਨਕ ਹੱਕ ਹੈ। ਉਹਨਾਂ ਕਿਹਾ ਕਿ ਮਾਨ ਸਰਕਾਰ ਨੂੰ ਐਸਮਾ ਲਾਉਣ ਦੀ ਥਾਂ ਪਾਵਰਕੌਮ ਦੇ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਵੱਲ ਧਿਆਨ ਦੇਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਇਫਟੂ ਪਾਵਰਕੌਮ ਦੇ ਠੇਕਾ ਮੁਲਾਜ਼ਮਾਂ ਦੇ ਸੰਘਰਸ਼ ਦੀ ਹਮਾਇਤ ਵਿੱਚ ਉਹਨਾਂ ਦੇ ਨਾਲ ਖੜ੍ਹੀ ਹੈ।

# ਭਾਜਪਾ ਮੈਂਬਰਸ਼ਿਪ ਅਭਿਆਨ ਦੀ ਸ਼ੁਰੂਆਤ ਡਰੋਲੀ ਕਲਾਂ ਤੋਂ



**ਆਦਮਪੁਰ (ਪਰਮਜੀਤ ਸਿੰਘ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਜਪਾ ਮੈਂਬਰਸ਼ਿਪ ਅਭਿਆਨ ਦੀ ਸ਼ੁਰੂਆਤ ਭਾਜਪਾ ਐਸ ਸੀ ਮੋਰਚਾ ਵਾਈਸ ਪ੍ਰਧਾਨ ਜਲੰਧਰ ਦਿਹਾਤੀ ਸੰਦੀਪ ਡਰੋਲੀ ਦੇ ਦਫਤਰ ਪਿੰਡ ਡਰੋਲੀ ਕਲਾਂ ਪਿੰਡ ਵਿਖੇ ਕੀਤੀ ਗਈ। ਇਸ ਦੌਰਾਨ ਬੀਜੇਪੀ ਆਦਮਪੁਰ ਕਨਵੀਨਰ ਜਗਦੀਸ਼ ਕੁਮਾਰ ਜੱਸਲ ਵਿਸ਼ੇਸ ਤੌਰ 'ਤੇ ਹਾਜ਼ਰ ਹੋਏ, ਇਸ ਮੌਕੇ ਉਹਨਾਂ ਵਲੋਂ ਪਾਰਟੀ ਵਰਕਰਾਂ ਅਤੇ ਅਹੁਦੇਦਾਰਾਂ ਦੇ ਮੋਬਾਇਲ ਨੰਬਰ ਰਜਿਸਟਰ ਕਰਕੇ ਆਨਲਾਈਨ ਭਾਜਪਾ ਮੈਂਬਰਸ਼ਿਪ ਕਰਵਾਈ ਕਰਵਾਈ ਗਈ। ਇਸ ਮੌਕੇ ਰੁਪਿੰਦਰ ਸਿੰਘ ਲਾਲੀ, ਉਘੇ ਕਿਸਾਨ ਲੀਡਰ ਰਿਟਾਇਰਡ ਡੀ ਐਸ ਪੀ ਮਨਜੀਤ ਸਿੰਘ, ਮੰਡਲ ਕਠਾਰ ਪ੍ਰਧਾਨ ਪਲਵਿੰਦਰ ਸਾਬੀ, ਯੁਵਾ ਮੋਰਚਾ ਸਰਕਲ ਪ੍ਰਧਾਨ ਜੱਸਾ ਡਰੋਲੀ, ਐਸ ਸੀ ਮੋਰਚਾ ਸਰਕਲ ਪ੍ਰਧਾਨ ਬਲਜੀਤ ਜੋਨੀਂ, ਐਸ ਸੀ ਮੋਰਚਾ ਅਲਾਵਲਪੁਰ ਪ੍ਰਧਾਨ ਰਮੇਸ਼, ਪਰਮਿੰਦਰ ਰਾਣਾ ਆਦਮਪੁਰ, ਸੱਤਪਾਲ, ਗੋਪੀ, ਜੱਸੀ, ਕਾਕਾ ਡਮੁੰਡਾ, ਬੱਬੂ ਡਰੋਲੀ ਅਤੇ ਹੋਰ ਭਾਜਪਾ ਮੈਂਬਰ ਹਾਜ਼ਰ ਸਨ।

# 'ਟੈਕਨੋ ਸਪਾਰਕ ਗੋ-1' ਸਿਰਫ਼ 7,299 ਰੁਪਏ 'ਚ ਉਪਲੱਬਧ

**ਚੰਡੀਗੜ੍ਹ** : ਭਾਰਤ ਦਾ ਸਟਾਈਲਿਸ਼ ਸਮਾਰਟਫੋਨ ਬ੍ਰਾਂਡ ਟੈਕਨੋ ਆਪਣਾ ਨਵੀਨਤਮ ਬਲਾਕਬਸਟਰ ਲਾਂਚ ਕਰਨ ਵਾਲਾ ਹੈ। ਮੋਬਾਈਲ ਨੰਬਰ 1, ਟੈਕਨੋ ਸਪਾਰਕ ਗੋ 1 ਹੁਣ ਸਿਰਫ਼ 7,299 ਰੁਪਏ ਵਿੱਚ ਤੁਹਾਡਾ ਹੋ ਜਾਵੇਗਾ ਅਤੇ 6 ਸਤੰਬਰ ਤੋਂ ਨਜ਼ਦੀਕੀ ਰਿਟੇਲ ਆਊਟਲੇਟਾਂ ਉਤੇ ਵੀ ਉਪਲਬਧ ਹੋਵੇਗਾ।ਬਟਰੀ-ਸਮੂਥ ਸਕ੍ਰੌਲਿੰਗ ਲਈ ਪਹਿਲੀ ਵਾਰ ਸ਼ਾਨਦਾਰ ਸੇਗਮੈਂਟ 120ਐਚਜ਼ੈਡ ਰਿਫਰੈਸ਼ ਰੇਟ, ਲਾਈਟਨਿੰਗ-ਫਾਸਟ ਮਲਟੀਟਾਸਕਿੰਗ ਲਈ 8ਜੀ ਬੀ ਰੈਮ ਅਤੇ ਬੂਮਿੰਗ ਲਈ ਡੀ ਟੀ ਐਸ ਦੇ ਨਾਲ ਡਿਊਲ ਸਟੀਰੀਓ ਸਪੀਕਰ, ਕ੍ਰਿਸਟਲ-ਕਲੀਅਰ ਆਡੀਓ ਫੀਚਰਸ ਦੇ ਨਾਲ ਸਪਾਰਕ ਗੋ 1 ਤੁਹਾਨੂੰ ਗੇਮ ਵਿੱਚ ਹਮੇਸ਼ਾ ਅੱਗੇ ਰੱਖਦਾ ਹੈ। ਲਾਂਚ ਨੂੰ ਸੰਬੋਧਿਤ ਕਰਦੇ ਹੋਏ, ਟੈਕਨੋ ਮੋਬਾਈਲ ਇੰਡੀਆ ਦੇ ਸੀਈਓ, ਅਰਿਜੀਤ ਤਲਪਾਤਰਾ ਨੇ ਕਿਹਾ, ਸਾਨੂੰ ਟੈਕਨੋ ਸਪਾਰਕ ਗੋ1 ਨੂੰ ਪੇਸ਼ ਕਰਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ, ਇਹ ਇੱਕ ਅਜਿਹਾ ਸਮਾਰਟਫੋਨ ਹੈ ਜੋ ਕਿ ਸਚਮੁੱਚ ਆਪਣੇ ਸੇਗਮੈਂਟ ਵਿੱਚ ਨੰਬਰ 1 ਮੋਬਾਈਲ ਹੈ।

# ਭਾਜਪਾ ਨੇ ਮਹਿਤਪੁਰ 'ਚ ਮੈਂਬਰਸ਼ਿਪ ਅਭਿਆਨ ਦੀ ਕੀਤੀ ਸ਼ੁਰੂਆਤ



**ਮਹਿਤਪੁਰ (ਰਾਜਾ)** ਭਾਰਤੀ ਜਨਤਾ ਪਾਰਟੀ ਵਲੋਂ ਮਹਿਤਪੁਰ ਵਿਖੇ ਮੈਂਬਰਸ਼ਿਪ ਅਭਿਆਨ ਕੈਂਪ ਦੌਰਾਨ ਸ਼ੁਰੂਆਤ ਕੀਤੀ। ਜਿਸ ਵਿੱਚ ਪੰਜਾਬ ਦੇ ਜਰਨਲ ਸੈਕਟਰੀ ਮੀਨੂ ਸੇਠੀ ਵਿਸ਼ੇਸ਼ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਰਿਬਨ ਕੱਟ ਕੇ ਅਭਿਆਨ ਦੀ ਸ਼ੁਰੂਆਤ ਕੀਤੀ।ਇਸ ਮੌਕੇ ਮੀਨੂ ਸੇਠੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਮੈਂਬਰਸ਼ਿਪ ਅਭਿਆਨ ਚੱਲ ਰਿਹਾ ਹੈ।ਜਿਸ ਵਿੱਚ ਮਹਿਤਪੁਰ ਵਿਖੇ ਅਭਿਆਨ ਕੈਂਪ ਲਗਾਇਆ ਗਿਆ।ਉਨ੍ਹਾਂ ਕਿਹਾ ਕਿ ਵਿਸ਼ਵ ਦੀ ਸਭ ਤੋਂ ਵੱਡੀ ਰਾਜਨੀਤਿਕ ਪਾਰਟੀ ਨੇ 10 ਸਾਲ ਪਹਿਲਾਂ ਸ਼ੁਰੂਆਤ ਕੀਤੀ ਸੀ। ਇਸ ਮੌਕੇ ਸੁਨੀਲ ਕੁਮਾਰ ਅਨੇਜਾ ਮੰਡਲ ਪ੍ਰਧਾਨ ਮਹਿਤਪੁਰ, ਕੰਵਰ ਸੰਧੂ ਪੰਜਾਬ ਮੈਂਬਰ ਕਿਸਾਨ ਮੋਰਚਾ, ਦਵਿੰਦਰ ਕਲੇਰ ਪੰਜਾਬ ਖਜਾਨਚੀ, ਡਾਕਟਰ ਅਮਰਜੀਤ ਸਿੰਘ ਥਿੰਦ ਜਰਨਲ ਸਕੱਤਰ ਪੰਜਾਬ, ਬੀ.ਸੀ. ਬਲਜੀਤ ਸਿੰਘ ਥਿੰਦ ਜ਼ਿਲਾ ਪ੍ਰਧਾਨ, ਬੀ.ਸੀ. ਅਮਿਤ ਵਿੱਜ ਜਿਲਾ ਜਨਰਲ ਸਕੱਤਰ, ਜਗਦੀਸ਼ ਸਿੰਘ ਥਿੰਦ ਵਾਇਸ ਪ੍ਰਧਾਨ ਮੰਡਲ ਮਹਿਤਪੁਰ, ਸੰਜੀਵ ਵਰਮਾ ਯੂਥ ਪ੍ਰਧਾਨ ਮੰਡਲ ਮਹਿਤਪੁਰ, ਰਮੇਸ਼ ਵਰਮਾ ਸਾਬਕਾ ਪ੍ਰਧਾਨ ਨਗਰ ਪੰਚਾਇਤ ਮਹਿਤਪੁਰ, ਸੰਜੂ ਅਰੋੜਾ ਮੰਡਲ ਜਰਨਲ ਸਕੱਤਰ ਮਹਿਤਪੁਰ, ਸ਼ੁਸ਼ੀਲ ਕੁਮਾਰ ਬਾਵਾ, ਵਿਵੇਕ ਕੁਮਾਰ ਧੀਰ, ਪੰਡਿਤ ਦੂਬੇ ਆਦਿ ਹਾਜ਼ਰ ਸਨ।

# ਗੋਇੰਦਵਾਲ ਸਾਹਿਬ ਵਿਖੇ ਲਗਾਏ ਜਾ ਰਹੇ ਲੰਗਰਾਂ ਸੰਬੰਧੀ ਸੰਗਤ ਵੱਲੋਂ ਰਸਦ ਭੇਟ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਸੰਤ ਬਾਬਾ ਨਰਿੰਦਰ ਸਿੰਘ, ਸੰਤ ਬਾਬਾ ਬਲਵਿੰਦਰ ਸਿੰਘ ਸੰਪਰਦਾਇ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸੁਚੱਜੀ ਦੇਖ-ਰੇਖ ਹੇਠ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ ਜੋਤੀ ਜੋਤਿ ਪੁਰਬ ਅਤੇ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਗੁਰਤਾ ਗੱਦੀ ਦਿਵਸ ਦੇ 450 ਸਾਲਾ ਸ਼ਤਾਬਦੀ ਸਮਾਗਮਾਂ 'ਤੇ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ 13 ਸਤੰਬਰ ਤੋਂ 19 ਸਤੰਬਰ ਤੱਕ ਲਗਾਏ ਜਾ ਰਹੇ ਲੰਗਰਾਂ ਸੰਬੰਧੀ ਪਿੰਡ ਪੰਡੋਰੀ ਰੁਕਮਾਣ ਦੀਆਂ ਸੰਗਤਾਂ ਵੱਲੋਂ 71 ਟੀਨ ਰੀਫਾਈਂਡ ਆਇਲ ਭੇਟ ਕੀਤਾ। ਇਸ ਮੌਕੇ ਭਾਈ ਸੁਰਿੰਦਰ ਸਿੰਘ ਪੰਡੋਰੀ ਰੁਕਮਾਣ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਇਕੱਤਰ ਕੀਤੀ ਰਸਦ ਲਈ ਜਿੱਥੇ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਨੇ ਧੰਨਵਾਦ ਕੀਤਾ ਉੱਥੇ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਜਥੇਦਾਰ ਇਕਬਾਲ ਸਿੰਘ ਖੇੜਾ, ਸਾਬਕਾ ਸਰਪੰਚ ਜਥੇਦਾਰ ਜਸਬੀਰ ਸਿੰਘ ਭੱਟੀ ਨਡਾਲੋਂ, ਬਾਬਾ ਅਕਾਸ਼ਦੀਪ ਸਿੰਘ ਬਾਸਰਕੇ ਗਿੱਲਾਂ, ਅਮਰਜੀਤ ਸਿੰਘ ਰਾਜਾ ਜਾਂਗਲੀਆਨਾ, ਸੁਰਜੀਤ ਸਿੰਘ, ਕ੍ਰਿਪਾਲ ਸਿੰਘ, ਗੁਰਦੇਵ ਸਿੰਘ, ਗੁਰਮੀਤ ਸਿੰਘ, ਰਘਵੀਰ ਸਿੰਘ, ਜਗਤਾਰ ਸਿੰਘ, ਜੋਬਨਪ੍ਰੀਤ ਸਿੰਘ, ਸੁਖਦੇਵ ਸਿੰਘ, ਪਰਮਜੀਤ ਸਿੰਘ, ਮਹਿੰਦਰ ਸਿੰਘ, ਸ਼ਮਸ਼ੇਰ ਸਿੰਘ, ਕਿਸ਼ਨ ਸਿੰਘ ਲਾਂਗਰੀ, ਨਰਿੰਦਰ ਸਿੰਘ ਬੂਟਾ ਕੋਟ ਫਤੂਹੀ, ਬਲਜਿੰਦਰ ਸਿੰਘ ਖਾਲਸਾ ਪੰਜੋੜ, ਲਖਵਿੰਦਰ ਸਿੰਘ ਵਿੰਦਾ ਨਡਾਲੋਂ, ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਤਰਲੋਚਨ ਸਿੰਘ ਲਾਡੀ ਟੋਡਰਪੁਰ, ਸਰਵਿੰਦਰ ਸਿੰਘ ਠੀਡਾ, ਸੁੱਖਵਿੰਦਰ ਸਿੰਘ ਲੱਡੂ ਟੋਡਰਪੁਰ, ਬਿੰਦਰ ਬਾਬਾ ਆਦਿ ਹਾਜ਼ਰ ਸਨ। ਪਿੰਡ ਪੰਡੋਰੀ ਰੁਕਮਾਣ ਵਿਖੇ ਜਥੇਦਾਰ ਬਾਬਾ ਗੁਰਮੀਤ ਸਿੰਘ ਜੀ ਦੇ ਰਿਫਾਈਂਡ ਆਇਲ ਦੇ ਟੀਨ ਸਪੁਰਦ ਕਰਦੇ ਹੋਏ ਭਾਈ ਸੁਰਿੰਦਰ ਸਿੰਘ ਤੇ ਹੋਰ ਹਾਜ਼ਰ ਸਨ।

# ਵਪਾਰੀ ਕਮਿਸ਼ਨ ਵੱਲੋਂ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ



**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਰਾਜ ਵਪਾਰੀ ਕਮਿਸ਼ਨ ਵੱਲੋਂ ਪੰਜਾਬ ਰਾਜ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀਆਂ ਨਾਲ ਆਬਕਾਰੀ ਤੇ ਕਰ ਭਵਨ ਮੋਹਾਲੀ, ਪੰਜਾਬ ਵਿਖੇ ਕਮਿਸ਼ਨ ਦੇ ਮੈਂਬਰਾਂ ਨਾਲ ਸਮੀਖਿਆ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਚੇਅਰਮੈਨ ਅਨਿਲ ਠਾਕੁਰ ਨੇ ਕੀਤੀ।ਪੰਜਾਬ ਭਰ ਦੇ ਵਪਾਰੀਆਂ/ਉਦਯੋਗਪਤੀਆਂ/ਐਸੋਸੀਏਸ਼ਨਾਂ ਤੋਂ ਮੋਬਾਈਲ ਵਿੰਗ/ਜੀ ਐਸ ਟੀ/ਆਬਕਾਰੀ ਨਾਲ ਸਬੰਧਤ ਜ਼ਿਲ੍ਹਾ ਪੱਧਰੀ ਸ਼ਿਕਾਇਤਾਂ, ਫੀਡਬੈਕ ਅਤੇ ਸੁਝਾਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਆਬਕਾਰੀ ਅਤੇ ਕਰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ।ਇੰਦਰਵੰਸ਼ ਸਿੰਘ ਚੱਢਾ ਮੈਂਬਰ ਪੰਜਾਬ ਰਾਜ ਵਪਾਰੀ ਕਮਿਸ਼ਨ ਨੇ ਜਲੰਧਰ ਜ਼ਿਲ੍ਹੇ ਦੀ ਨੁਮਾਇੰਦਗੀ ਕੀਤੀ ਅਤੇ ਵਪਾਰੀਆਂ/ਉਦਯੋਗਪਤੀਆਂ ਦੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ।ਉਨ੍ਹਾਂ ਸੁਝਾਅ ਦਿੱਤਾ ਕਿ ਸਲਾਹਕਾਰ ਕਮੇਟੀ ਅਤੇ ਵਪਾਰੀਆਂ/ਉਦਯੋਗਪਤੀਆਂ ਦੀਆਂ ਹਫਤਾਵਾਰੀ ਮੀਟਿੰਗਾਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਅਤੇ ਵਿਭਾਗ ਨਾਲ ਖਪਤਕਾਰਾਂ ਦੇ ਸੁਚਾਰੂ ਕੰਮਕਾਜ ਨੂੰ ਹੋਰ ਬਿਹਤਰ ਬਣਾਉਣ ਵਿੱਚ ਮਦਦ ਕਰਨਗੀਆਂ।ਚੇਅਰਮੈਨ ਅਨਿਲ ਠਾਕੁਰ ਤੋਂ ਇਲਾਵਾ ਮੀਟਿੰਗ ਵਿੱਚ ਵਿਨੀਤ ਵਰਮਾ, ਅਨਿਲ ਭਾਰਦਵਾਜ, ਸ਼ੀਤਲ ਜੁਨੇਜਾ, ਰਾਜ ਕੁਮਾਰ ਅਗਰਵਾਲ, ਬਦੇਸ਼ਾ ਪੰਜਾਬ ਰਾਜ ਵਪਾਰਕ ਕਮਿਸ਼ਨ ਦੇ ਸਾਰੇ ਮੈਂਬਰ ਹਾਜ਼ਰ ਸਨ।

# ਸਰਕਾਰ ਹਰ ਫਰੰਟ 'ਤੇ ਹੋਈ ਫੇਲ੍ਹ : ਸੇਖੋਂ



**ਜਲੰਧਰ (ਇਕਬਾਲ ਸਿੰਘ ਉਭੀ)** ਸੀ ਪੀ ਆਈ (ਐਮ) ਸੂਬਾ ਸਕੱਤਰੇਤ ਦੀ ਮੀਟਿੰਗ ਸਾਥੀ ਸੁਖਪ੍ਰੀਤ ਜੌਹਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਪੰਜਾਬ ਦੇ ਭਖਵੇਂ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ।ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋਈ ਹੈ।ਭ੍ਰਿਸ਼ਟਾਚਾਰ ਦਾ ਬੋਲ ਬਾਲਾ ਹੈ, ਮਾਈਨਿੰਗ ਦਾ ਕੰਮ ਜੋਰਾਂ ਸ਼ੋਰਾਂ 'ਤੇ ਹੋ ਰਿਹਾ ਹੈ।ਅਮਨ ਕਾਨੂੰਨ ਦੀ ਹਾਲਾਤ ਮਾੜੀ ਹੈ, ਪੰਜਾਬ ਅੰਦਰ ਕੋਈ ਵੀ ਇਨਸਾਨ ਸੁਰੱਖਿਅਤ ਨਹੀਂ ਹੈ।ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਸੱਤਾਧਾਰੀ ਅਤੇ ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਕਈ ਲੋਕ ਮਸਲੇ ਰੱਖੇ ਹਨ, ਜੋ ਅਖਬਾਰਾਂ ਦੀ ਆਮ ਚਰਚਾ 'ਚ ਹਨ।ਕਾਮਰੇਡ ਸੇਖੋਂ ਨੇ ਕਿਹਾ ਕਿ ਸੀ ਪੀ ਆਈ (ਐਮ) ਇਹਨਾਂ ਮੁੱਦਿਆਂ 'ਤੇ ਆਉਣ ਵਾਲੇ ਸੰਘਰਸ਼ਾਂ ਦੀ ਰੂਪਰੇਖਾ ਤਿਆਰ ਕਰੇਗੀ।ਇਸ ਮੌਕੇ ਮੇਜਰ ਸਿੰਘ ਭਿੱਖੀਵਿੰਡ, ਗੁਰਦਰਸ਼ਨ ਸਿੰਘ, ਰਾਮ ਸਿੰਘ ਨੂਰਪੁਰੀ, ਜਤਿੰਦਰ ਪਾਲ ਸਿੰਘ, ਬਲਵੀਰ ਸਿੰਘ ਜਾਡਲਾ, ਸਵਰਨਜੀਤ ਸਿੰਘ ਦਲਿਉ ਆਦਿ ਸਾਥੀ ਹਾਜ਼ਰ ਸਨ।

# ਮੈਂਬਰਸ਼ਿਪ ਮੁਹਿੰਮ ਨੇ ਭਾਜਪਾ ਅੰਦਰ ਨਵਾਂ ਉਤਸ਼ਾਹ ਭਰਿਆ : ਰਾਣਾ ਹਰਦੀਪ



*ਕੈਂਪ ਦੌਰਾਨ ਰਾਣਾ ਹਰਦੀਪ ਸਿੰਘ ਮੀਨੂ ਸੇਠੀ ਤੇ ਹੋਰ*

**ਸ਼ਾਹਕੋਟ (ਗਿਆਨ ਸੈਦਪੁਰੀ)** ਭਾਜਪਾ ਨੂੰ ਪੰਜਾਬ ਵਿੱਚ ਜਬਰਦਸਤ ਹੁੰਗਾਰਾ ਮਿਲ ਰਿਹਾ ਹੈ।ਪਹਿਲੀ ਸਤੰਬਰ ਤੋਂ ਸ਼ੁਰੂ ਕੀਤੀ ਗਈ ਮੈਂਬਰਸ਼ਿਪ ਮੁਹਿੰਮ ਨੇ ਭਾਜਪਾ ਅੰਦਰ ਨਵਾਂ ਉਤਸ਼ਾਹ ਭਰਿਆ ਹੈ।ਪੰਜਾਬ ਵਿੱਚ ਅਜਿਹੇ ਅਸਾਰ ਨਜ਼ਰ ਆ ਰਹੇ ਹਨ ਕਿ 2027 ਵਿੱਚ ਭਾਜਪਾ ਸੱਤਾ ਸੰਭਾਲੇਗੀ।ਉਕਤ ਵਿਚਾਰਾਂ ਦਾ ਪ੍ਰਗਟਾਵਾ ਮੈਂਬਰਸ਼ਿਪ ਮੁਹਿੰਮ ਸ਼ਾਹਕੋਟ ਦੇ ਹਲਕਾ ਇੰਚਾਰਜ ਰਾਣਾ ਹਰਦੀਪ ਸਿੰਘ ਨੇ ਕੀਤਾ।ਉਹ ਬੁੱਧਵਾਰ ਨੂੰ ਭਾਜਪਾ ਮੰਡਲ ਸ਼ਾਹਕੋਟ ਦੇ ਪ੍ਰਧਾਨ ਸੰਜਮ ਮੈਸਨ ਦੀ ਅਗਵਾਈ ਵਿੱਚ ਇੱਥੇ ਲਾਏ ਗਏ ਵਿਸ਼ੇਸ਼ ਕੈਂਪ ਨੂੰ ਸੰਬੋਧਨ ਕਰ ਰਹੇ ਸਨ।ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਭ ਵਰਗਾਂ ਦੇ ਹਤੈਸ਼ੀ ਹਨ, ਇਸੇ ਕਾਰਨ ਭਾਜਪਾ ਦਿਨੋ ਦਿਨ ਅੱਗੇ ਵੱਧ ਰਹੀ ਹੈ।ਪੰਜਾਬ ਭਾਜਪਾ ਦੇ ਸਕੱਤਰ ਮੀਨੂ ਸੇਠੀ ਨੇ ਕੈਂਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਜਪਾ ਵਿੱਚ ਪਰਿਵਾਰਵਾਦ ਨੂੰ ਕੋਈ ਥਾਂ ਨਹੀਂ ਹੈ। ਇੱਥੇ ਹਰ ਵਰਕਰ ਦਾ ਬਰਾਬਰ ਸਤਿਕਾਰ ਹੁੰਦਾ ਹੈ। ਉਹਨਾਂ ਨਵੇਂ ਬਣੇ ਮੈਂਬਰਾਂ ਨੂੰ ਵਧਾਈ ਦਿੱਤੀ।ਮੰਡਲ ਪ੍ਰਧਾਨ ਸੰਜਮ ਮੈਸਨ ਨੇ ਦੱਸਿਆ ਕਿ ਸ਼ਾਹਕੋਟ ਵਿੱਚ ਲਗਭਗ 1000 ਨਵੇਂ ਮੈਂਬਰ ਜੋੜੇ ਗਏ ਹਨ। ਇਸ ਮੌਕੇ ਅਸ਼ਵਨੀ ਮਿੱਤਲ ਤੇ ਅਮਿਤ ਵਿੱਜ (ਦੋਵੇਂ ਜਨਰਲ ਸਕੱਤਰ), ਕਾਲਾ ਭਲਵਾਨ ਸੂਬਾ ਕਮੇਟੀ ਮੈਂਬਰ, ਅਨਿਲ ਗੋਇਲ, ਸੰਜੀਵ ਸੋਬਤੀ, ਹਰਦੇਵ ਸਿੰਘ ਪੀਟਾ, ਕਮਲ ਕੁਮਾਰ ਨਾਹਰ, ਅੰਮ੍ਰਿਤ ਲਾਲ ਕਾਕਾ, ਹੈਪੀ ਡਾਬਰ, ਸਤੀਸ਼ ਸਿੰਗਲਾ, ਜੈ ਗੋਪਾਲ, ਸੋਨੀ ਅਟਵਾਲ, ਰਜਿੰਦਰ ਕੁੱਕਾ, ਰਵੀਸ਼ ਗੋਇਲ, ਦਵਿੰਦਰ ਕਲੇਰ, ਮੋਨੂ, ਮੁਰਲੀਧਰ ਗੁਪਤਾ, ਸੰਮੀ ਖੇੜਾ, ਅਨਿਲ ਕੌਸ਼ਲ, ਵਨੀਤ ਧੀਰ, ਰਕੇਸ਼ ਗੁਪਤਾ, ਚਮਨ, ਰਾਜਾ ਅਰੋੜਾ, ਨੀਰਜ ਨਾਹਰ, ਸੁਰਿੰਦਰ ਕੁਮਾਰ ਤੇਜੀ ਅਤੇ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

# 'ਏ ਸੋਸ਼ਲ ਵਾਕ ਥਰੂ' ਵਿਸ਼ੇ 'ਤੇ ਮਾਹਿਰਾਂ ਨੇ ਕੀਤੀ ਗੱਲਬਾਤ



**ਮੋਹਾਲੀ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅੱਗਰਵਾਲ)** ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ 'ਏ ਸੋਸ਼ਲ ਵਾਕ ਥਰੂ' ਵਿਸ਼ੇ 'ਤੇ ਗੱਲਬਾਤ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਰਜਿੰਦਰ ਸਿੰਘ ਸੋਹਲ, ਸਹਾਇਕ ਇੰਸਪੈਕਟਰ ਜਨਰਲ ਆਫ਼ ਪੁਲਸ (ਸੇਵਾਮੁਕਤ) ਅਤੇ ਸੰਦੀਪ ਮੌਨ, ਸੀਨੀਅਰ ਇੰਸਪੈਕਟਰ ਮੁੱਖ ਬੁਲਾਰੇ ਸਨ। ਡਾ. ਸੋਹਲ ਨੇ ਕਿਹਾ ਕਿ ਵਿਦਿਆਰਥੀਆਂ ਦੀਆਂ ਸਮਾਜ ਅਤੇ ਰਾਸ਼ਟਰ ਪ੍ਰਤੀ ਕੁਝ ਜ਼ਿੰਮੇਵਾਰੀਆਂ ਹਨ ਅਤੇ ਉਨ੍ਹਾਂ ਨੂੰ ਇਸ ਵਿੱਚ ਹਰ ਤਰ੍ਹਾਂ ਦਾ ਯੋਗਦਾਨ ਪਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਮਾਜ ਸੇਵਾ ਵਿਦਿਆਰਥੀਆਂ ਲਈ ਆਪਣੇ ਸਮਾਜ ਵਿੱਚ ਯੋਗਦਾਨ ਪਾਉਣ ਦਾ ਇੱਕ ਤਰੀਕਾ ਹੈ।ਸੰਦੀਪ ਮੌਨ ਨੇ ਕਿਹਾ ਕਿ ਸਮਾਜ ਸੇਵਾ ਕਰਨ ਨਾਲ, ਵਿਦਿਆਰਥੀ ਗਰੀਬਾਂ ਅਤੇ ਲੋੜਵੰਦਾਂ ਦੀ ਸਦਭਾਵਨਾ ਵੀ ਕਮਾਉਣਗੇ ਅਤੇ ਭਵਿੱਖ ਵਿੱਚ ਵਧੇਰੇ ਸੰਮਲਿਤ ਤੌਰ 'ਤੇ ਸੋਚਣਾ ਸਿੱਖਣਗੇ ਜੋ ਉਨ੍ਹਾਂ ਦੇ ਚਰਿੱਤਰ ਨਿਰਮਾਣ ਵਿੱਚ ਬਹੁਤ ਮਹੱਤਵਪੂਰਨ ਹੋਵੇਗਾ।

ਇੰਡੀਅਨ ਰੈੱਡ ਕਰਾਸ ਸੋਸਾਇਟੀ ਦੇ ਵਾਈਸ-ਚੇਅਰਮੈਨ ਅਤੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਪ੍ਰਬੰਧਕਾਂ ਵੱਲੋਂ ਅਜਿਹੇ ਸਮਾਗਮਾਂ ਦੇ ਆਯੋਜਨ ਦੀ ਸ਼ਲਾਘਾ ਕੀਤੀ ਜੋ ਵਿਦਿਆਰਥੀਆਂ ਲਈ ਬਹੁਤ ਮਹੱਤਵ ਰੱਖਦੇ ਹਨ। ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਆਸ ਪ੍ਰਗਟਾਈ ਕਿ ਇਹ ਗੱਲਬਾਤ ਫੈਕਲਟੀ ਅਤੇ ਵਿਦਿਆਰਥੀਆਂ ਲਈ ਸਹਾਈ ਸਿੱਧ ਹੋਵੇਗੀ।ਡਾ. ਪਰਵਿੰਦਰ ਸਿੰਘ, ਵਾਈਸ-ਚਾਂਸਲਰ ਨੇ ਆਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ।

# ਡਿਪਟੀ ਕਮਿਸ਼ਨਰ ਨੇ ਤਾਰਾ ਸਿੰਘ ਕਾਹਮਾ ਰੈੱਡ ਕਰਾਸ ਸਪੈਸ਼ਲ ਸਕੂਲ ਲਈ ਫੰਡਰੇਜ਼ਿੰਗ ਦੀ ਸ਼ੁਰੂਆਤ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਅਗਵਾਈ ਹੇਠ ਸਰਦਾਰ ਤਾਰਾ ਸਿੰਘ ਕਾਹਮਾ ਰੈੱਡ ਕਰਾਸ ਸਪੈਸ਼ਲ ਸਕੂਲ ਲਈ ਫੰਡ ਇਕੱਠਾ ਕਰਨ ਲਈ ਇੱਕ ਅਹਿਮ ਮੀਟਿੰਗ ਹੋਈ।ਇਹ ਸੰਸਥਾ ਬਹੁਤ ਸਾਰੇ ਬੱਚਿਆਂ ਦੀ ਸੇਵਾ ਕਰਦੀ ਹੈ ਜੋ ਸੁਣਨ ਅਤੇ ਬੋਲਣ ਵਿੱਚ ਕਮਜ਼ੋਰ ਹਨ, ਉਹਨਾਂ ਦੀ ਰੋਜ਼ਾਨਾ ਆਵਾਜਾਈ ਵਿੱਚ ਸਹਾਇਤਾ ਲਈ ਇੱਕ ਨਵੀਂ ਵੈਨ ਦੀ ਤੁਰੰਤ ਲੋੜ ਨੂੰ ਉਜਾਗਰ ਕਰਦੇ ਹੋਏ।ਮੀਟਿੰਗ ਦੌਰਾਨ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੂੰ ਇਸ ਅਹਿਮ ਕਾਰਜ ਲਈ ਆਰਥਿਕ ਤੌਰ 'ਤੇ ਯੋਗਦਾਨ ਪਾਉਣ ਦੀ ਅਪੀਲ ਕੀਤੀ ਗਈ।ਸਮੂਹਿਕ ਯਤਨਾਂ ਦੀ ਸ਼ਕਤੀ ਨੂੰ ਪਛਾਣਦੇ ਹੋਏ, ਇੱਕ ਭੀੜ ਫੰਡਿੰਗ ਪਹਿਲ ਵੀ ਸ਼ੁਰੂ ਕੀਤੀ ਗਈ ਹੈ, ਜਿਸ ਵਿੱਚ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਸਮੂਹ ਨਿਵਾਸੀਆਂ ਨੂੰ ਇਸ ਨੇਕ ਯਤਨ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ।ਮੀਟਿੰਗ ਵਿੱਚ, 14 ਵਿਅਕਤੀ ਪਹਿਲਾਂ ਹੀ ਜੀਵਨ ਭਰ ਦੇ ਮੈਂਬਰ ਬਣਨ ਲਈ ਵਚਨਬੱਧ ਹਨ।ਅਸੀਂ ਹਰ ਕਿਸੇ ਨੂੰ ਸਕੂਲ ਦੀ ਬਿਹਤਰੀ ਲਈ ਯੋਗਦਾਨ ਪਾਉਣ ਅਤੇ ਜੀਵਨ ਭਰ ਦੇ ਮੈਂਬਰ ਬਣਨ ਦੇ ਇਸ ਮੌਕੇ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕਰਦੇ ਹਾਂ, ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਦਾ ਸਮਰਥਨ ਆਉਣ ਵਾਲੇ ਸਾਲਾਂ ਤੱਕ ਇਹਨਾਂ ਵਿਸ਼ੇਸ਼ ਬੱਚਿਆਂ ਨੂੰ ਲਾਭ ਪਹੁੰਚਾਉਂਦਾ ਰਹੇ।

# ਲੈਕਚਰਾਰ ਕਮਲੇਸ਼ ਕੁਮਾਰੀ ਘੇੜਾ ਸਟੇਟ ਐਵਾਰਡੀ ਬਣੀ



**ਫਗਵਾੜਾ (ਡਾ ਰਮਨ)** ਫਗਵਾੜਾ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਹਰ ਸਾਲ ਪੰਜ ਸਤੰਬਰ ਨੂੰ ਅਧਿਆਪਕ ਦਿਵਸ ਦੇ ਮੌਕੇ 'ਤੇ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਸਟੇਟ ਅਵਾਰਡ ਨਾਲ ਨਿਵਾਜਿਆ ਜਾਂਦਾ ਹੈ ਸਿੱਖਿਆ ਵਿਭਾਗ ਵੱਲੋਂ ਐਲਾਨੀ ਸਟੇਟ ਅਵਾਰਡੀ ਅਧਿਆਪਕਾਂ ਦੀ ਲਿਸਟ ਵਿੱਚ ਫਗਵਾੜਾ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀ ਲੈਕਚਰਾਰ ਕਮਲੇਸ਼ ਕੁਮਾਰੀ ਦਾ ਨਾਂਅ ਵੀ ਸ਼ਾਮਲ ਹੈ। ਕਮਲੇਸ਼ ਕੁਮਾਰੀ ਵੱਲੋਂ ਵੱਖ-ਵੱਖ ਸਕੂਲਾਂ ਵਿੱਚ ਬੱਚਿਆਂ ਨੂੰ ਸਮਰਪਿਤ ਭਾਵਨਾ ਨਾਲ ਪੜ੍ਹਾਉਣ ਦੇ ਨਾਲ ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ।

# ਡੀ ਸੀ ਵੱਲੋਂ ਸ਼ਹਿਰੀ ਖੇਤਰਾਂ ਵਿਚਲੇ ਵਿਕਾਸ ਕਾਰਜ ਜਲਦ ਮੁਕੰਮਲ ਕਰਨ ਦੀਆਂ ਹਦਾਇਤਾਂ

**ਮੋਹਾਲੀ, (ਗੁਰਜੀਤ ਬਿੱਲਾ)** ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ ਨੇ ਜ਼ਿਲ੍ਹੇ ਦੇ ਸ਼ਹਿਰੀ ਖੇਤਰਾਂ 'ਚ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਵਿਕਾਸ ਕਾਰਜ ਜਲਦ ਮੁਕੰਮਲ ਕਰਨ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ਼ਹਿਰੀ ਵਿਕਾਸ ਕਾਰਜਾਂ ਦੀ ਸਮੀਖਿਆ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਇਨ੍ਹਾਂ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਕਿਹਾ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਇਲਾਕੇ ਵਿੱਚ ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਵੱਲ ਉਚੇਚੇ ਤੌਰ 'ਤੇ ਧਿਆਨ ਦੇਣ ਲਈ ਕਿਹਾ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਲਈ ਵੱਖੋ-ਵੱਖ ਟਿਊਬਵੈੱਲ ਪ੍ਰੋਜੈਕਟ ਜਲਦੀ ਨੇਪਰੇ ਚਾੜ੍ਹਨ ਲਈ ਕਿਹਾ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਵੱਖੋ-ਵੱਖ ਥਾਂਈਂ ਸੀਵਰੇਜ ਟ੍ਰੀਟਮੈਂਟ ਪਲਾਂਟ (ਐੱਸ ਟੀ ਪੀ) ਲਾਉਣ ਦੀ ਪ੍ਰਕਿਰਿਆ ਜਾਰੀ ਹੈ ਤੇ ਇਨ੍ਹਾਂ ਪ੍ਰੋਜੈਕਟਾਂ ਨੂੰ ਜ਼ਮੀਨੀ ਪੱਧਰ 'ਤੇ ਤਿਆਰ ਕਰਵਾਉਣ ਬਾਬਤ ਜੋ ਵੀ ਕਾਰਜ ਲੋੜੀਂਦੇ ਹਨ, ਉਹ ਲਗਾਤਾਰ ਪੂਰੇ ਕੀਤੇ ਜਾ ਰਹੇ ਹਨ। ਏ ਡੀ ਸੀ ਦਮਨਜੀਤ ਸਿੰਘ ਮਾਨ ਨੇ ਮੌਨਸੂਨ ਨੂੰ ਦੇਖਦੇ ਹੋਏ ਸ਼ਹਿਰਾਂ ਦੀ ਸਾਫ਼-ਸਫ਼ਾਈ ਅਤੇ ਹੜ੍ਹਾਂ ਤੋਂ ਬਚਾਅ ਲਈ ਅਗੇਤੇ ਤੌਰ 'ਤੇ ਲੋੜੀਂਦੇ ਕਾਰਜ ਕਰਨ ਲਈ ਵੀ ਆਖਿਆ। ਦਮਨਜੀਤ ਸਿੰਘ ਮਾਨ ਨੇ ਨਗਰ ਨਿਗਮ ਮੋਹਾਲੀ ਅਤੇ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ 'ਸਿੰਗਲ ਯੂਜ਼ ਪਲਾਸਟਿਕ' ਦੀ ਵਰਤੋਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣ ਤੇ ਇਸ ਸੰਬੰਧੀ ਵੱਧ ਤੋਂ ਵੱਧ ਚੈਕਿੰਗ ਯਕੀਨੀ ਬਣਾ ਕੇ ਕਾਨੂੰਨ ਮੁਤਾਬਕ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

# ਪੋਸ਼ਣ ਮਾਹ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ



**ਹੁਸ਼ਿਆਰਪੁਰ, (ਬਲਵੀਰ ਸੈਣੀ)** ਡਾਇਰੈਕਟ ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਮੈਡਮ ਹਰਦੀਪ ਕੌਰ ਤੇ ਸੀ ਡੀ ਪੀ ਓ ਰਵਿੰਦਰ ਕੌਰ ਦੀ ਅਗਵਾਈ ਹੇਠ ਸਰਕਲ ਸੁਪਰਵਾਈਜ਼ਰ ਮੈਡਮ ਸ਼ਰਮੀਲਾ ਰਾਣੀ ਵੱਲੋਂ ਸਰਕਲ ਲਾਚੋਵਾਲ ਅਧੀਨ ਪੈਂਦੇ ਪਿੰਡ ਪੰਜ ਗਰਾਈਆਂ ਵਿਖੇ ਪੋਸ਼ਣ ਮਾਹ ਸਬੰਧੀ ਜਾਗਰੂਕ ਕੈਂਪ ਲਗਾਇਆ ਗਿਆ, ਜਿਸ ਵਿੱਚ ਆਂਗਨਵਾੜੀ ਵਰਕਰ ਪਰਮਿੰਦਰ ਕੌਰ ਵੱਲੋਂ ਪੋਸ਼ਣ ਸੰਬੰਧੀ ਰੰਗੋਲੀ ਬਣਾਈ ਗਈ ਤੇ ਪੋਸ਼ਣ ਮਾਹ ਦੀ ਅਰੰਭਤਾ ਕੀਤੀ ਗਈ। ਪਿੰਡ ਤੋਂ ਆਏ ਪਤਵੰਤੇ ਸੱਜਣਾ ਦਾ ਆਂਗਨਵਾੜੀ ਵਰਕਰ ਪਰਮਿੰਦਰ ਕੌਰ ਵੱਲੋਂ ਸਵਾਗਤ ਕੀਤਾ ਗਿਆ ਜਿਸ ਵਿੱਚ ਮੈਡਮ ਸ਼ਰਮੀਲਾ ਰਾਣੀ ਜੀ ਵੱਲੋਂ ਝੰਡਾ ਚੜਾਇਆ ਗਿਆ। ਇਸ ਤੋਂ ਉਪਰੰਤ ਛੇ ਮਹੀਨੇ ਤੋਂ ਇਕ ਸਾਲ ਦੇ ਬੱਚਿਆਂ ਦੇ ਸਾਂਭ ਸੰਭਾਲ ਲਈ ਮਤਾਵਾਂ ਨੂੰ ਕਿਹਾ ਕਿ ਬੱਚੇ ਨੂੰ ਮਾਂ ਦੇ ਦੁੱਧ ਦੇ ਨਾਲ ਨਾਲ ਵਾਧੂ ਖ਼ੁਰਾਕ ਜਿਵੇਂ ਦਲੀਆ, ਖਿਚੜੀ, ਮਸਲੇ ਹੋਏ ਫ਼ਲ ਅਤੇ ਸਬਜ਼ੀਆਂ ਆਦਿ ਦਿੱਤਾ ਜਾਵੇ ਤਾਂ ਜੋ ਸਾਡੇ ਬੱਚੇ ਤੰਦਰੁਸਤ ਰਹਿਣ ਤੇ ਕਪੋਸ਼ਣ ਦਾ ਸ਼ਿਕਾਰ ਨਾ ਹੋਣ ਕਪੋਸ਼ਣ ਨੂੰ ਜੜ੍ਹੋਂ ਖ਼ਤਮ ਹੋ ਸਕੇ।

ਇਸ ਲਈ ਸਰਕਾਰ ਵੱਲੋਂ ਵੱਖ ਵੱਖ ਪ੍ਰੋਗਰਾਮਾ ਦੇ ਨਾਲ ਪੋਸ਼ਣ ਸਬੰਧੀ ਜਾਗਰੂਕ ਕੈਂਪ ਲਗਾ ਕੇ ਜਾਣਕਾਰੀ ਦਿੱਤੀ ਜਾਂਦੀ ਹੈ।ਆਂਗਣਵਾੜੀ ਵਰਕਰ ਪਰਮਿੰਦਰ ਕੌਰ ਵੱਲੋਂ ਪੋਸ਼ਣ ਦੇ ਪੰਜ ਸੂਤਰ ਬਾਰੇ ਜਾਣਕਾਰੀ ਦਿੱਤੀ।

# ਚੰਗੇ ਸਮਾਜ ਦੀ ਉਸਾਰੀ 'ਚ ਅਧਿਆਪਕਾਂ ਦਾ ਵੱਡਾ ਯੋਗਦਾਨ : ਕਲੇਰ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵੱਲੋਂ ਹਰ ਸਾਲ ਦੀ ਤਰ੍ਹਾਂ ਅਧਿਆਪਕਾਂ ਦੇ ਸਨਮਾਨ ਵਿੱਚ ਅਧਿਆਪਕ ਦਿਵਸ ਇਸ ਵਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ (ਲੜਕੇ) ਪੁਰਾਣਾ ਡਾਕਘਰ ਰੋਡ ਵਿਖੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਦੇਖਰੇਖ ਹੇਠ ਮਨਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਵਜੋਂ ਏ ਡੀ ਸੀ ਅਨੁਪਮ ਕਲੇਰ ਨੇ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਪਵਨ ਬੀਸਲਾ ਡਿਪਟੀ ਚੀਫ਼ ਇੰਜੀਨੀਅਰ ਪਾਵਰਕਾਮ ਜਲੰਧਰ, ਸੰਤੋਸ਼ ਕੁਮਾਰ ਗੋਗੀ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਐੱਸ ਸੀ ਵਿੰਗ ਕਪੂਰਥਲਾ ਅਤੇ ਲਾਇਨ ਗੁਰਦੀਪ ਸਿੰਘ ਕੰਗ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਮੌਜੂਦ ਰਹੇ। ਇਸ ਦੌਰਾਨ ਸਭਾ ਵਲੋਂ ਸੱਤ ਹੋਣਹਾਰ ਅਧਿਆਪਕਾਂ ਨੂੰ ਯਾਦਗਾਰੀ ਚਿੰਨ੍ਹ ਦੇ ਨਾਲ ਦੁਸ਼ਾਲੇ ਭੇਟ ਕੀਤੇ ਗਏ। ਸਨਮਾਨਤ ਹੋਣ ਵਾਲੇ ਅਧਿਆਪਕਾਂ ਵਿਚ ਮਾਸਟਰ ਅਨੂਪ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਟਿੱਬੀ, ਤਰੁਣ ਤਲਵਾੜ ਆਰ.ਆਈ.ਈ.ਟੀ, ਇੰਜੀ. ਵਰਿੰਦਰ ਪੱਬੀ ਕੰਪਿਊਟਰ ਐਪਲੀਕੇਸ਼ਨ ਆਰ.ਆਈ.ਈ.ਟੀ, ਕੁਲਦੀਪ ਸਿੰਘ ਬਾਜਵਾ ਲੈਕਚਰਾਰ ਸਕੂਲ ਆਫ ਅਮਿਨੇਂਸ ਲੜਕੇ, ਮੈਡਮ ਰੇਨੂੰ ਅਨੰਦ ਹਿੰਦੀ ਅਧਿਆਪਕ ਸਕੂਲ ਆਫ ਅਮਿਨੇਂਸ ਲੜਕੇ ਮੈਡਮ ਸੰਗੀਤਾ ਸਕੂਲ ਆਫ ਅਮਿਨੈਂਸ ਲੜਕੇ ਅਤੇ ਮੈਡਮ ਤਨੂ ਹੇਅਰ ਐਂਡ ਸਕਿਨ ਕੇਅਰ ਅਧਿਆਪਕਾ ਸ਼ਾਮਲ ਸਨ। ਮੁੱਖ ਮਹਿਮਾਨ ਅਨੁਪਮ ਕਲੇਰ ਏ.ਡੀ.ਸੀ. ਕਮ ਕਮਿਸ਼ਨਰ ਨਗਰ ਨਿਗਮ ਨੇ ਸਮੂਹ ਅਧਿਆਪਕਾਂ ਨੂੰ ਟੀਚਰ ਡੇ ਦੀਆਂ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਚੰਗੇ ਸਮਾਜ ਦੀ ਉਸਾਰੀ ਅਧਿਆਪਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਜੋ ਵਿਦਿਆਰਥੀ ਜੀਵਨ ਤੋਂ ਹੀ ਬੱਚਿਆਂ ਵਿੱਚ ਆਪਣੇ ਗਿਆਨ ਤੇ ਚੰਗੇ ਸੰਸਕਾਰਾਂ ਦਾ ਸੰਚਾਰ ਕਰਦੇ ਹਨ। ਪਵਨ ਬੀਸਲਾ ਨੇ ਅਧਿਆਪਕਾਂ ਪ੍ਰਤੀ ਸਨਮਾਨ ਪ੍ਰਗਟ ਕਰਦਿਆਂ ਕਿਹਾ ਕਿ ਅਧਿਆਪਕ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਕੇ ਨਿਰੋਏ ਸਮਾਜ ਦੀ ਨੀਂਹ ਰੱਖਦੇ ਹਨ। ਅਖੀਰ ਵਿਚ ਸਕੂਲ ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ ਨੇ ਸਮੂਹ ਪਤਵੰਤਿਆਂ ਅਤੇ ਸਭਾ ਦਾ ਧੰਨਵਾਦ ਕੀਤਾ।

# ਡਿਪਟੀ ਕਮਿਸ਼ਨਰ ਨੇ ਸਰਕਾਰੀ ਹਾਈ ਸਕੂਲ ਦੁਬੇਟਾ ਦਾ ਕੀਤਾ ਅਚਨਚੇਤ ਦੌਰਾ

**ਨੰਗਲ, (ਸੁਰਜੀਤ ਸਿੰਘ)** ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਵੱਲੋਂ ਸਰਕਾਰੀ ਹਾਈ ਸਕੂਲ ਦੁਬੇਟਾ ਵਿਖੇ ਅਚਨਚੇਤ ਦੌਰਾ ਕਰਦਿਆਂ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਇਸ ਮੌਕੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦਾ ਬੁਨਿਆਦੀ ਢਾਂਚਾ ਮਜਬੂਤ ਕਰਨ ਦੇ ਨਾਲ-ਨਾਲ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਬੇਹਤਰੀਨ ਸਿੱਖਿਆ ਮੁਹੱਈਆ ਕਰਵਾਉਣਾ ਸਾਡੀ ਪਹਿਲੀ ਤਵੱਜੋਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਨਿਰੰਤਰ ਉਪਰਾਲਿਆਂ ਤਹਿਤ ਉਹ ਸਰਕਾਰੀ ਸਕੂਲਾਂ ਦਾ ਖੁਦ ਦੌਰਾ ਕਰ ਰਹੇ ਹਨ ਅਤੇ ਸਕੂਲਾਂ ਦੀਆਂ ਲੋੜਾਂ ਤੇ ਕਮੀਆਂ ਬਾਰੇ ਜਾਣਕਾਰੀ ਲੈ ਰਹੇ ਹਨ ਤਾਂ ਜੋ ਉਹਨਾਂ ਨੂੰ ਜਲਦ ਤੋਂ ਜਲਦ ਹੱਲ ਕਰਵਾਇਆ ਜਾ ਸਕੇ।ਉਨ੍ਹਾਂ ਵੱਲੋਂ ਸਕੂਲ ਦੇ ਸਟਾਫ ਦੇ ਨਾਲ ਗੱਲਬਾਤ ਵੀ ਕੀਤੀ ਗਈ ਤੇ ਸਕੂਲ ਸਟਾਫ ਨੂੰ ਹੋਣ ਵਾਲੀਆਂ ਮੁਸ਼ਕਲਾਂ ਸੰਬੰਧੀ ਵੀ ਜਾਣਕਾਰੀ ਲਈ ਗਈ ਅਤੇ ਉਨ੍ਹਾਂ ਨੂੰ ਜਲਦ ਤੋਂ ਜਲਦ ਹੱਲ ਕਰਨ ਦਾ ਭਰੋਸਾ ਵੀ ਦਿੱਤਾ। ਡਾ. ਪ੍ਰੀਤੀ ਯਾਦਵ ਵੱਲੋਂ ਸਕੂਲ ਦੇ ਬੱਚਿਆਂ ਨਾਲ ਪੜ੍ਹਾਈ ਦੀ ਗੁਣਵੱਤਾ ਨੂੰ ਲੈ ਕੇ ਗੱਲਬਾਤ ਕੀਤੀ ਗਈ ਅਤੇ ਬੱਚਿਆਂ ਨੂੰ ਸਵਾਲ-ਜਵਾਬ ਵੀ ਕੀਤੇ ਗਏ, ਜਿਸ ਦੇ ਵਿਦਿਆਰਥੀਆਂ ਵੱਲੋਂ ਤਸੱਲੀਬਖਸ਼ ਜਵਾਬ ਦਿੱਤੇ ਗਏ।

# ਖੇਡ ਸੱਭਿਆਚਾਰ ਨੂੰ ਪ੍ਰਫ਼ੁੱਲਿਤ ਕਰਨ 'ਚ 'ਖੇਡਾਂ ਵਤਨ ਪੰਜਾਬ ਦੀਆਂ' ਦਾ ਅਹਿਮ ਯੋਗਦਾਨ : ਡਾ. ਚੱਬੇਵਾਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਪੰਜਾਬ ਵਿਚ ਖੇਡ ਸੱਭਿਆਚਾਰ ਨੂੰ ਪ੍ਰਫ਼ੁੱਲਿਤ ਕਰਨ ਵਿਚ 'ਖੇਡਾਂ ਵਤਨ ਪੰਜਾਬ ਦੀਆਂ' ਦਾ ਅਹਿਮ ਯੋਗਦਾਨ ਹੈ।ਉਨ੍ਹਾਂ ਕਿਹਾ ਕਿ ਹਰ ਸਾਲ ਕਰਵਾਏ ਜਾਂਦੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਖੇਡ ਮੁਕਾਬਲਿਆਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਵੀਂ ਸੇਧ ਦਿੱਤੀ ਹੈ। ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਬਲਾਕ ਹੁਸ਼ਿਆਰਪੁਰ-2 ਦੇ ਖੇਡ ਮੁਕਾਬਲਿਆਂ ਦਾ ਉਦਘਾਟਨ ਕਰਨ ਮੌਕੇ ਖਿਡਾਰੀਆਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਸੂਬੇ ਵਿਚ 1 ਹਜ਼ਾਰ ਖੇਡ ਨਰਸਰੀਆਂ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚੋਂ 260 ਖੇਡ ਨਰਸਰੀਆਂ ਜਲਦੀ ਸ਼ੁਰੂ ਹੋ ਜਾਣਗੀਆਂ।ਪਹਿਲੀ ਵਾਰ ਖਿਡਾਰੀਆਂ ਨੂੰ ਖੇਡਾਂ ਦੀ ਤਿਆਰੀ ਲਈ 8 ਤੋਂ 15 ਲੱਖ ਰੁਪਏ ਦਿੱਤੇ ਗਏ ਅਤੇ ਕਰੋੜਾਂ ਰੁਪਏ ਦੇ ਨਕਦ ਇਨਾਮਾਂ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਚੰਗੀਆਂ ਨੌਕਰੀਆਂ ਵੀ ਦਿੱਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਉਲੰਪਿਕਸ ਵਿਚ ਪੰਜਾਬ ਦੇ 19 ਖਿਡਾਰੀਆਂ ਨੇ ਭਾਗ ਲਿਆ ਹੈ, ਜੋ ਕਿ ਸੂਬੇ ਲਈ ਮਾਣ ਵਾਲੀ ਗੱਲ ਹੈ।ਇਸ ਦੌਰਾਨ ਉਨ੍ਹਾਂ ਦੱਸਿਆ ਕਿ ਪਿੰਡ ਦੇ ਸਟੇਡੀਅਮ ਲਈ 15 ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਹੈ ਤਾਂ ਜੋ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਿਆ ਜਾ ਸਕੇ।

ਇਸ ਮੌਕੇ ਡਾ. ਇਸ਼ਾਂਕ, ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ, ਸਕੂਲ ਪ੍ਰਿੰਸੀਪਲ ਮਲਕੀਤ ਕੌਰ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪ੍ਰੀਤ ਕੋਹਲੀ, ਜ਼ਿਲ੍ਹਾ ਖੇਡ ਕੋਆਰਡੀਨੇਟਰ ਜਗਜੀਤ ਸਿੰਘ, ਤੈਰਾਕੀ ਕੋਚ ਨਿਤਿਸ਼ ਠਾਕੁਰ, ਅਥਲੈਟਿਕਸ ਕੋਚ ਬਲਬੀਰ ਕੌਰ, ਲੈਕਚਰਾਰ ਪ੍ਰਭਜੋਤ ਸਿੰਘ, ਰਜਨੀਸ਼ ਕੁਮਾਰ ਗੁਲਿਆਨੀ, ਲੈਕਚਰਾਰ ਮੁਨੀਸ਼ ਮੌਦਗਿਲ, ਗੁਰਪ੍ਰੀਤ ਕੌਰ, ਲੈਕਚਰਾਰ ਹਰਿੰਦਰ ਸੈਣੀ, ਰਾਜਾ ਸਿੰਘ ਪੱਟੀ, ਲੈਕਚਰਾਰ ਉਪਿੰਦਰਜੀਤ ਸਿੰਘ, ਅਮਰਜੀਤ ਰਾਏ, ਰੇਖਾ, ਗੁਰਮੀਤ ਸਿੰਘ, ਗੁਰਸੇਵਕ ਸਿੰਘ ਆਦਿ ਹਾਜ਼ਰ ਸਨ।

# ਐੱਨ ਓ ਸੀ ਖਤਮ ਹੋਣ ਨਾਲ ਜਨਤਾ ਨੂੰ ਵੱਡੀ ਰਾਹਤ : ਜਲਾਲਪੁਰ

**ਬਲਾਚੌਰ (ਜਸਵਿੰਦਰ ਬੈਂਸ)** ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵਿਧਾਨ ਸਭਾ ਵਿੱਚ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਸੋਧ ਬਿੱਲ ਪਾਸ ਕਰਕੇ ਸੂਬੇ ਦੇ ਲੋਕਾਂ ਅਤੇ ਛੋਟੇ ਪ੍ਰਾਪਰਟੀ ਵਪਾਰੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਸ਼ਹੀਦ ਭਗਤ ਸਿੰਘ ਨਗਰ ਤੋਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਤਨਾਮ ਜਲਾਲਪੁਰ ਨੇ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਲਏ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਸਮੇਂ ਸਮੇਂ-ਸਮੇਂ 'ਤੇ ਸਰਕਾਰ ਦੇ ਕਹਿਣ 'ਤੇ ਨਿਯਮਾਂ ਨੂੰ ਛਿੱਕੇ ਟੰਗ ਕੇ ਨਾਜਾਇਜ਼ ਕਲੋਨੀਆਂ ਵਿਕਸਤ ਕੀਤੀਆਂ ਗਈਆਂ। ਇਨ੍ਹਾਂ ਕਲੋਨੀਆਂ ਵਿੱਚ ਪਲਾਟ ਖਰੀਦਣ ਅਤੇ ਵੇਚਣ ਵਾਲੇ ਲੋਕਾਂ ਨੂੰ ਬਾਅਦ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਹੁਣ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਦੀ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦਿਆਂ ਬੀਤੇ ਦਿਨੀਂ ਵਿਧਾਨ ਸਭਾ 'ਚ ਸੋਧ ਬਿੱਲ ਪਾਸ ਕਰਕੇ ਲੋਕਾਂ ਨੂੰ ਤੋਹਫਾ ਦਿੱਤਾ ਹੈ ਪ੍ਰਾਪਰਟੀ ਵੀ ਵੱਡੀ ਰਾਹਤ ਮਹਿਸੂਸ ਕਰ ਰਹੇ ਹਨ ਕਿਉਂਕਿ ਉਨ੍ਹਾਂ ਦਾ ਕਾਰੋਬਾਰ ਐੱਨ ਓ ਸੀ ਦੀ ਹਾਲਤ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਸਨ।ਆਮ ਲੋਕ ਨਿਗਮ ਜਾਂ ਤਹਿਸੀਲਾਂ ਦੇ ਗੇੜੇ ਮਾਰ-ਮਾਰ ਕੇ ਥੱਕ ਜਾਂਦੇ ਸਨ ਪਰ ਹੁਣ ਉਨ੍ਹਾਂ ਨੂੰ ਅਜਿਹੀ ਕੋਈ ਸਮੱਸਿਆ ਨਹੀਂ ਆਵੇਗੀ।ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਭਵਿੱਖ ਵਿੱਚ ਵੀ ਆਮ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਇਸੇ ਤਰ੍ਹਾਂ ਦੇ ਸ਼ਲਾਘਾਯੋਗ ਉਪਰਾਲੇ ਜਾਰੀ ਰੱਖੇਗੀ।

# ਦਿਹਾਤੀ ਮਜ਼ਦੂਰ ਸਭਾ ਤੇ ਜਮਹੂਰੀ ਕਿਸਾਨ ਸਭਾ ਵੱਲੋਂ ਚੌਕੀ ਦਾ ਘਿਰਾਓ



**ਕਾਲਾ ਸੰਘਿਆਂ (ਮਨਜੀਤ ਮਾਨ)** ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਉੱਗੀ ਦੀ ਪੁਲਸ ਚੌਕੀ ਦਾ ਦਿਹਾਤੀ ਮਜ਼ਦੂਰ ਸਭਾ ਤੇ ਜਮਹੂਰੀ ਕਿਸਾਨ ਸਭਾ ਦੇ ਸਾਂਝੇ ਮੰਚ ਵੱਲੋਂ ਘਿਰਾਓ ਕੀਤਾ ਗਿਆ ਤੇ ਉੱਗੀ ਪੁਲਸ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਤੇ ਆਰ ਐਮ ਪੀ ਆਈ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ ਤੇ ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮਨੋਹਰ ਸਿੰਘ ਗਿੱਲ ਨੇ ਕਿਹਾ ਕਿ ਪੁਲਸ ਚੌਕੀ ਦੇ ਨਵੇਂ ਆਏ ਚੌਕੀ ਇੰਚਾਰਜ ਵੱਲੋਂ ਉਨ੍ਹਾਂ ਦੀ ਵਰਕਰ ਨਾਲ ਜੋ ਕਿਸੇ ਫੈਸਲੇ ਦੇ ਸੰਬੰਧ ਵਿੱਚ ਪੁਲਸ ਚੌਕੀ ਉੱਗੀ ਵਿਖੇ ਆਏ ਸਨ ਨਾਲ ਬਦਸਲੂਕੀ ਕੀਤੀ ਗਈ, ਜਿਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਥਾਣਾ ਸਦਰ ਦੇ ਮੁਖੀ ਐਸ ਐੱਚ ਓ ਬਲਜਿੰਦਰ ਸਿੰਘ ਵੱਲੋਂ ਭਰੋਸਾ ਦੇ ਕੇ ਧਰਨਾਕਾਰੀਆਂ ਦਾ ਧਰਨਾ ਚੁਕਵਾਇਆ। ਇਸ ਮੌਕੇ ਬਲਕਾਰ ਸਿੰਘ ਨੂਰਪੁਰੀ, ਬਲਵਿੰਦਰ ਸਿੰਘ ਉੱਗੀ, ਸਤਨਾਮ ਸਿੰਘ ਉੱਗੀ, ਮਾਸਟਰ ਬਲਦੇਵ ਸਿੰਘ ਉੱਗੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਬਲਵਿੰਦਰ ਸਿੰਘ ਉੱਗੀ, ਮਾਸਟਰ ਬਲਕਾਰ ਸਿੰਘ ਨੂਰਪੁਰ ਚੱਠਾ, ਡਾਕਟਰ ਗੁਰਮੇਲ ਸਿੰਘ ਟੁਰਨਾ ਮਲਸੀਆਂ ਵਾਲੇ, ਸਤਨਾਮ ਸਿੰਘ ਉੱਗੀ, ਸਤਨਾਮ ਸਿੰਘ ਉੱਗੀ ਸੇਵਾ ਮੁਕਤ ਪੰਜਾਬ ਰਾਮ ਬਿਜਲੀ ਬੋਰਡ, ਸੁਖਵਿੰਦਰ ਸਿੰਘ ਰਸੂਲਪੁਰ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ 'ਤੇ ਹਾਜ਼ਰ ਸਨ।

# ਵਿਦਿਆਰਥੀ ਦੇ ਭਵਿੱਖ ਨੂੰ ਉੱਜਵਲ ਬਣਾਉਣ 'ਚ ਅਧਿਆਪਕ ਦਾ ਅਹਿਮ ਰੋਲ : ਰਾਜਿੰਦਰ ਮਾਰਸ਼ਲ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ )**- ਹਰੇਕ ਵਿਦਿਆਰਥੀ ਦੇ ਭਵਿੱਖ ਨੂੰ ਉੱਜਵਲ ਬਣਾਉਣ ਲਈ ਉਸਦੇ ਮਾਤਾ-ਪਿਤਾ ਦੇ ਨਾਲ ਨਾਲ ਅਧਿਆਪਕ ਦਾ ਵੀ ਅਹਿਮ ਰੋਲ ਹੁੰਦਾ ਹੈ। ਇਸ ਸੰਬੰਧੀ ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਅਧਿਆਪਕ ਦਿਵਸ ਮੌਕੇ ਦੇਸ਼ ਦੇ ਹਰ ਅਧਿਆਪਕ ਨੂੰ ਵਧਾਈ ਦਿੰਦੇ ਆ ਕਿਹਾ ਕਿ ਅਧਿਆਪਕ ਦਾ ਦਰਜਾ ਗੁਰੂ ਦੇ ਬਰਾਬਰ ਹੈ।ਉਹਨਾਂ ਕਿਹਾ ਕਿ ਇਹ ਪ੍ਰਥਾ 1962 ਤੋਂ ਚੱਲੀ ਆ ਰਹੀ ਹੈ ਜਦੋਂ ਦੇਸ਼ ਦੇ ਰਾਸ਼ਟਰਪਤੀ ਡਾ. ਰਾਧਾਕ੍ਰਿਸ਼ਨ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਸੀ ਉਸ ਸਮੇਂ ਉਹਨਾਂ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਉਹਨਾਂ ਨੂੰ ਸਨਮਾਨਿਤ ਕਰਨ ਲਈ ਆਏ ਸਨ।ਵਿਦਿਆਰਥੀਆਂ ਨੇ ਉਹਨਾਂ ਦਾ ਸਨਮਾਨ ਕਰਦਿਆਂ ਕਿਹਾ ਕਿ ਅੱਜ ਅਸੀਂ ਜਿਸ ਮੁਕਾਮ 'ਤੇ ਹਾਂ ਉਹਨਾਂ ਦੀ ਦਿੱਤੀ ਸਿੱਖਿਆ ਸਦਕਾ ਹੀ ਹਾਂ।ਉਹਨਾਂ ਕਿਹਾ ਕਿ ਦੁਨੀਆਂ ਦਾ ਹਰ ਵਿਦਿਆਰਥੀ ਅਤੇ ਹਰੇਕ ਵਿਅਕਤੀ ਚਾਹੁੰਦਾ ਹੈ ਕਿ ਜੀਵਨ ਵਿੱਚ ਅਜਿਹਾ ਗੁਰੂ ਹੋਵੇ ਜੋ ਉਸਦੀ ਮੰਜ਼ਲ ਨੂੰ ਪ੍ਰਾਪਤ ਕਰਨ ਲਈ ਸਹੀ ਰਸਤਾ ਦਿਖਾ ਸਕੇ।ਹਰੇਕ ਵਿਦਿਆਰਥੀ ਨੂੰ ਆਪਣੇ ਅਧਿਆਪਕ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ ਜੋ ਉਹ ਉਹਨਾਂ ਵੱਲੋਂ ਦਿੱਤੀ ਸਿੱਖਿਆ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ ਆਪਣੀ ਮੰਜ਼ਲ ਹਾਸਲ ਕਰ ਸਕੇ।

6-SEP-PAGE-9.qxd 9/5/2024 10:27 PM Page 1



# ਐੱਸ ਡੀ ਐੱਮ ਹੁਸ਼ਿਆਰਪੁਰ ਦਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਵੱਲੋਂ ਬਾਈਕਾਟ ਜਾਰੀ ਰਹੇਗਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਐਸ ਡੀ ਐਮ ਹੁਸ਼ਿਆਰਪੁਰ ਵੱਲੋਂ ਸੀਨੀਅਰ ਵਕੀਲ ਨਾਲ ਕੀਤੀ ਬਦ ਕਲਾਮੀ ਅਤੇ ਅਪਮਾਨ ਦੇ ਮੁੱਦੇ 'ਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦੀ ਇਕ ਹੰਗਾਮੀ ਮੀਟਿੰਗ ਬਾਰ ਰੂਮ ਵਿਖੇ ਹੋਈ।ਮੀਟਿੰਗ ਵਿੱਚ ਹਾਜ਼ਰ ਵਕੀਲ ਸਾਹਿਬਾਨਾਂ ਨੇ ਐਸ ਡੀ ਐਮ ਹੁਸ਼ਿਆਰਪੁਰ ਦੇ ਰਵੱਈਏ 'ਤੇ ਆਪਣਾ ਗੁੱਸਾ ਜ਼ਾਹਿਰ ਕੀਤਾ। ਬਾਰ ਦਾ ਇਕ ਵਫ਼ਦ ਪ੍ਰਧਾਨ ਰਣਜੀਤ ਕੁਮਾਰ ਐਡਵੋਕੇਟ ਦੀ ਸਰਪ੍ਰਸਤੀ ਵਿੱਚ ਮਾਨਯੋਗ ਡੀ ਸੀ ਸਾਹਿਬ ਨੂੰ ਵੀ ਮਿਲਿਆ ਸੀ, ਪਰ ਗੱਲਬਾਤ ਬੇ-ਨਤੀਜਾ ਰਹੀ। ਜਿਸ ਕਰਕੇ ਜਿਲ੍ਹਾ ਬਾਰ ਐਸੋਸੀਏਸ਼ਨ ਵੱਲੋਂ ਸਰਬ ਸਹਿਮਤੀ ਨਾਲ ਐਸ ਡੀ ਐਮ ਹੁਸ਼ਿਆਰਪੁਰ ਦੇ ਬਾਈਕਾਟ ਨੂੰ ਉਨ੍ਹਾਂ ਵਲੋਂ ਸੀਨੀਅਰ ਵਕੀਲ ਸਾਹਿਬਾਨਾਂ ਪਾਸੋ ਮੁਆਫੀ ਮੰਗਣ ਤੱਕ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ। ਪ੍ਰਧਾਨ ਜਿਲ੍ਹਾ ਬਾਰ ਐਸੋਸੀਏਸ਼ਨ ਨੇ ਕਿਹਾ ਕਿ ਵਕੀਲ ਸਾਹਿਬਾਨਾਂ ਅਤੇ ਸੰਸਥਾ ਦੇ ਸਨਮਾਨ ਵਾਸਤੇ ਉਹ ਕਿਸੇ ਵੀ ਪ੍ਰਕਾਰ ਦੇ ਸੰਘਰਸ਼ ਤੋਂ ਪਿੱਛੇ ਨਹੀਂ ਹੱਟਣਗੇ।ਮੀਟਿੰਗ ਦੌਰਾਨ ਰਜਨੀ ਨੰਦਾ ਜਨਰਲ ਸਕੱਤਰ, ਨਿਪੁਨ ਸ਼ਰਮਾ ਸਕੱਤਰ, ਰੋਮਨ ਸੱਭਰਵਾਲ ਖਜਾਨਚੀ, ਅੰਜੂ ਬਾਲਾ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਸਾਬਕਾ ਪ੍ਰਧਾਨ ਵਰਿੰਦਰ ਕੁਮਾਰ ਮੇਨਨ, ਪਲਵਿੰਦਰ ਸਿੰਘ ਘੁੰਮਣ, ਆਰ ਪੀ ਧੀਰ, ਕੁਲਦੀਪ ਸਿੰਘ, ਅਸ਼ੋਕ ਵਾਲਿਆ ਅਤੇ ਸੀਨਿਅਰ ਵਕੀਲ ਸ਼੍ਰੀ ਏਕੇ ਸੋਨੀ, ਕੇ ਸੀ ਮਹਾਜਨ, ਭੱਜਣਾ ਰਾਮ ਦਾਦਰਾ, ਲਸ਼ਕਰ ਸਿੰਘ, ਸਰਬਜੀਤ ਸਹੋਤਾ, ਧਰਮਿੰਦਰ ਦਾਦਰਾ, ਸੁਨੀਲ ਕੁਮਾਰ ਪਾਲਵਿੰਦਰ ਮਾਨਾ, ਰਾਕੇਸ਼ ਮਰਵਾਹਾ, ਲਵਕੇਸ਼ ਓਹਰੀ, ਅਜੈ ਵਾਲੀਆ, ਰਾਕੇਸ਼ ਕੁਮਾਰ, ਪਾਵਨ ਬੱਧਣ, ਵਿਕਰਮ, ਰਾਕੇਸ਼, ਰਿਤੂ ਸ਼ਰਮਾ, ਰਾਜਵਿੰਦਰ ਕੌਰ, ਮੋਨਿਕਾ, ਸ਼ਿਵਾਂਗੀ ਅਤੇ ਸਿਧਾਂਤ ਚੋਧਰੀ, ਨਕੁਲ ਆਦੀ ਵੀ ਹਾਜ਼ਰ ਸਨ।

# ਸੀ ਪੀ ਆਈ ਨਵਾਂਸ਼ਹਿਰ ਵੱਲੋਂ ਏ ਡੀ ਸੀ ਨੂੰ ਮੰਗ ਪੱਤਰ



**ਬੰਗਾ (ਅਵਤਾਰ ਕਲੇਰ)** ਭਾਰਤੀ ਕਮਿਊਨਿਸਟ ਪਾਰਟੀ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਸਕੱਤਰ ਨਰੰਜਣ ਦਾਸ ਮੇਹਲੀ ਅਤੇ ਜ਼ਿਲ੍ਹਾ ਮੀਤ ਸਕੱਤਰ ਜਸਵਿੰਦਰ ਸਿੰਘ ਭੰਗਲ ਦੀ ਅਗਵਾਈ ਹੇਠ ਪ੍ਰਧਾਨ ਮੰਤਰੀ ਦੇ ਨਾਮ ਏ ਡੀ ਸੀ ਨਵਾਂਸ਼ਹਿਰ ਨੂੰ ਮੰਗ ਪੱਤਰ ਦਿੱਤਾ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਰੰਜਣ ਦਾਸ ਮੇਹਲੀ ਅਤੇ ਜਸਵਿੰਦਰ ਸਿੰਘ ਭੰਗਲ ਨੇ ਕਿਹਾ ਕਿ ਰੋਜ਼ਾਨਾ ਮਜ਼ਦੂਰੀ ਕਰ ਕੇ ਆਪਣਾ ਅਤੇ ਆਪਣੇ ਬੱਚਿਆਂ ਦਾ ਪੇਟ ਪਾਲ ਰਹੇ ਮਜ਼ਦੂਰਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਗਰੀਬ ਲੋਕ ਇਲਾਜ ਦੁੱਖੋਂ ਮਰ ਰਹੇ ਹਨ ।ਗਰੀਬ ਲੋਕਾਂ ਦੇ ਰਾਸ਼ਨ ਕਾਰਡ ਨਜਾਇਜ਼ ਤੌਰ 'ਤੇ ਕੱਟੇ ਗਏ ਹਨ।ਉਨ੍ਹਾਂ ਕਾਰਡਾਂ ਨੂੰ ਬਹਾਲ ਕਰਨ ਲਈ ਦਫਤਰ ਦੇ ਚੱਕਰ ਲਗਾਉਂਦੇ ਹਨ ਤਾਂ ਦਫਤਰ ਵਾਲੇ ਸਾਈਟ ਬੰਦ ਦਾ ਬਹਾਨਾ ਬਣਾ ਕੇ ਟਾਲ ਦਿੰਦੇ ਹਨ।ਹੁਣ ਇਹਨਾਂ ਕਾਰਡਾਂ ਨੂੰ ਅਪਡੇਟ ਕਰਵਾਉਣ ਲਈ 30 ਸਤੰਬਰ ਦੇ ਹੁਕਮ ਜਾਰੀ ਕੀਤੇ ਗਏ ਹਨ ਜੋ ਕਿ ਸਮਾਂ ਬਹੁਤ ਹੀ ਘੱਟ ਹੈ।ਸੋ ਇਸ 30 ਸਤੰਬਰ ਦੀ ਸ਼ਰਤ ਨੂੰ ਖ਼ਤਮ ਕੀਤਾ ਜਾਵੇ।ਜੋ ਨਜਾਇਜ਼ ਤੌਰ 'ਤੇ ਰਾਸ਼ਨ ਕਾਰਡ ਕੱਟੇ ਹੋਏ ਹਨ ਉਨ੍ਹਾਂ ਨੂੰ ਫੌਰੀ ਤੌਰ 'ਤੇ ਬਹਾਲ ਕੀਤਾ ਜਾਵੇ।ਇਸ ਮੌਕੇ ਬਲਜਿੰਦਰ ਸਿੰਘ, ਗੁਰਿੰਦਰ ਲਾਲ, ਜਸਵਿੰਦਰ ਰਾਹੋਂ, ਸੰਤੋਖ ਪਾਲ, ਨਰਿੰਦਰ ਕਾਲੀਆਂ, ਗੁਰਮੁੱਖ ਸਿੰਘ ਫਰਾਲਾ ਆਦਿ ਸਾਥੀ ਹਾਜ਼ਰ ਸਨ।

# ਵਿੱਕੀ ਘਨੌਰ ਵੱਲੋਂ ਡਰੱਗ ਵੇਅਰ ਹਾਊਸ ਖਰੜ ਦਾ ਅਚਨਚੇਤ ਦੌਰਾ



**ਖਰੜ : (ਹਰਨਾਮ ਸਿੰਘ ਡੱਲਾ)** ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਵੱਲੋਂ ਸਬ ਡਿਵੀਜ਼ਨਲ ਹਸਪਤਾਲ ਖਰੜ ਅਤੇ ਰੀਜਨਲ ਡਰੱਗ ਵੇਅਰ ਹਾਊਸ ਖਰੜ ਦਾ ਅਚਨਚੇਤ ਦੌਰਾ ਕੀਤਾ ਗਿਆ।ਇਸ ਦੌਰੇ ਦੌਰਾਨ ਉਹਨਾਂ ਹਸਪਤਾਲ ਦੇ ਵਿੱਚ ਮੌਜੂਦ ਲੋਕਾਂ ਦੇ ਨਾਲ ਗੱਲਬਾਤ ਕਰਕੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਸੰਬੰਧੀ ਫ਼ੀਡਬੈਕ ਲਿਆ।ਉਪ ਚੇਅਰਮੈਨ ਨੇ ਦੌਰੇ ਦੌਰਾਨ ਸਬ ਡਿਵੀਜ਼ਨਲ ਹਸਪਤਾਲ ਖਰੜ ਦੇ ਹਰ ਇੱਕ ਵਾਰਡ/ਕਮਰੇ ਵਿੱਚ ਜਾ ਕੇ, ਮਰੀਜ਼ਾਂ ਨੂੰ ਦਰਪੇਸ਼ ਸਮੱਸਿਆਵਾਂ ਸੰਬੰਧੀ ਜਾਣਕਾਰੀ ਇਕੱਤਰ ਕੀਤੀ ਅਤੇ ਲੋਕਾਂ ਨੂੰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਅਤੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾਣ ਵਾਲੀਆਂ ਉਚ ਦਰਜੇ ਦੀਆਂ ਸਹੂਲਤਾਂ ਦਾ ਜਲਦ ਪ੍ਰਬੰਧ ਕਰਨ ਦਾ ਵੀ ਭਰੋਸਾ ਦਿੱਤਾ।

ਇਸ ਮੌਕੇ ਪੱਤਰਕਾਰਾਂ ਦੇ ਨਾਲ ਗੱਲਬਾਤ ਕਰਦਿਆਂ ਹੋਇਆਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਦੱਸਿਆ ਕਿ ਅਚਨਚੇਤ ਦੌਰੇ ਦੌਰਾਨ ਸਬ ਡਿਵੀਜ਼ਨਲ ਹਸਪਤਾਲ ਖਰੜ ਦੇ ਵਿੱਚ ਲੋਕਾਂ ਦੇ ਨਾਲ ਗੱਲਬਾਤ ਕੀਤੀ ਗਈ ਅਤੇ ਉਹਨਾਂ ਕਿਹਾ ਕਿ ਕੁਝ ਕਮੀਆਂ ਉਹਨਾਂ ਦੇ ਧਿਆਨ ਦੇ ਵਿੱਚ ਆਈਆਂ ਹਨ ਜੋ ਜਲਦ ਦੂਰ ਕਰ ਦਿਤੀਆਂ ਜਾਣਗੀਆਂ।ਉਹਨਾਂ ਕਿਹਾ ਕਿ ਜੋ ਛੋਟੀਆਂ-ਮੋਟੀਆਂ ਕਮੀਆਂ ਹਨ, ਉਹਨਾਂ ਨੂੰ ਵਿਭਾਗ ਦੇ ਵੱਲੋਂ ਜਲਦ ਦੂਰ ਕੀਤਾ ਜਾਵੇਗਾ।ਉਹਨਾਂ ਕਿਹਾ ਕਿ ਖਰੜ ਹਸਪਤਾਲ ਦਾ ਸਾਰਾ ਹੀ ਸਟਾਫ ਬਹੁਤ ਹੀ ਲਗਨ ਦੇ ਨਾਲ ਆਪਣੀ ਡਿਊਟੀ ਨੂੰ ਕਰ ਰਿਹਾ ਹੈ।

## ਮਾਮਲਾ ਮਹਿਲ ਗਹਿਲਾ ਵਿਖੇ ਨੌਜਵਾਨ ਵੱਲੋਂ ਕੀਤੀ ਖ਼ੁਦਕੁਸ਼ੀ ਦਾ :

# ਪੁਲਸ ਵੱਲੋਂ ਕੀਤੀ 174 ਕਾਰਵਾਈ 'ਤੇ ਮ੍ਰਿਤਕ ਦੇ ਪਰਵਾਰਕ ਤੇ ਹੋਰ ਕਰੀਬੀਆਂ ਨੇ ਧਰਨਾ ਲਾ ਟ੍ਰੈਫਿਕ ਜਾਮ



**ਬੰਗਾ (ਅਵਤਾਰ ਕਲੇਰ)** ਬੰਗਾ ਮੁੱਖ ਮਾਰਗ ਤੇ ਸਥਿਤੀ ਤਣਾਉਪੂਰਨ ਹੋ ਗਈ ਜਦੋਂ ਨਜ਼ਦੀਕੀ ਪੈਂਦੇ ਪਿੰਡ ਮਾਹਿਲ ਗਹਿਲਾ ਵਿਖੇ ਧਰਮਵੀਰ ਸੁਮਨ ਨਾਮੀ ਨੌਜਵਾਨ ਵੱਲੋਂ ਬੀਤੇ ਦਿਨ ਘਰ ਅੰਦਰ ਫਾਹਾ ਲੈ ਆਪਣੀ ਜੀਵਨ ਲੀਲਾ ਨੂੰ ਸਮਾਪਤ ਕਰ ਲਿਆ ਸੀ। ਨੌਜਵਾਨ ਵੱਲੋਂ ਕੀਤੀ ਖ਼ੁਦਕੁਸ਼ੀ ਦੀ ਸੂਚਨਾ ਮਿਲਦੇ ਥਾਣਾ ਸਦਰ ਬੰਗਾ ਦੇ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਮ੍ਰਿਤਕ ਧਰਮਵੀਰ ਸੁਮਨ ਦੀ ਮ੍ਰਿਤਕ ਦੇਹ ਨੂੰ ਕਬਜ਼ੇ ਵਿੱਚ ਲੈ ਕੇ ਉਸਦੀ ਪਤਨੀ ਪਰਮਿੰਦਰ ਕੌਰ ਦੇ ਬਿਆਨਾਂ 'ਤੇ 174 ਦੀ ਕਾਰਵਾਈ ਕਰ ਨੂੰ ਅਮਲ ਵਿੱਚ ਲਿਆਂਦੀ।ਜਿਸ ਤੋਂ ਬਾਅਦ ਗੁੱਸੇ ਵਿੱਚ ਆਏ ਮ੍ਰਿਤਕ ਨੌਜਵਾਨ ਧਰਮਵੀਰ ਸੁਮਨ ਦੇ ਪਿਤਾ ਗੁਰਮੁੱਖ ਰਾਮ ਅਤੇ ਭਰਾ ਸਤਪਾਲ ਸੁਮਨ, ਰਾਜ ਕੁਮਾਰ ਸੁਮਨ ਨੇ ਪਰਿਵਾਰਕ ਮੈਂਬਰਾ ਅਤੇ ਹੋਰ ਕਰੀਬੀ ਦੋਸਤਾ ਅਤੇ ਪਿੰਡ ਨਿਵਾਸੀ ਨੂੰ ਨਾਲ ਲੈ ਕੇ ਪਹਿਲਾ ਥਾਣਾ ਸਦਰ ਦਾ ਘਿਰਾਓ ਕੀਤਾ ਅਤੇ ਫਿਰ ਬੰਗਾ ਫਗਵਾੜਾ ਮੁੱਖ ਮਾਰਗ ਤੇ ਧਰਨਾ ਲਾ ਟ੍ਰੈਫਿਕ ਨੂੰ ਜਾਮ ਕਰ ਦਿੱਤਾ।ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਧਰਮਵੀਰ ਸੁਮਨ ਨੂੰ ਫਾਹਾ ਲੈਣ ਲਈ ਇਕ ਨਿੱਜੀ ਫਾਈਨਾਂਸਰ ਅਤੇ ਉਸ ਦੇ ਸਾਲੇ ਨੇ ਮਜ਼ਬੂਰ ਕੀਤਾ ਹੈ, ਜਿਨ੍ਹਾਂ 'ਤੇ ਪੁਲਸ ਕਾਨੂੰਨ ਮੁਤਾਬਿਕ ਕਾਰਵਾਈ ਕਰ ਮਾਮਲਾ ਦਰਜ਼ ਕਰੇ।ਪਰ ਦੂਜੇ ਪਾਸੇ ਪੁਲਸ ਦਾ ਤਰਕ ਸੀ ਕਿ ਉਨ੍ਹਾਂ ਨੇ ਮ੍ਰਿਤਕ ਦੀ ਪਤਨੀ ਪਰਮਿੰਦਰ ਕੌਰ ਜੋ ਉਸਦੇ ਨਾਲ ਰਹਿੰਦੀ ਹੈ ਦੁਆਰਾ ਦਿੱਤੇ ਬਿਆਨਾਂ 'ਤੇ ਹੀ 174 ਦੀ ਕਾਰਵਾਈ ਕੀਤੀ ਗਈ ਹੈ।ਪਰ ਉਕਤ ਮਾਮਲੇ ਨੂੰ ਲੈ ਕੇ ਦੇਰ ਸ਼ਾਮ ਤੱਕ ਪ੍ਰਦਸ਼ਨਕਾਰੀ ਮ੍ਰਿਤਕ ਦੇ ਸਾਲੇ ਅਤੇ ਨਿੱਜੀ ਫਾਈਨਾਂਸਰ ਖਿਲਾਫ ਧਰਮਵੀਰ ਨੂੰ ਮਰਨ ਲਈ ਮਜ਼ਬੂਰ ਕਰਨ ਨੂੰ ਲੈ ਕੇ ਮਾਮਲਾ ਦਰਜ਼ ਕਰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਜਿੱਦ 'ਤੇ ਅੜੇ ਰਹੇ ਉਨ੍ਹਾਂ ਦਾ ਕਹਿਣਾ ਸੀ ਕਿ ਉਕਤ ਦੋਨਾ ਵੱਲੋਂ ਹੀ ਉਸ ਨੂੰ ਮਰਨ ਲਈ ਮਜ਼ਬੂਰ ਕੀਤਾ ਗਿਆ ਹੈ ਅਤੇ ਜੇਕਰ ਉਨ੍ਹਾਂ ਖਿਲਾਫ ਕਾਰਵਾਈ ਨਾ ਹੋਈ ਤਾ ਉਹ ਧਰਨਾ ਨਹੀ ਚੁੱਕਣਗੇ।ਮਾਹੌਲ ਵਿਗੜਦਾ ਦੇਖ ਐਸ ਐਚ ਓ ਸਤਨਾਮ ਸਿੰਘ ਨੇ ਮਾਮਲੇ ਦੀ ਸਾਰੀ ਜਾਣਕਾਰੀ ਆਪਣੇ ਉੱਚ ਅਧਿਕਾਰੀ ਦੇ ਧਿਆਨ ਵਿੱਚ ਲਿਆਂਦੀ ਜਿਸ ਤੋਂ ਉੱਚ ਅਧਿਕਾਰੀ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾ 'ਤੇ ਮ੍ਰਿਤਕ ਧਰਮਵੀਰ ਦੇ ਭਰਾ ਸਤਪਾਲ ਸੁਮਨ ਅਤੇ ਰਾਜ ਕੁਮਾਰ ਦੁਆਰਾ ਦਿੱਤੇ ਬਿਆਨਾਂ 'ਤੇ ਮ੍ਰਿਤਕ ਦੇ ਸਾਲੇ ਬੰਟੀ ਪੁੱਤਰ ਨਿਰਮਲ, ਸੰਤੋਖ ਪੁੱਤਰ ਚੈਨ ਦੋਨੋ ਨਿਵਾਸੀ ਚੱਕ ਮੰਡੇਰ ਖਿਲਾਫ ਦਰਜ਼ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਮ੍ਰਿਤਕ ਦੀ ਮ੍ਰਿਤਕ ਦੇਹ ਪੋਸਟ ਮਾਰਟਮ ਉਪਰੰਤ ਵਾਰਸਾ ਦੇ ਹਵਾਲੇ ਕਰ ਦਿੱਤੀ।ਜਿਸ ਤੋ ਬਾਅਦ ਪ੍ਰਦਰਸ਼ਨਕਾਰੀਆਂ ਨੇ ਜਾਮ ਖੋਲ ਦਿੱਤਾ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੋਟ ਫਤੂਹੀ ਵਿਖੇ ਬੂਟੇ ਦਿੱਤੇ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਅਤੇ ਸੰਤ ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲੇ ਦਾ ਜੱਦੀ ਪਿੰਡ ਨਡਾਲੋਂ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸੰਸਥਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ।ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵਲੋਂ ਵਾਤਾਵਰਨ ਸ਼ੁੱਧ 'ਤੇ ਬੇਹਤਰੀ ਲਈ ਬੂਟਿਆਂ ਦੇ ਲੰਗਰ ਲਗਾਤਾਰ ਜਾਰੀ ਨੇ ਸੰਸਥਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕੋਟ ਫਤੂਹੀ ਵਿਖੇ ਦਵਾਈਆਂ ਵਾਲੇ, ਛਾਂ ਵਾਲੇ ਅਤੇ ਫ਼ਲਦਾਰ ਬੂਟੇ ਦਿਤੇ ਗਏ।ਆਓ ਕੁਦਰਤ ਨਾਲ ਪਿਆਰ ਪਾਈਏ ਵੱਧ ਤੋਂ ਵੱਧ ਬੂਟੇ ਲਗਾਈਏ।ਸਾਨੂੰ ਪਿੰਡ ਦੀਆਂ ਜਿੰਨੀਆਂ ਵੀ ਸਾਂਝੀਆਂ ਥਾਵਾਂ ਨੇ ਉਥੇ ਜਗ੍ਹਾ ਖਾਲੀ ਹੈ ਤਾਂ ਉੱਥੇ ਬੂਟੇ ਜਰੂਰ ਲਗਾਣੇ ਚਾਹੀਦੇ ਨੇ।

ਕੁਦਰਤ ਦੀ ਸੰਭਾਲ ਲਈ ਵੱਧ ਤੋਂ ਵੱਧ ਬੂਟੇ ਲਗਾਓ। ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਪ੍ਰਿੰਸੀਪਲ ਪਰਮਿੰਦਰ ਕੁਮਾਰ, ਸੁਮੀਤ ਪਾਲ ਸਿੰਘ ਅਜਨੋਹਾ, ਕੈਂਪ ਮੈਨੇਜਰ ਚਮਕੌਰ ਸਿੰਘ, ਗੁਰਮਤਿ ਸਿੰਘ ਬਗਲਾ, ਹਰਿੰਦਰ ਸਿੰਘ, ਰੈਕੂ ਸਿੰਘ, ਸੁਰੇਸ਼ ਕੁਮਾਰ, ਮਨਜਿੰਦਰ ਸਿੰਘ, ਜਗਦੀਪ ਕੌਰ, ਰਵਿੰਦਰ ਕੌਰ, ਰੋਪਮਾ, ਹਰਜਿੰਦਰ ਕੌਰ, ਮਨਪ੍ਰੀਤ ਕੌਰ, ਜਸਪਾਲ ਸਿੰਘ ਜੱਸਾ ਕੋਟ ਫਤੂਹੀ ਆਦਿ ਹਾਜ਼ਰ ਸਨ।

# ਅਨਾਥ ਤੇ ਅਪੰਗ ਬੱਚਿਆਂ ਨੂੰ ਰਾਸ਼ਨ ਵੰਡਿਆ ਜਾਵੇ : ਡਾ. ਜਮੀਲ ਬਾਲੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਨੌੜੀ ਵਿਖੇ ਡਾ. ਜਮੀਲ ਬਾਲੀ ਦੀ ਅਗਵਾਈ ਵਿੱਚ ਅਨਾਥ ਅਤੇ ਅਪੰਗ ਬੱਚਿਆਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਸਨਹਾਰਾ ਵੈਲਫੇਅਰ ਸੁਸਾਇਟੀ ਦੀ ਪ੍ਰਧਾਨ ਰੇਨੂੰ ਕੰਵਰ ਨੇ ਕਿਹਾ ਕਿ ਅਨਾਥ ਅਤੇ ਅਪੰਗ ਬੱਚਿਆਂ ਨੂੰ ਹਰ ਮਹੀਨੇ ਰਾਸ਼ਨ ਵੰਡਿਆ ਜਾਂਦਾ ਹੈ ਅਤੇ ਸਾਰਿਆਂ ਨੂੰ ਅਜਿਹੇ ਨੇਕ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਰਣਜੀਤ ਸਿੰਘ, ਬਿਸ਼ਨੂ ਤਿਵਾੜੀ ਚੇਅਰਮੈਨ ਬਲਾਕ ਭੂੰਗਾ ਕਮੇਟੀ, ਜਨਰਲ ਸਕੱਤਰ ਅਕਸ਼ੈ, ਰਣਜੀਤ ਸਿੰਘ, ਅੰਜੂ ਸ਼ਰਮਾ, ਸ਼ਿਆਮ ਕੁਮਾਰੀ, ਰਾਮਪਾਲ ਅਤੇ ਸਰਬਜੀਤ ਸਿੰਘ ਆਦਿ ਹਾਜ਼ਰ ਸਨ।

# ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਮਨਾਇਆ ਅਧਿਆਪਕ ਦਿਵਸ

**ਜਲੰਧਰ (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੀਆਂ ਵੱਖ-ਵੱਖ



ਸਕੂਲਾਂ ਦੀਆਂ ਸ਼ਾਖਾਵਾਂ ਨੇ ਗਰੁੱਪ ਦੀ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਦੀ ਦੇਖ-ਰੇਖ ਹੇਠ ਅਧਿਆਪਕ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ।ਸਕੂਲ ਦੀਆਂ ਸਾਰੀਆਂ ਸ਼ਾਖਾਵਾਂ ਨੂੰ ਫੁੱਲਾਂ, ਬੈਨਰਾਂ ਅਤੇ ਚੁਣੀਆਂ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ। ਵਿਦਿਆਰਥੀਆਂ ਨੇ ਸਕੂਲ ਦੇ ਮੁੱਖ ਗੇਟ ਨੂੰ ਫੁੱਲਾਂ ਨਾਲ ਸਜਾਇਆ ਅਤੇ ਆਪਣੇ ਅਧਿਆਪਕਾਂ ਨੂੰ ਤੋਹਫੇ ਅਤੇ ਕਾਰਡ ਦੇ ਕੇ ਸਵਾਗਤ ਕੀਤਾ ਜਿਸ ਨਾਲ ਸਾਰੇ ਅਧਿਆਪਕ ਬਹੁਤ ਖੁਸ਼ ਹੋਏ।ਵਿਦਿਆਰਥੀਆਂ ਨੇ ਛੋਟੇ ਭਾਸ਼ਣ ਦੇ ਕੇ ਅਧਿਆਪਕਾਂ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਵਿਦਿਆਰਥੀਆਂ ਨੇ ਸੱਭਿਆਚਾਰਕ ਗੀਤ ਡਾਂਸ, ਕਵਿਤਾਵਾਂ, ਨਾਟਕ ਆਦਿ ਪੇਸ਼ ਕੀਤੇ।ਸਮਾਗਮ ਦੇ ਅੰਤ ਵਿੱਚ ਕੇਕ ਕੱਟਣ ਦੀ ਰਸਮ ਵੀ ਅਦਾ ਕੀਤੀ ਗਈ। ਇਸ ਮੌਕੇ ਗਰੁੱਪ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਵੱਲੋਂ ਹਰ ਰੋਜ਼ ਕੀਤੇ ਜਾ ਰਹੇ ਸੁਹਿਰਦ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਡਾ. ਸਰਵਪੱਲੀ ਰਾਧਾਕ੍ਰਿਸ਼ਨ 'ਤੇ ਭਾਸ਼ਣ ਦਿੱਤਾ ਅਤੇ ਅਧਿਆਪਕ ਦਿਵਸ ਦੀ ਮਹੱਤਤਾ ਬਾਰੇ ਕਿਹਾ ਕਿ ਅਧਿਆਪਕ ਇੱਕ ਮੋਮਬੱਤੀ ਵਾਂਗ ਹੁੰਦਾ ਹੈ ਜੋ ਆਪਣੇ ਆਪ ਨੂੰ ਜਲਾਉਂਦੀ ਹੈ ਅਤੇ ਸਾਰਿਆਂ ਨੂੰ ਰੌਸ਼ਨੀ ਦਿੰਦੀ ਹੈ।

# 'ਕੋਟੇ' ਤੋਂ ਭੱਜਣ ਵਾਲੇ ਸਕੂਲ ਦੀ ਕਰਵਾਈ ਜਾਵੇਗੀ ਮਾਨਤਾ 'ਰੱਦ'



**ਜਲੰਧਰ (ਰਾਜੇਸ਼ ਥਾਪਾ)** ਆਰਥਿਕ ਤੌਰ 'ਤੇ ਗਰੀਬ ਮਾਪਿਆਂ ਦੇ ਬੱਚਿਆਂ ਨੂੰ ਹੁਣ ਪ੍ਰਾਈਵੇਟ ਸਕੂਲਾਂ 'ਚ 25 ਫੀਸਦੀ ਕੋਟੇ ਦੀਆਂ ਰਾਖਵੀਆਂ ਸੀਟਾਂ ਤੇ ਪ੍ਰੀਨਰਸਰੀ ਤੋਂ ਲੈ ਕੇ 8ਵੀਂ ਤੱਕ ਮੁਫਤ ਦਾਖਲੇ ਲੈਕੇ ਪੜ੍ਹਾਈ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।ਇਸ ਗੱਲ ਦੀ ਪੁਸ਼ਟੀ ਜਨਹਿੱਤ ਪਟੀਸ਼ਨ ਦਾਇਰ ਕਰਨ ਵਾਲੇ ਪਟੀਸ਼ਨਰ ਸਤਨਾਮ ਸਿੰਘ ਗਿੱਲ ਪ੍ਰਧਾਨ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਨੇ ਇਥੇ ਕੀਤੀ ਹੈ।ਚੇਤੇ ਰਹੇ ਕਿ ਉਹ ਇਥੇ ਸੁਪਰੀਮ ਕੋਰਟ ਦੁਆਰਾ ਮਹਾਰਾਸ਼ਟਰ ਸਰਕਾਰ ਵੱਲੋ ਬੰਬੇ ਹਾਈ ਕੋਰਟ 'ਚ ਦਾਖ਼ਲ ਕੀਤੀ ਪਟੀਸ਼ਨ ਜਿਸ ਨੂੰ ਖਾਰਜ ਕੀਤਾ ਕਰਦੇ ਹੋਏ 25 ਫੀਸਦੀ ਕੋਟੇ ਦੀਆਂ ਸੀਟਾਂ ਦੀ ਬਹਾਲੀ ਦਾ ਫੈਸਲਾ ਸੁਣਾਇਆ ਹੈ ਦੇ ਦੂਸਰੇ ਪੜਾਅ 'ਚ ਦੇਸ਼ ਦੀ ਸਿਖਰਲੀ ਅਦਾਲਤ ਨੇ ਮਹਾਰਾਸ਼ਟਰ ਸਰਕਾਰ ਨੂੰ ਝਟਕਾ ਦਿੰਦਿਆਂ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਬਹਾਲ ਰੱਖਣ ਦਾ ਇਤਿਹਾਸਕ ਫੱਤਵਾ ਦੇ ਕੇ ਪੰਜਾਬ, ਕੇਰਲ, ਤਿੰਲਾਗਾਨਾ ਅਤੇ ਮਹਾਰਾਸ਼ਟਰ ਸਰਕਾਰ ਨੂੰ ਹਲੂਣਾ ਦਿੱਤਾ ਹੈ।

25 ਫੀਸਦੀ ਕੋਟੇ ਦੀਆਂ ਸੀਟਾਂ ਦੀ ਬਹਾਲੀ ਲਈ ਕਨੂੰਨੀ ਪੱਧਰ 'ਤੇ ਚਾਰਾਜੋਈ ਕਰਦੇ ਆ ਰਹੇ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਦੇ 3 ਮੈਂਬਰਾਂ ਅਧਾਰਿਤ ਬੈਂਚ ਨੇ ਸਿੱਖਿਆ ਦਾ ਅਧਿਕਾਰ ਕਨੂੰਨ 2009 ਦੇ ਹੱਕ 'ਚ ਫੱਤਵਾ ਦਿੰਦੇ ਹੋਏ, ਸੂਬਾਈ ਸਰਕਾਰਾ ਨੇ ਕੌਮੀਂ ਬਿੱਲ 'ਚ ਕਥਿਤ ਤੌਰ 'ਤੇ ਕੀਤੀ ਗਈ ਸੋਧ ਨੂੰ ਰੱਦ ਕਰ ਦਿੱਤਾ ਹੈ।ਹੁਣ ਅੰਗਰੇਜੀ ਸਕੂਲ 'ਚ ਕੋਟੇ ਤਹਿਤ ਦਾਖਲਾ ਲੈਣ ਲਈ ਸਰਕਾਰੀ ਸਕੂਲ ਤੋਂ ਐਨ ਓ ਸੀ ਲੈਣ ਦੀ ਬੇਲੋੜੀ ਰੱਖੀ ਗਈ ਸ਼ਰਤ ਖਤਮ ਹੋ ਗਈ ਹੈ।ਉਨ੍ਹਾ ਨੇ ਦੱਸਿਆਂ ਕਿ ਉੱਚ ਨਿਆਂਪਲਿਕਾ ਦੇ ਫੈਂਸਲੇ ਅਧਾਰਿਤ ਘੱਟ ਗਿਣਤੀ ਲੋਕ ਭਲਾਈ ਸੰਸਥਾ ਤਰਫੋਂ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਅਤੇ ਰਾਜਪਾਲ ਪੰਜਾਬ ਨੂੰ ਪਰੈਜਨਟੈਸ਼ਨ ਦੇਕੇ ਮੰਗ ਕੀਤੀ ਹੈਕਿ ਪੰਜਾਬ ਦੇ 24 ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਨਿਰਦੇਸ਼ ਕੀਤੇ ਜਾਣ ਕਿ ਜ਼ਿਲ੍ਹੇ ਵਿਚਲੇ ਸਕੂਲਾਂ 'ਚ ਕੋਟੇ ਤਹਿਤ ਦਾਖਲੇ ਨੂੰ ਯਕੀਨੀ ਬਣਾਉਣ ਲਈ ਸੰਭਵ ਯਤਨ ਕੀਤੇ ਜਾਣ।ਇੱਕ ਸਵਾਲ ਦੇ ਜਵਾਬ 'ਚ ਸ੍ਰੀ ਗਿੱਲ ਨੇ ਕਿਹ ਕਿ ਜੋ ਸਕੂਲ ਕੋਟੇ ਤੋਂ ਭੱਜੇਗਾ ਉਸ ਦੀ ਮਾਨਤਾ ਰੱਦ ਕਰਵਾਈ ਜਾਵੇਗੀ।

# ਤਰਕਸ਼ੀਲ ਸੁਸਾਇਟੀ ਰੋਪੜ ਦੀ ਮੀਟਿੰਗ ਹੋਈ



**ਨੰਗਲ (ਸੁਰਜੀਤ ਸਿੰਘ)** ਇੱਥੇ ਤਰਕਸ਼ੀਲ ਸੁਸਾਇਟੀ ਰੋਪੜ ਦੀ ਮੀਟਿੰਗ ਇਕਾਈ ਮੁਖੀ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵਿਦਿਆਰਥੀ ਚੇਤਨਾ ਪਰਖ਼ ਪ੍ਰਿਖਿਆ, ਵਾਤਾਵਰਨ ਦੀ ਸੰਭਾਲ ਤੇ ਔਰਤਾਂ ਦੀ ਸੁਰੱਖਿਆ ਆਦਿ ਦੇ ਮੁੱਦੇ ਵਿਚਾਰੇ ਗਏ।ਸੂਬਾ ਆਗੂ ਅਜੀਤ ਪ੍ਰਦੇਸੀ ਅਤੇ ਇਕਾਈ ਮੁਖੀ ਅਸ਼ੋਕ ਕੁਮਾਰ ਨੇ ਪਰਖ਼ ਪ੍ਰਿਖਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਪੰਜਾਬ ਪੱਧਰੀ 6ਵੀ ਵਿਦਿਆਰਥੀ ਵਿਗਿਆਨਕ ਚੇਤਨਾ ਪਰਖ਼ ਪ੍ਰਿਖਿਆ ਅਕਤੂਬਰ ਮਹੀਨੇ ਦੇ ਦੂਜੇ ਜਾਂ ਤੀਜੇ ਹਫ਼ਤੇ ਵਿੱਚ ਕਰਵਾਈ ਜਾ ਰਹੀ ਹੈ ਜਿਸ ਵਿੱਚ ਛੇਵੀਂ ਤੋਂ ਅੱਠਵੀਂ (ਮਿਡਲ ਗਰੁੱਪ) ਅਤੇ ਨੌਵੀਂ ਤੋਂ ਬਾਰ੍ਹਵੀਂ ਜਮਾਤ ( ਸੈਕੰਡਰੀ ਗਰੁੱਪ) ਦੇ ਵਿਦਿਆਰਥੀ ਭਾਗ ਲੈ ਸਕਣਗੇ।ਬਾਰ੍ਹਵੀਂ ਤੋਂ ਉੱਪਰ ਦੀਆਂ ਜਮਾਤਾਂ ਦੇ ਵਿਦਿਆਰਥੀ ਵੀ ਇਸ ਪਰਖ਼ ਪ੍ਰਿਖਿਆ ਵਿੱਚ ਭਾਗ ਲੈ ਸਕਦੇ ਹਨ।ਇਕਾਈ ਦੇ ਵਿੱਤ ਵਿਭਾਗ ਮੁਖੀ ਇਕਬਾਲ ਬੇਲਾ ਅਤੇ ਜ਼ੋਨਲ ਆਗੂ ਸ਼ੈਲਿੰਦਰ ਕੁਰਾਲੀ ਨੇ ਇਸ ਵਿਸ਼ੇ 'ਤੇ ਬੋਲਦਿਆਂ ਕਿਹਾ ਕਿ ਇਸ ਵਿਗਿਆਨਕ ਚੇਤਨਾ ਪਰਖ਼ ਪ੍ਰਿਖਿਆ ਦਾ ਮਨੋਰਥ ਵਿਦਿਆਰਥੀਆਂ ਨੂੰ ਪੰਜਾਬ ਦੇ ਇਨਕਲਾਬੀ ਵਿਰਸੇ ਤੇ ਭਾਰਤ ਦੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ। ਆਗੂਆਂ ਨੇ ਦੱਸਿਆ ਕਿ ਹਰ ਜਮਾਤ ਵਿੱਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਜਾਵੇਗਾ। ਵਾਤਾਵਰਨ ਦੀ ਸੰਭਾਲ ਕਰਨ ਬਾਰੇ ਮਾ. ਪਰਵਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੇ ਹਰ ਜਨਮਦਿਨ ਤੇ ਘੱਟੋ-ਘੱਟ ਇੱਕ ਦਰਖ਼ਤ ਜ਼ਰੂਰ ਲਾਉਣਾ ਚਾਹੀਦਾ ਹੈ।ਉਕਤ ਆਗੂਆਂ ਤੋਂ ਇਲਾਵਾ ਮੀਟਿੰਗ ਵਿੱਚ ਹਰਵਿੰਦਰ ਸੁਖਰਾਮਪੁਰੀ,ਪਵਨ ਰੱਤੋਂ, ਬਲਬੀਰ ਖੈਰਾਬਾਦ,ਦਵਿੰਦਰ ਸਰਥਲੀ ਤੇ ਹੋਰ ਮੈਂਬਰ ਵੀ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਨੇ ਮੋਹਾਲੀ 'ਚ ਭੰਗ ਨੂੰ ਨਸ਼ਟ ਕਰਨ ਲਈ ਗਮਾਡਾ ਨਗਰ ਨਿਗਮ ਤੇ ਸਿਹਤ ਵਿਭਾਗ ਨੂੰ ਲਿਖਿਆ ਪੱਤਰ

**ਮੋਹਾਲੀ (ਗੁਰਜੀਤ ਬਿੱਲਾ)** ਪਰਵਿੰਦਰ ਸਿੰਘ ਸੋਹਾਣਾ ਸ਼੍ਰੋਮਣੀ ਅਕਾਲੀ ਦਲ ਮੋਹਾਲੀ ਦੇ ਹਲਕਾ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਮੁੱਖ ਪ੍ਰਸ਼ਾਸਕ, ਨਗਰ ਨਿਗਮ ਦੇ ਕਮਿਸ਼ਨਰ ਅਤੇ ਸਿਹਤ ਵਿਭਾਗ ਦੇ ਸਿਵਲ ਸਰਜਨ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਮੋਹਾਲੀ ਜਿਲ੍ਹੇ ਵਿੱਚ ਥਾਂ ਥਾਂ 'ਤੇ ਲੱਗੇ ਭੰਗ ਦੇ ਬੂਟਿਆਂ ਨੂੰ ਪੁਟਵਾਇਆ ਜਾਵੇ ਕਿਉਂਕਿ ਇਹ ਭੰਗ ਨੌਜਵਾਨ ਪੀੜੀ ਨੂੰ ਨਸ਼ੇ ਦੇ ਰਾਹ 'ਤੇ ਤੋਰ ਰਹੀ ਹੈ।ਆਪਣੇ ਪੱਤਰ ਵਿੱਚ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵੀ ਪੰਜਾਬ ਹਰਿਆਣਾ ਅਤੇ ਚੰਡੀਗੜ੍ਹ ਤੋਂ ਵੱਖ-ਵੱਖ ਥਾਵਾਂ 'ਤੇ ਜੰਗਲੀ ਫਸਲ ਵਜੋਂ ਉੱਗੇ ਹੋਏ ਭੰਗ ਦੇ ਬੂਟਿਆਂ ਨੂੰ ਪੁਟਵਾਉਣ ਲਈ ਕਿਹਾ ਹੈ ਅਤੇ ਇਸ ਦੀ ਸਟੇਟਸ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ।ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਮੋਹਾਲੀ ਵਿੱਚ ਤਾਂ ਖਾਸ ਤੌਰ 'ਤੇ ਗਮਾਡਾ ਦੇ ਖਾਲੀ ਪਏ ਪਲਾਟਾਂ ਵਿੱਚ ਵੀ ਵੱਡੇ ਪੱਧਰ 'ਤੇ ਭੰਗ ਉਗੀ ਹੋਈ ਹੈ।ਜਿਨ੍ਹਾਂ ਤੋਂ ਇਹ ਪ੍ਰਵਾਸੀ ਮਜ਼ਦੂਰ ਸੁਲਫਾ ਤਿਆਰ ਕਰਦੇ ਹਨ ਅਤੇ ਇਸ ਨੂੰ ਵੇਚਣ ਦਾ ਵੀ ਕੰਮ ਕਰਦੇ ਹਨ ਜਿਸ ਨਾਲ ਨੌਜਵਾਨ ਪੀੜੀ ਭੰਗ ਦੇ ਨਸ਼ੇ ਦਾ ਗੁਲਾਮ ਹੋ ਰਹੀ ਹੈ।ਉਹਨਾਂ ਕਿਹਾ ਕਿ ਸਿਹਤ ਵਿਭਾਗ ਵੀ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੋਹਾਲੀ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਲੱਗੀ ਭੰਗ ਨੂੰ ਨਸ਼ਟ ਕਰਵਾਇਆ ਜਾਵੇ ਤਾਂ ਜੋ ਨੌਜਵਾਨ ਪੀੜੀ ਇਸ ਨਸ਼ੇ ਤੋਂ ਬਚ ਸਕੇ।

# ਮੁੱਖ ਮੰਤਰੀ ਵੱਲੋਂ ਨਾਇਕ ਕੁਲਦੀਪ ਸਿੰਘ ਦੀ ਸ਼ਹਾਦਤ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਾਇਕ ਕੁਲਦੀਪ ਸਿੰਘ ਦੀ ਸ਼ਹਾਦਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜੋ ਜੰਮੂ ਕਸ਼ਮੀਰ ਵਿੱਚ ਆਪਣੀ ਡਿਊਟੀ ਦੌਰਾਨ ਜਾਨ ਨਿਛਾਵਰ ਕਰ ਗਏ।ਮੁੱਖ ਮੰਤਰੀ ਨੇ ਕਿਹਾ ਕਿ ਨਾਇਕ ਕੁਲਦੀਪ ਸਿੰਘ ਨੇ ਜੰਮੂ ਕਸ਼ਮੀਰ ਵਿਖੇ ਡਿਊਟੀ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੁੱਖ ਦੀ ਇਸ ਘੜੀ ਵਿੱਚ ਪਰਵਾਰ ਨਾਲ ਖੜ੍ਹੀ ਹੈ।ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਹਾਦਰ ਸਪੂਤ ਦੀ ਮਹਾਨ ਕੁਰਬਾਨੀ ਨੌਜਵਾਨ ਪੀੜ੍ਹੀ ਨੂੰ ਦੇਸ਼ ਲਈ ਮਰ-ਮਿਟਣ ਲਈ ਪ੍ਰੇਰਿਤ ਕਰਦੀ ਰਹੇਗੀ।ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਬਹਾਦਰ ਸੈਨਿਕਾਂ ਦੇ ਪਰਵਾਰਾਂ ਦੀ ਮਦਦ ਲਈ ਵਚਨਬੱਧ ਹੈ ਜਿਨ੍ਹਾਂ ਨੇ ਮਾਤ-ਭੂਮੀ ਦੀ ਖਾਤਰ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸ਼ਹੀਦ ਦੇ ਪਰਵਾਰ ਨੂੰ ਹਰੇਕ ਕਿਸਮ ਦੀ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਸੂਬਾ ਸਰਕਾਰ ਦੇ ਇਸ ਨਿਮਾਣੇ ਜਿਹੇ ਉਪਰਾਲੇ ਨਾਲ ਜਿੱਥੇ ਪੀੜਤ ਪਰਵਾਰ ਨੂੰ ਮਦਦ ਮਿਲੇਗੀ, ਉਥੇ ਹੀ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਹੋਵੇਗਾ।

# ਐੱਸ ਡੀ ਐੱਮ ਵੱਲੋਂ ਮਹਿੰਦਪੁਰ ਕਰੈਸ਼ਰ ਦੀ ਕੀਤੀ ਚੈਕਿੰਗ

**ਨੰਗਲ, (ਸੁਰਜੀਤ ਸਿੰਘ)** ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਵੱਲੋਂ ਜਾਰੀ ਹਦਾਇਤਾਂ ਤਹਿਤ ਜ਼ਿਲ੍ਹੇ ਦੇ ਸਮੂਹ ਸਬ ਡਵੀਜ਼ਨ ਮੈਜਿਸਟ੍ਰੇਟਾਂ ਵੱਲੋਂ ਕਰੈਸ਼ਰ ਤੇ ਖੱਡਾਂ ਦੀ ਚੈਕਿੰਗ ਦੀ ਮੁਹਿੰਮ ਅਧੀਨ ਐਸ ਡੀ ਐਮ ਨੰਗਲ ਅਨਮਜੋਤ ਕੌਰ ਵੱਲੋਂ ਕਰੈਸ਼ਰ ਦੀ ਚੈਕਿੰਗ ਕੀਤੀ ਗਈ। ਐਸ ਡੀ ਐਮ ਨੰਗਲ ਨੇ ਮਹਿੰਦਪੁਰ ਭੰਗਲਾ ਖੱਡ ਦਾ ਨਿਰੀਖਣ ਕਰਨ ਉਪਰੰਤ ਮਹਿੰਦਪੁਰ ਪਿੰਡ ਵਿਖੇ ਸਥਿਤ ਨੀਲਮ ਕਰੈਸ਼ਰ ਦਾ ਅਚਨਚੇਤ ਨਿਰੀਖਣ ਕੀਤਾ ਜਿੱਥੇ ਉਨ੍ਹਾਂ ਕਰੈਸ਼ਰ ਦੇ ਸਾਰੇ ਦਸਤਾਵੇਜ ਸਮੇਤ ਕਰੈਸ਼ਰ ਦਾ ਡੰਪ ਵੀ ਚੈੱਕ ਕੀਤਾ। ਇਸ ਮੌਕੇ ਉਨ੍ਹਾਂ ਕਰੈਸ਼ਰ ਦੇ ਵੱਖ-ਵੱਖ ਦਸਤਾਵੇਜ ਦੀ ਸਮੀਖਿਆ ਕਰਦਿਆਂ ਕਿਹਾ ਕਿ ਕਰੈਸ਼ਰ ਨੂੰ ਕੇਵਲ ਨਿਯਮਾਂ ਤਹਿਤ ਹੀ ਚਲਾਇਆ ਜਾਵੇ ਅਤੇ ਜਦੋਂ ਵੀ ਹਿਮਾਚਲ ਵੱਲੋਂ ਕੋਈ ਰੱਫ ਮਟਿਰੀਅਲ ਆਉਂਦਾ ਹੈ ਤਾਂ ਉਹ ਪਿੰਡ ਦੇ ਰਸਤਿਆਂ ਤੋਂ ਨਾ ਲਿਜਾਇਆ ਜਾਵੇ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਵਲੋਂ ਸ਼ਿਕਾਇਤ ਕੀਤੀ ਕਿ ਹਿਮਾਚਲ ਵੱਲੋਂ ਜੋ ਵੀ ਰੱਫ ਮੇਟਰਾਇਆਲ ਆਉਂਦਾ ਹੈ ਤਾਂ ਉਸ ਨੂੰ ਪਿੰਡਾਂ ਦੇ ਰਸਤਿਆਂ ਤੋਂ ਲੈ ਕੇ ਜਾਣ ਕਾਰਨ ਸੜਕ ਦੁਰਘਟਨਾਵਾਂ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ।ਇਸ ਉਪਰੰਤ ਐਸ ਡੀ ਐਮ ਵੱਲੋਂ ਖੇੜਾ ਕਮਲੋਟ ਨਾਲ ਲੱਗਦੇ ਹੋਰ ਇਲਾਕਿਆਂ ਦਾ ਦੌਰਾ ਵੀ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਰੈਸ਼ਰ ਮਾਲਕਾਂ ਨੂੰ ਸੁਝਾਅ ਦਿੰਦਿਆਂ ਕਿਹਾ ਕਿ ਉਹ ਆਪਣੇ ਕਰੈਸ਼ਰਾਂ ਤੇ ਸੀ ਸੀ ਟੀ ਵੀ ਕੈਮਰੇ ਲਾਜ਼ਮੀ ਤੌਰ 'ਤੇ ਲਗਾਉਣ।



# ਅੰਨ੍ਹੇਪਨ ਨੂੰ ਦੂਰ ਕਰਨ ਲਈ ਰੋਟਰੀ ਆਈ ਬੈਂਕ ਦੇ ਯਤਨ ਸ਼ਲਾਘਾਯੋਗ : ਗੁਰਵਿੰਦਰ ਬਾਹਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟ ਸੁਸਾਇਟੀ ਵਲੋਂ 39ਵੇਂ ਰਾਸ਼ਟਰੀ ਨੇਤਰਦਾਨ ਪਖਵਾੜੇ ਦੇ ਤਹਿਤ ਰਿਆਤ ਬਾਹਰਾ ਕਾਲਜ ਵਿਖੇ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਅਗਵਾਈ ਵਿੱਚ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਗੁਰਵਿੰਦਰ ਸਿੰਘ ਬਾਹਰਾ ਚੇਅਰਮੈਨ ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਟ ਬਤੌਰ ਮੁੱਖ ਮਹਿਮਾਨ ਅਤੇ ਅਵੀਨਾਸ਼ ਰਾਏ ਖੰਨਾ ਸਾਬਕਾ ਰਾਜ ਸਭਾ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਰੋਹ ਦਾ ਸ਼ੁਭ ਆਰੰਭ ਮੁੱਖ ਮਹਿਮਾਨ ਨੂੰ ਪ੍ਰਧਾਨ ਸੰਜੀਵ ਅਰੋੜਾ ਅਤੇ ਜੇ.ਬੀ.ਬਹਿਲ ਵਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਦੇ ਕੀਤਾ ਗਿਆ। ਇਸ ਤੋਂ ਬਾਅਦ ਸਕੱਤਰ ਡੀ.ਕੇ. ਸ਼ਰਮਾ ਵਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋ.ਕੁਲਦੀਪ ਵਾਲੀਆ ਨੇ ਨਿਭਾਈ। ਇਸ ਮੌਕੇ ਮੁੱਖ ਮਹਿਮਾਨ ਗੁਰਵਿੰਦਰ ਸਿੰਘ ਬਾਹਰਾ ਨੇ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਨੇਤਰਹੀਣਤਾ ਨੂੰ ਖਤਮ ਕਰਨ ਲਈ ਬਹੁਤ ਹੀ ਸ਼ਲਾਘਾਯੋਗ ਕੰਮ ਕਰ ਰਹੀ ਹੈ ਅਤੇ ਅੰਨ੍ਹੇਪਣ ਨਾਲ ਜੂਝ ਰਹੇ ਲੋਕਾਂ ਨੂੰ ਰੋਸ਼ਨੀ ਪ੍ਰਦਾਨ ਕਰਨ ਲਈ ਸੁਸਾਇਟੀ ਦੇ ਮੈਂਬਰ ਬਿਨਾਂ ਕਿਸੇ ਮਤਲਬ ਤੋਂ ਸੇਵਾ ਕੰਮਾਂ ਵਿੱਚ ਲੱਗੇ ਹੋਏ ਹਨ। ਬਾਹਰਾ ਨੇ ਮੌਜੂਦਾ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਨੇਤਰਦਾਨ ਦੇ ਸਹੁੰ ਪੱਤਰ ਭਰਨ ਅਤੇ ਆਪਣੇ ਪਰਵਾਰਕ ਮੈਂਬਰਾ ਤੇ ਗੁਆਢੀਆਂ ਦੇ ਲੋਕਾਂ ਨੂੰ ਨੇਤਰਦਾਨ ਦੇ ਪ੍ਰਤੀ ਜਾਗਰੂਕ ਕਰਨ ਤਾਂ ਕਿ ਅੰਨ੍ਹੇਪਨ ਦੇ ਸ਼ਿਕਾਰ ਲੋਕਾਂ ਨੂੰ ਵੀ ਰੋਸ਼ਨੀ ਮਿਲ ਸਕੇ। ਇਸ ਮੌਕੇ ਅਵਿਨਾਸ਼ ਰਾਏ ਖੰਨਾ ਨੇ ਕਿਹਾ ਕਿ ਨੇਤਰਦਾਨ ਹੀ ਇੱਕ ਅਜਿਹਾ ਦਾਨ ਹੈ ਜੋ ਵਿਅਕਤੀ ਨੂੰ ਮਰਨ ਤੋਂ ਬਾਅਦ ਹੀ ਕਰਨਾ ਹੁੰਦਾ ਹੈ। ਇਸ ਮੌਕੇ ਤੇ ਪ੍ਰਧਾਨ ਸੰਜੀਵ ਅਰੋੜਾ ਅਤੇ ਚੇਅਰਮੈਨ ਜੇ.ਬੀ. ਬਹਿਲ ਨੇ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਸੁਆਗਤ ਕਰਦੇ ਹੋਏ ਨੇਤਰਦਾਨ ਕਰਨ ਅਤੇ ਮਰਨ ਤੋਂ ਬਾਅਦ ਨੇਤਰਦਾਨ ਲੈਣ ਦੀ ਪ੍ਰਕਿਰਿਆ ਨਾਲ ਜਾਣੂ ਕਰਵਾਇਆ ਅਤੇ ਦੱਸਿਆ ਕਿ ਸੁਸਾਇਟੀ ਵੱਲੋਂ ਹੁਣ ਤੱਕ 4100 ਤੋਂ ਵੀ ਵੱਧ ਕੋਰਨੀਆ ਬਲਾਇੰਡਨੈਸ ਤੋਂ ਪੀੜਿਤ ਲੋਕਾਂ ਨੂੰ ਇੱਕ ਇੱਕ ਅੱਖ ਪਾ ਕੇ ਉਨ੍ਹਾਂ ਨੂੰ ਰੋਸ਼ਨੀ ਪ੍ਰਦਾਨ ਕੀਤੀ ਗਈ ਹੈ ਕਿਉਂਕਿ ਇੱਕ ਵਿਅਕਤੀ ਦੁਆਰਾ ਦਾਨ ਕੀਤੀਆਂ ਗਈਆਂ ਅੱਖਾਂ ਦੋ ਵਿਅਕਤੀਆਂ ਦੀ ਹਨੇਰੀ ਜ਼ਿੰਦਗੀ ਨੂੰ ਰੋਸ਼ਨ ਕਰਦੀਆਂ ਹੈ। ਅਰੋੜਾ ਜੀ ਨੇ ਦੱਸਿਆ ਕਿ ਨੇਤਰਦਾਨੀ ਦੇ ਪਰਵਾਰ ਨੂੰ ਸੁਸਾਇਟੀ ਵੱਲੋਂ ਸਨਮਾਨਤ ਵੀ ਕੀਤਾ ਜਾਂਦਾ ਹੈ ਤਾਂ ਕਿ ਇਸ ਨਾਲ ਦੂਸਰੇ ਲੋਕਾਂ ਨੂੰ ਵੀ ਪ੍ਰੇਰਨਾ ਮਿਲ ਸਕੇ। ਇਸ ਮੌਕੇ ਪ੍ਰਿੰਸੀਪਲ ਡੀ.ਕੇ. ਸ਼ਰਮਾ, ਕੈਂਪਸ ਡਾਇਰੈਕਟਰ ਚੰਦਰ ਮੋਹਨ ਅਤੇ ਮੈਡੀਕਲ ਦੇ ਵਿਦਿਆਰਥੀ ਚੰਦਰ ਮੋਹਨ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਦਵਿੰਦਰ ਅਰੋੜਾ, ਮਦਨ ਲਾਲ ਮਹਾਜਨ, ਵਿਜੈ ਅਰੋੜਾ, ਵੀਨਾ ਚੋਪੜਾ, ਸੁਰਿੰਦਰ ਦੀਵਾਨ, ਪ੍ਰੇਮ ਤਨੇਜਾ, ਰਮਿੰਦਰ ਸਿੰਘ, ਕਾਸ਼ਵੀ ਅਤੇ ਹੋਰ ਮੌਜੂਦ ਸਨ।

# ਕੁੱਲ ਹਿੰਦ ਕਿਸਾਨ ਸਭਾ ਦਾ ਜਥਾ ਸੰਯੁਕਤ ਕਿਸਾਨ ਮੋਰਚੇ ਦੀ ਮਹਾਂ ਪੰਚਾਇਤ 'ਚ ਸ਼ਾਮਲ ਹੋਇਆ



**ਮਾਹਿਲਪੁਰ (ਸਫ਼ਰੀ)** - ਚੰਡੀਗੜ੍ਹ ਦੇ 34 ਸੈਕਟਰ ਵਿੱਚ ਐਸ ਕੇ ਐਮ ਦੀ ਮਹਾਂ ਪੰਚਾਇਤ ਵਿੱਚ ਕੁੱਲ ਹਿੰਦ ਕਿਸਾਨ ਸਭਾ ਦਾ ਜਥਾ ਕਿਸਾਨ ਆਗੂ ਦਰਸ਼ਨ ਸਿੰਘ ਮੱਟੂ, ਗੁਰਨੇਕ ਸਿੰਘ ਭੱਜਲ, ਹਰਭਜਨ ਸਿੰਘ ਅਟਵਾਲ, ਸ਼ੇਰ ਜੰਗ ਬਹਾਦਰ ਸਿੰਘ ਦੀ ਅਗਵਾਈ ਵਿੱਚ ਸ਼ਾਮਲ ਹੋਇਆ।ਇਸ ਵਿੱਚ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਸ਼ਾਮਲ ਹੋਈਆਂ। ਇਸ ਵਿੱਚ ਫਸਲਾਂ, ਨਸਲਾਂ ਦੀ ਸਲਾਮਤੀ ਲਈ ਨਹਿਰੀ ਪਾਣੀ ਹਰ ਖੇਤ ਨੂੰ ਲੱਗੇ ਅਤੇ ਹਰ ਘਰ ਨੂੰ ਸ਼ੁੱਧ ਪਾਣੀ ਮਿੱਲੇ।ਪਾਣੀ ਬਰਬਾਦ ਕਰਨ ਵਾਲੀਆਂ ਕਾਰਪੋਰੇਟ ਪੱਖੀ ਫੈਕਟਰੀਆਂ 'ਤੇ ਲਗਾਮ ਲਗਾਈ ਜਾਵੇ।ਫੈਕਟਰੀਆਂ ਵਲੋਂ ਜ਼ਹਿਰੀਲਾ ਪਾਣੀ ਧਰਤੀ ਵਿੱਚ ਪਾਉਣ ਦੀ ਮਨਾਹੀ ਹੋਵੇ, ਇਸ ਪਾਣੀ ਨੂੰ ਸਾਫ ਕਰਕੇ ਦੁਬਾਰਾ ਫੈਕਟਰੀ ਜਾਂ ਉਸਾਰੀ ਕੰਮਾਂ ਲਈ ਵਰਤਿਆ ਜਾਵੇ। ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ 'ਤੇ ਲਕੀਰ ਮਾਰੀ ਜਾਵੇ। ਐਮ ਐਸ ਪੀ ਨੂੰ ਕਾਨੂੰਨੀ ਦਰਜਾ ਦਿੱਤਾ ਜਾਵੇ। ਪੰਜਾਬ ਸਰਕਾਰ ਕੇਰਲਾ ਸਰਕਾਰ ਵਾਂਗ 26 ਫਸਲਾਂ, ਫਲਾਂ, ਸਬਜ਼ੀਆਂ 'ਤੇ ਐਮ ਐਸ ਪੀ ਦੇਵੇ, ਝੂਠੇ ਕੇਸ ਵਾਪਸ ਲਏ ਜਾਣ, ਪਾਕਿਸਤਾਨ ਨਾਲ ਅਟਾਰੀ ਬਾਹਗਾ, ਹੁਸੈਨੀਵਾਲ ਸੁਲੇਮਾਨ ਬਾਰਡਰਾਂ ਰਾਹੀਂ ਵਿਉਪਾਰ ਖੋਲ੍ਹਿਆ ਜਾਵੇ ਆਦਿ ਮੰਗਾਂ ਲਈ ਪੰਜਾਬ ਸਰਕਾਰ ਦੇ ਸਕੱਤਰ ਨੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ 'ਤੇ ਆ ਕੇ ਮੰਗ ਪੱਤਰ ਲਿਆ।ਜੇ ਮੰਗਾਂ ਨਾ ਮੰਨੀਆਂ ਤਾਂ ਅਗਲਾ ਐਕਸ਼ਨ ਕੀਤਾ ਜਾਵੇਗਾ।

# ਭੋਗਪੁਰ 'ਚ ਰੇਹੜੀਆਂ 'ਤੇ ਵਿਕ ਰਿਹਾ ਮੌਤ ਦਾ ਸਾਮਾਨ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਭੋਗਪੁਰ ਪ੍ਰਵਾਸੀਆਂ ਦੀਆਂ ਰੇਹੜੀਆਂ 'ਤੇ ਖਾਣ ਪੀਣ ਵਾਲਾ, ਘਟੀਆ ਕਿਸਮ ਦਾ ਸਮਾਨ ਸ਼ਰੇਆਮ ਵਿਕ ਰਿਹਾ ਹੈ ਅਤੇ ਲੋਕ ਆਪਣੀ ਮੌਤ ਨੂੰ ਆਪ ਅਵਾਜ਼ਾਂ ਮਾਰ ਰਹੇ ਹਨ, ਜਿਸ ਵਿੱਚ ਸਿਹਤ ਵਿਭਾਗ ਦੀ ਢਿੱਲੀ ਕਾਰਜਕਾਰੀ ਕਰਕੇ ਅੱਜ ਲੋਕਾਂ ਨੂੰ ਭਿਆਨਕ ਤੇ ਲਾਇਲਾਜ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਿਨਾਂ ਕਿਸੇ ਰੋਕ ਟੋਕ ਤੋਂ ਪ੍ਰਵਾਸੀ ਲੋਕਾਂ ਦਾ ਪੰਜਾਬ ਵਿੱਚ ਪ੍ਰਵੇਸ਼ ਹੋਣਾ ਇਸ ਦਾ ਮੁੱਖ ਕਾਰਨ ਹੈ। ਇਹਨਾਂ ਪ੍ਰਵਾਸੀ ਲੋਕਾਂ ਕੋਲੋਂ ਖਾਣ ਵਾਲੀਆਂ ਵਸਤੂਆਂ ਦੀ ਸਿਹਤ ਵਿਭਾਗ ਵੱਲੋਂ ਕੋਈ ਵੀ ਮਨਜ਼ੂਰੀ ਨਹੀਂ ਹੁੰਦੀ। ਇਹਨਾਂ ਲੋਕਾਂ ਵੱਲੋਂ ਸਿੰਥੈਟਿਕ ਵਸਤੂਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹਨਾਂ ਪ੍ਰਵਾਸੀਆਂ ਵੱਲੋਂ ਗੰਦੇ ਤੇਲ ਤੋਂ ਤਿਆਰ ਗੋਲ ਗੱਪਿਆਂ ਤੋਂ ਲੈ ਕੇ ਪੀਜ਼ਾ, ਬਰਗਰ, ਫਰਾਈ ਮੋਮੋਜ਼, ਸਪਰਿੰਗ ਰੋਲ, ਨਿਊਡਲਜ਼, ਗੰਦੇ ਆਲੂਆਂ ਦੀਆਂ ਟਿੱਕੀਆਂ ਤੇ ਸਮੋਸੇ ਅਤੇ ਹੋਰ ਖਾਣ ਵਾਲੀਆਂ ਘਟੀਆ ਅਤੇ ਸਿੰਥੈਟਿਕ ਰੰਗ ਅਤੇ ਘਟੀਆ ਸਮੱਗਰੀ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜੇਕਰ ਸਿਹਤ ਵਿਭਾਗ ਵੱਲੋਂ ਇਹਨਾਂ ਪ੍ਰਵਾਸੀ ਲੋਕਾਂ ਦੀਆਂ ਬਣੀਆਂ ਵਸਤੂਆਂ ਦੇ ਸੈਂਪਲ ਭਰੇ ਜਾਣ ਤਾਂ ਇੱਕ ਵੀ ਸਿੰਪਲ ਪਾਸ ਨਹੀਂ ਹੋਵੇਗਾ। ਲੋਕਾਂ ਦੀ ਸਿਹਤ ਨੂੰ ਲੈ ਕੇ ਸਿਹਤ ਵਿਭਾਗ ਨੂੰ ਚੌਕਸ ਹੋਣਾ ਪਵੇਗਾ, ਨਹੀਂ ਤਾਂ ਜਿਸ ਰਫਤਾਰ ਨਾਲ ਇਹ ਲੋਕ ਪੰਜਾਬ ਦੇ ਲੋਕਾਂ ਨੂੰ ਘਟੀਆ ਵਸਤੂਆਂ ਵੇਚ ਰਹੇ ਹਨ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਹਰ ਪਿੰਡ ਤੇ ਸ਼ਹਿਰ ਦੇ ਹਰੇਕ ਪਰਵਾਰ ਦਾ ਕੋਈ ਨਾ ਕੋਈ ਮੈਂਬਰ ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋਵੇਗਾ।

# ਖ਼ੂਨਦਾਨ ਤੇ ਵਿਦਿਅਕ ਸੇਵਾਵਾਂ ਨਾਲ ਜੁੜੇ ਮੈਡਮ ਸ਼ਸ਼ੀ ਨੂੰ ਕੀਤਾ ਯਾਦ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਥਾਨਕ ਬੀ ਡੀ ਸੀ ਬਲੱਡ ਸੈਂਟਰ ਦੇ ਕਮੇਟੀ ਮੈਂਬਰ ਤੇ ਬੀ ਐਲ ਐਮ ਗਰਲਜ਼ ਕਾਲਜ ਦੇ ਲੈਕਚਰਾਰ ਰਹੇ ਮੈਡਮ ਸ਼ਸ਼ੀ ਸਰੀਨ ਚਾਰ ਸਾਲ ਪਹਿਲਾਂ ਸਰੀਰਕ ਤੌਰ 'ਤੇ ਵਿਛੋੜਾ ਦੇ ਗਏ ਸਨ।ਉਹਨ ਆਪਣਾ ਜੀਵਨ ਵਿਦਿਅਕ ਸੇਵਾਵਾਂ ਦੇ ਨਾਲ਼ ਨਾਲ ਬੀ ਡੀ ਸੀ ਬਲੱਡ ਬੈਂਕ ਰਾਹੀਂ ਖ਼ੂਨਦਾਨ ਸੇਵਾਵਾਂ ਪ੍ਰਤੀ ਵੀ ਸਮਰਪਿਤ ਕੀਤਾ।ਮੈਡਮ ਸ਼ਸ਼ੀ ਸਰੀਨ ਨਵੀਂ ਪੀੜ੍ਹੀ ਦੇ ਪ੍ਰੇਰਨਾ ਸਰੋਤ ਸਨ ਕਿਉਂਕਿ ਉਹ ਉਹਨਾਂ ਨੂੰ ਮਾਪਿਆਂ ਅਤੇ ਸਮਾਜ ਪ੍ਰਤੀ ਬਣਦੇ ਫਰਜ਼ਾਂ ਵਾਰੇ ਜਾਗਰੂਕ ਕਰਦੇ ਰਹਿੰਦੇ ਸਨ। ਸਮਾਜਿਕ ਬੁਰਾਈਆਂ ਦੀ ਰੋਕਥਾਮ ਲਈ ਜਾਗਰੂਕਤਾ ਕਰਦੇ ਹੋਏ ਵਾਤਾਵਰਣ ਨੂੰ ਸੰਭਾਲਣ ਪ੍ਰਤੀ ਵੀ ਗਿਆਨ ਸਾਂਝਾ ਕਰਿਆ ਕਰਦੇ ਸਨ।ਮੈਡਮ ਸ਼ਸ਼ੀ ਸਰੀਨ ਦੀ ਯਾਦ ਵਿੱਚ ਨੂੰਹ ਅੰਜੂ ਸਰੀਨ ਤੇ ਪੁੱਤਰ ਰਾਜਨ ਸਰੀਨ ਵਲੋਂ ਸਥਾਨਕ ਬਲੱਡ ਸੈਂਟਰ ਵਿਖੇ ਪਹਿਲਾਂ ਇੱਕ ਲੱਖ ਰੁਪਏ ਭੇਟ ਕੀਤੇ ਤੇ ਹੁਣ ਖ਼ੂਨਦਾਨੀ ਲਈ ਇੱਕ ਮਹੀਨੇ ਦੀ ਰਿਫਰੈਸ਼ਮੈਂਟ ਸੇਵਾ ਪੰਦਰਾਂ ਹਜ਼ਾਰ ਰੁਪਏ ਭੇਟ ਕੀਤੇ। ਇਸ ਮੌਕੇ ਜੇ ਐਸ ਗਿੱਦਾ, ਪ੍ਰਵੇਸ਼ ਕੁਮਾਰ, ਪੀ ਆਰ ਕਾਲੀਆ, ਅੰਜੂ ਸਰੀਨ, ਡਾ. ਅਜੇ ਬੱਗਾ, ਮਨਮੀਤ ਸਿੰਘ, ਅਨੀਤਾ ਕੁਮਾਰੀ, ਰਾਜਿੰਦਰ ਠਾਕੁਰ, ਸੀਮਾ ਮਿਸ਼ਰਾ , ਮੁਕੇਸ਼ ਕਾਹਮਾ, ਸੁਨੈਨਾ, ਜਸਪ੍ਰੀਤ ਕੌਰ, ਕਮਲਦੀਪ ਕੌਰ, ਮੰਦਨਾ,ਮਨਦੀਪ ਕੌਰ, ਬੀਨਾ ਰਾਣੀ ਤੇ ਸੁਮੁਤ ਗਿੱਲ ਤੇ ਸਟਾਫ ਵਲੋਂ ਮੈਡਮ ਸ਼ਸ਼ੀ ਸਰੀਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।



# ਅਧਿਆਪਕ ਸਮਾਜ ਦਾ ਸਰਵਉਤਮ ਸਰਮਾਇਆ : ਅਰੋੜਾ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)** -ਭਾਰਤੀ ਸਮਾਜ ਅੰਦਰ ਅਧਿਆਪਕ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ ਤੇ ਮਾਂ ਬਾਪ ਤੋਂ ਬਾਅਦ ਬੱਚੇ ਦੇ ਜੀਵਨ ਨੂੰ ਸੰਵਾਰਨ ਵਿਚ ਜੇਕਰ ਕੋਈ ਵੱਡੀ ਅਹਿਮ ਭੂਮਿਕਾ ਨਿਭਾਉਂਦਾ ਹੈ ਤਾਂ ਉਹ ਅਧਿਆਪਕ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਅਧਿਆਪਕ ਦਿਵਸ ਸੰਬੰਧੀ ਕਰਵਾਏ ਗਏ ਵਿਸ਼ੇਸ਼ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਪ੍ਰਮੁੱਖ ਸਮਾਜ ਸੇਵੀ ਆਗੂ ਸੁਖਵਿੰਦਰ ਸਿੰਘ ਅਰੋੜਾ ਨੇ ਕੀਤਾ। ਉਹਨਾਂ ਆਪਣੇ ਸੰਬੋਧਨ ਵਿੱਚ ਹੋਰ ਕਿਹਾ ਕਿ ਵਿਦਿਆਰਥੀਆਂ ਦੇ ਜੀਵਨ ਦੀ ਸਹੀ ਘਾੜਤ ਇੱਕ ਅਧਿਆਪਕ ਹੀ ਘੜਦਾ ਹੈ ਉਹ ਉਸ ਨੂੰ ਸਿੱਖਿਆ ਦੇ ਕੇ ਦੁਨੀਆਂ ਵਿੱਚ ਉੱਚਾ ਮੁਕਾਮ ਹਾਸਲ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਇਕ ਅਧਿਆਪਕ ਹੀ ਹੈ ਜਿਸ ਨੂੰ ਆਪਣੇ ਵਿਦਿਆਰਥੀ ਦੀ ਤਰੱਕੀ ਤੇ ਬੇਹਦ ਖੁਸ਼ੀ ਹੁੰਦੀ ਹੈ।ਪ੍ਰਿੰਸੀਪਲ ਸ਼ਾਰਧਾ ਦੱਤ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਨਮਾਨ ਸਮਾਰੋਹ ਦੌਰਾਨ ਸਕੂਲ ਦੇ ਅਧਿਆਪਕਾਂ ਨੂੰ ਸੁਖਵਿੰਦਰ ਸਿੰਘ ਅਰੋੜਾ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ਼ਾਰਧਾ ਦੱਤ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਪੰਡਿਤ ਰਾਧਾ ਕ੍ਰਿਸ਼ਨਨ ਦੇ ਜੀਵਨ ਵੇਰਵਿਆਂ ਨੂੰ ਬਿਆਨ ਕਰਦੇ ਹੋਏ ਅਧਿਆਪਕਾਂ ਨੂੰ ਉਹਨਾਂ ਤੋਂ ਸਿੱਖਿਆ ਲੈਣ ਲਈ ਕਿਹਾ ਗਿਆ। ਸਨਮਾਨ ਸਮਾਰੋਹ ਦੌਰਾਨ ਮੰਚ ਦਾ ਸੰਚਾਲਨ ਮੈਡਮ ਅੰਜੂ ਬਾਲਾ ਅਤੇ ਪਰਮਜੀਤ ਕੌਰ ਵੱਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਅਧਿਆਪਕਾਂਵਾਂ ਮੈਡਮ ਸ਼ਰਨਜੀਤ ਕੌਰ,ਜਸਵਿੰਦਰ ਕੌਰ, ਦਮਨਜੀਤ ਕੌਰ, ਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਡਿੰਪਲ, ਸਾਲੂ ਸੇਠੀ, ਪ੍ਰਭਨੀਤ ਕੌਰ, ਤਰਨਜੀਤ ਕੌਰ, ਸਤਨਾਮ ਕੌਰ, ਪਰਮਿੰਦਰ ਕੌਰ, ਕਮਲਜੀਤ ਕੌਰ, ਜੋਤੀ ਅਤੇ ਅੰਜਲੀ ਨੂੰ ਸਨਮਾਨਿਤ ਕੀਤਾ ਗਿਆ।

# ਕੋਲਕਾਤਾ ਦੀ ਲੇਡੀ ਡਾਕਟਰ ਲਈ ਇਨਸਾਫ਼ ਦੀ ਮੰਗ ਨੂੰ ਲੈ ਕੇ ਮੋਮਬੱਤੀ ਮਾਰਚ




**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਬੀਤੀ ਰਾਤ ਇਸਤਰੀ ਜਾਗ੍ਰਿਤੀ ਮੰਚ ਅਤੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ ਦੀਆਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਇਕਾਈਆਂ ਨੇ ਕੋਲਕਾਤਾ ਵਿਖੇ ਲੇਡੀ ਡਾਕਟਰ ਨਾਲ ਬਲਾਤਕਾਰ ਕਰਕੇ ਉਸਨੂੰ ਕਤਲ ਕਰਨ ਦੇ ਕਥਿਤ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਨੂੰ ਲੈ ਕੇ ਨਵਾਂਸ਼ਹਿਰ ਵਿਖੇ ਮੋਮਬੱਤੀ ਮਾਰਚ ਕੀਤਾ ਗਿਆ।ਇਹ ਮਾਰਚ ਸਥਾਨਕ ਬਾਰਾਦਰੀ ਬਾਗ ਤੋਂ ਸ਼ੁਰੂ ਹੋ ਕੇ ਅੰਬੇਡਕਰ ਚੌਂਕ ਵਿਖੇ ਸਮਾਪਤ ਹੋਇਆ।ਇਸ ਮੌਕੇ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸਹਾਇਕ ਸਕੱਤਰ ਅਵਤਾਰ ਸਿੰਘ ਤਾਰੀ, ਜਮਹੂਰੀ ਅਧਿਕਾਰ ਸਭਾ ਦੇ ਜਿਲ੍ਹਾ ਸਕੱਤਰ ਜਸਬੀਰ ਦੀਪ, ਪ੍ਰਵੀਨ ਕੁਮਾਰ ਨਿਰਾਲਾ, ਇਸਤਰੀ ਜਾਗ੍ਰਿਤੀ ਮੰਚ ਦੇ ਜਿਲ੍ਹਾ ਸਕੱਤਰ ਰੁਪਿੰਦਰ ਕੌਰ ਦੁਰਗਾ ਪੁਰ, ਹਰਬੰਸ ਕੌਰ ਨਵਾਂਸ਼ਹਿਰ, ਬਲਵਿੰਦਰ ਕੌਰ ਨਵਾਂਸ਼ਹਿਰ, ਮਨਜੀਤ ਕੌਰ ਅਲਾਚੌਰ ਕਿਰਨਜੀਤ ਕੌਰ ਨੇ ਕੀਤਾ। ਆਗੂਆਂ ਨੇ ਦੋਸ਼ੀਆਂ ਦੀ ਪਹਿਚਾਣ ਕਰਨ ਤੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

# ਸੁਨਾਮ ਐਡਵੋਕੇਟ ਦੀ ਹੋਈ ਕੁੱਟਮਾਰ ਦੇ ਵਿਰੁੱਧ ਪੰਜਾਬ ਪੱਧਰੀ ਹੜਤਾਲ ਸ਼ੁਰੂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬਾਰ ਐਸੋਸੀਏਸ਼ਨ ਸੁਨਾਮ ਵੱਲੋਂ ਦਿੱਤੇ ਸੂਬਾ ਪੱਧਰੀ ਹੜਤਾਲ ਦੇ ਸੱਦੇ ਦੇ ਮੱਦੇਨਜ਼ਰ ਡੀ ਬੀ ਏ ਹੁਸ਼ਿਆਰਪੁਰ ਦੀ ਕਾਰਜਕਾਰਨੀ ਦੀ ਇੱਕ ਜ਼ਰੂਰੀ ਮੀਟਿੰਗ ਜਨਾਬ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਐਡਵੋਕੇਟ ਰਣਜੀਤ ਕੁਮਾਰ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਦਸਿਆ ਕਿ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ ਕਿ ਡੀ ਬੀ ਏ ਹੁਸ਼ਿਆਰਪੁਰ ਵੱਲੋਂ ਬਾਰ ਐਸੋਸੀਏਸ਼ਨ ਸੁਨਾਮ ਦੇ ਸੱਦੇ ਦੀ ਪਾਲਣਾ ਕਰਦਿਆਂ ਐਡਵੋਕੇਟ ਦੀ ਬੇਰਹਿਮੀ ਨਾਲ ਹੋਈ ਕੁੱਟਮਾਰ ਦੀ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਐਸ ਡੀ ਐਮ ਹੁਸ਼ਿਆਰਪੁਰ ਦੇ ਵਿਰੁੱਧ ਪਹਿਲਾਂ ਹੀ ਜਿਲ੍ਹਾ ਬਾਰ ਐਸੋਸੀਏਸ਼ਨ ਵੱਲੋਂ ਸੰਘਰਸ਼ ਜਾਰੀ ਹੈ ਅਤੇ ਬਾਰ ਦੀ ਕਾਰਜਕਾਰਨੀ ਨੇ ਸੀਨੀਅਰ ਐਡਵੋਕੇਟ ਤੋਂ ਮੁਆਫੀ ਮੰਗਣ ਤੱਕ ਐਸ ਡੀ ਐਮ, ਹੁਸ਼ਿਆਰਪੁਰ ਦੀ ਅਦਾਲਤ ਦਾ ਬਾਈਕਾਟ ਜਾਰੀ ਰੱਖਣ ਦਾ ਫੈਸਲਾ ਕੀਤਾ ਹੋਇਆ ਹੈ।

# ਸੈਨਿਕ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ 2024-25 ਲਈ ਦਾਖਲੇ ਸ਼ੁਰੂ

**ਮੋਹਾਲੀ, (ਗੁਰਜੀਤ ਬਿੱਲਾ)** ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਅਧੀਨ ਨਾ-ਮਾਤਰ ਫ਼ੀਸ ਨਾਲ ਚੱਲ ਰਹੀ ਵਿਦਿਅਕ ਸੰਸਥਾ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਐੱਸ ਏ ਐੱਸ ਨਗਰ ਮੋਹਾਲੀ ਵਿਖੇ ਵਿੱਦਿਅਕ ਵਰ੍ਹੇ 2024-25 ਲਈ ਦਾਖਲੇ ਸ਼ੁਰੂ ਹੋ ਗਏ ਹਨ।ਕਾਲਜ ਡਾਇਰੈਕਟਰ ਲੈਫ਼. ਕਰਨਲ (ਰਿਟਾ.) ਸਰਬਜੀਤ ਸਿੰਘ ਸੈਣੀ ਨੇ ਦੱਸਿਆ ਕਿ ਸੈਨਿਕ ਇਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਐੱਸ ਏ ਐੱਸ ਨਗਰ ਮੋਹਾਲੀ, ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਤੋਂ ਮਾਨਤਾ ਪ੍ਰਾਪਤ ਹੈ, ਜਿੱਥੇ ਵਿਦਿਆਰਥੀਆਂ ਦੇ ਭਵਿੱਖ ਨੂੰ ਉਜਵਲ ਬਣਾਉਣ ਲਈ ਟੈਕਨੀਕਲ ਕੋਰਸ ਕਰਵਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੋਰਸਾਂ ਦੀ ਫੀਸ ਨਾ-ਮਾਤਰ ਹੈ। ਉਸ ਦੇ ਨਾਲ ਹੀ ਪੰਜਾਬੀ ਸ਼ਾਰਟਹੈਂਡ ਸਟੈਨੋ ਦੇ ਦਾਖਲੇ ਲਈ ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।ਸਿਖਲਾਈ ਲੈਣ ਦੇ ਚਾਹਵਾਨ ਉਮੀਦਵਾਰ ਮਿਤੀ 15 ਸਤੰਬਰ ਤੋਂ ਪਹਿਲਾਂ ਦਾਖਲਾ ਫਾਰਮ ਪ੍ਰਾਪਤ ਕਰ ਸਕਦੇ ਹਨ। ਦਾਖਲਾ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ।

6-SEP-PAGE-10.qxd 9/5/2024 10:23 PM Page 1



# ਗੋਨਿਆਣਾ ਨਗਰ ਕੌਂਸਲ 'ਚ ਕਰੋੜਾਂ ਰੁਪਏ ਦੇ ਘਪਲੇ ਦਾ ਦੋਸ਼, ਵਿਜੀਲੈਂਸ ਨੂੰ ਸੌਂਪੀ ਸ਼ਿਕਾਇਤ

## ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂਚ ਸ਼ੁਰੂ, ਨਗਰ ਪ੍ਰਧਾਨ ਨੇ ਦੋਸ਼ ਨਕਾਰੇ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਤਤਕਾਲੀ ਕਾਂਗਰਸ ਸਰਕਾਰ ਸਮੇਂ ਨਗਰ ਕੌਂਸਲ ਗੋਨਿਆਣਾ ਮੰਡੀ ਵਿੱਚ ਕਰੋੜਾਂ ਰੁਪਏ ਦੇ ਘਪਲੇ ਦਾ ਮਾਮਲਾ ਉਜਾਗਰ ਹੋਇਆ ਹੈ।ਨੌਜਵਾਨ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਸੋਨੂ ਮਹੇਸ਼ਵਰੀ ਨੇ ਜਿੱਥੇ ਇਸ ਮਾਮਲੇ ਦੀ ਸ਼ਿਕਾਇਤ ਵਿਜੀਲੈਂਸ ਵਿਭਾਗ ਕੋਲ ਕੀਤੀ ਹੈ, ਉੱਥੇ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਆਪਣੇ ਪੱਧਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਸ਼ਿਕਾਇਤ ਤੋਂ ਬਾਅਦ ਵਧੀਕ ਡਿਪਟੀ ਕਮਿਸ਼ਨਰ ਮਨਦੀਪ ਕੌਰ ਵੱਲੋਂ ਹੱਡਾ ਰੋੜੀ ਤੋਂ ਕੂੜਾ ਡੰਪ ਵਿੱਚ ਤਬਦੀਲ ਕੀਤੀ ਜਗ੍ਹਾ ਦਾ ਦੌਰਾ ਕੀਤਾ ਗਿਆ।ਨੌਜਵਾਨ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਸੋਨੂ ਮਹੇਸ਼ਵਰੀ ਨੇ ਵਿਜੀਲੈਂਸ ਵਿਭਾਗ ਨੂੰ ਸੌਂਪੀ ਸ਼ਿਕਾਇਤ ਵਿੱਚ ਦੱਸਿਆ ਕਿ ਤਤਕਾਲੀ ਕਾਂਗਰਸ ਸਰਕਾਰ ਸਮੇਂ ਨਗਰ ਕੌਂਸਲ ਗੋਨਿਆਣਾ ਮੰਡੀ ਵਿੱਚ ਲੱਖਾਂ ਰੁਪਏ ਦਾ ਗੋਲ ਮਾਲ ਹੋਇਆ ਹੈ।ਉਨ੍ਹਾ ਦੱਸਿਆ ਕਿ ਗੋਨਿਆਣਾ ਜੈਤੋ ਰੋਡ 'ਤੇ ਕਈ ਏਕੜ ਜਗ੍ਹਾ ਵਿੱਚ ਹੱਡਾ ਰੋੜੀ ਬਣੀ ਹੋਈ ਸੀ, ਜਿਸ ਨੂੰ ਨਗਰ ਕੌਂਸਲ ਨੇ ਸਾਲ 2022 ਵਿੱਚ ਕੂੜਾ ਡੰਪ ਵਿੱਚ ਤਬਦੀਲ ਕਰ ਦਿੱਤਾ ਗਿਆ।ਉਨ੍ਹਾ ਦੱਸਿਆ ਕਿ ਕੂੜਾ ਡੰਪ ਬਣਾਉਣ ਲਈ ਨਗਰ ਕੌਂਸਲ ਗੋਨਿਆਣਾ ਵੱਲੋਂ 57 ਲੱਖ 79 ਹਜ਼ਾਰ ਰੁਪਏ ਖਰਚ ਦਿਖਾਇਆ ਗਿਆ ਹੈ, ਜਦੋਂ ਕਿ ਕੂੜਾ ਡੰਪ ਉੱਪਰ ਕੁਝ ਲੱਖ ਰੁਪਏ ਹੀ ਖਰਚ ਹੋਏ ਹਨ।ਸੋਨੂ ਮਹੇਸ਼ਵਰੀ ਨੇ ਕੂੜਾ ਡੰਪ ਵਾਲੀ ਜਗ੍ਹਾ 'ਤੇ ਪਹੁੰਚ ਕੇ ਦੱਸਿਆ ਕਿ ਇੱਥੇ ਹੱਡਾ ਰੋੜੀ ਨੂੰ ਡੰਪ ਵਿੱਚ ਤਬਦੀਲ ਕਰਨ ਲਈ 3 ਲੱਖ 5 ਹਜ਼ਾਰ ਰੁਪਏ ਇੱਟ ਲੱਗੀ ਦਿਖਾਈ ਗਈ ਹੈ, ਜਿਸ ਦੀ ਕੀਮਤ 19 ਲੱਖ 82 ਹਜ਼ਾਰ ਰੁਪਏ ਬਣਦੀ ਹੈ।ਹਾਲਾਂਕਿ ਕੂੜਾ ਡੰਪ ਵਿੱਚ ਇੰਨੀ ਇੱਟ ਲੱਗੀ ਦਿਖਾਈ ਨਹੀਂ ਦਿੰਦੀ।ਉਨ੍ਹਾ ਦੱਸਿਆ ਕਿ ਇਸ ਤੋਂ ਇਲਾਵਾ 2 ਹਜ਼ਾਰ 880 ਦੇ ਕਰੀਬ ਸੀਮਿੰਟ ਦੇ ਗੱਟੇ ਕੂੜਾ ਡੰਪ ਦੀ ਉਸਾਰੀ ਲਈ ਲਗਾਏ ਗਏ ਦਿਖਾਏ ਗਏ ਹਨ, ਜਿਸ ਦੀ ਕੀਮਤ 9 ਲੱਖ ਬਣਦੀ ਹੈ।ਸਮਾਜ ਸੇਵੀ ਆਗੂ ਸੋਨੂ ਮਹੇਸ਼ਵਰੀ ਨੇ ਦੱਸਿਆ ਕਿ ਕੂੜਾ ਡੰਪ ਵਿੱਚ 45 ਹਜ਼ਾਰ ਇੰਟਰਲਾਕਿੰਗ ਟਾਈਲਾਂ ਲੱਗੀਆਂ ਦਰਸਾਈਆਂ ਗਈਆਂ ਹਨ, ਜਿਸ ਦੀ ਕੀਮਤ 5 ਲੱਖ 85 ਹਜ਼ਾਰ ਰੁਪਏ ਬਣਦੀ ਹੈ, ਪਰ ਕੂੜਾ ਡੰਪ ਅੰਦਰ ਕਿਧਰੇ ਵੀ ਇੰਟਰਲਾਕਿੰਗ ਟਾਇਲ ਨਹੀਂ ਲੱਗੀ ਹੋਈ।ਉਨ੍ਹਾ ਵਿਜੀਲੈਂਸ ਨੂੰ ਕੀਤੀ ਸ਼ਿਕਾਇਤ ਵਿੱਚ ਦੱਸਿਆ ਕਿ ਏਨਾ ਹੀ ਨਹੀਂ ਕੂੜਾ ਡੰਪ ਵਿੱਚ ਨਗਰ ਕੌਂਸਲ ਦੇ ਅਧਿਕਾਰੀਆਂ ਨੇ 21 ਹਜ਼ਾਰ 500 ਕਿੱਲੋ ਲੋਹਾ ਲੱਗਿਆ ਦਰਜ ਕੀਤਾ ਹੈ, ਜਿਸ ਦੀ ਕੀਮਤ 13 ਲੱਖ 97,500 ਬਣਦੀ ਹੈ।ਉਨ੍ਹਾਂ ਦੱਸਿਆ ਕਿ ਕੂੜਾ ਡੰਪ ਵਿੱਚ ਸਿਰਫ ਛੋਟਾ ਜਿਹਾ ਲੋਹੇ ਦੀਆਂ ਚਾਦਰਾਂ ਦਾ ਸ਼ੈੱਡ ਪਾਇਆ ਗਿਆ ਹੈ।ਇਸ ਤੋਂ ਇਲਾਵਾ ਕੂੜਾ ਡੰਪ ਵਿੱਚ ਕੁਝ ਨਹੀਂ ਹੈ।ਉਨ੍ਹਾ ਕਿਹਾ ਕਿ ਨਗਰ ਕੌਂਸਲ ਗੋਨਿਆਣਾ ਦੇ ਅਧਿਕਾਰੀਆਂ ਨੇ ਸਿਆਸੀ ਸ਼ਹਿ 'ਤੇ ਤਤਕਾਲੀ ਕਾਂਗਰਸ ਸਰਕਾਰ ਸਮੇਂ ਲੱਖਾਂ ਰੁਪਏ ਦਾ ਘਪਲਾ ਕੀਤਾ ਹੈ, ਜਿਸ ਦੀ ਜਾਂਚ ਕੀਤੀ ਜਾਵੇ ਤਾਂ ਇਹੀ ਘਪਲਾ ਕਰੋੜਾਂ ਰੁਪਏ ਵਿੱਚ ਵੀ ਜਾ ਸਕਦਾ ਹੈ।ਉਨ੍ਹਾ ਕੂੜਾ ਡੰਪ ਵਾਲੀ ਜਗ੍ਹਾ ਤੋਂ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਦੱਸਿਆ ਕਿ ਹੱਡਾ ਰੋੜੀ ਨੂੰ ਕੂੜਾ ਡੰਪ ਵਿੱਚ ਤਬਦੀਲ ਕਰਨ ਲਈ ਹੀ 57 ਲੱਖ ਰੁਪਏ ਦਾ ਘਪਲਾ ਕੀਤਾ ਗਿਆ ਹੈ।ਉਨ੍ਹਾਂ ਦੋਸ਼ ਲਾਇਆ ਕਿ ਨਗਰ ਕੌਂਸਲ ਵਿੱਚ ਕਰੋੜਾਂ ਰੁਪਏ ਦਾ ਗੋਲ ਮਾਲ ਹੈ। ਹਾਲਾਂਕਿ ਉਸ ਸਮੇਂ ਦੇ ਨਗਰ ਕੌਂਸਲ ਦੇ ਤਤਕਾਲੀ ਪ੍ਰਧਾਨ ਮਨਮੋਹਨ ਢੀਂਗਰਾ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਕੂੜਾ ਡੰਪ ਦਾ ਕੰਮ ਨਿਯਮਾਂ ਅਨੁਸਾਰ ਟੈਂਡਰ ਦੇ ਅਧਾਰ 'ਤੇ ਹੋਇਆ ਹੈ। ਦੂਜੇ ਪਾਸੇ ਸੋਨੂ ਮਹੇਸ਼ਵਰੀ ਦੀ ਸ਼ਿਕਾਇਤ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਆਪਣੇ ਪੱਧਰ 'ਤੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।ਵਧੀਕ ਡਿਪਟੀ ਕਮਿਸ਼ਨਰ ਮਨਦੀਪ ਕੌਰ ਨੇ ਬੁੱਧਵਾਰ ਨੂੰ ਕੂੜਾ ਡੰਪ ਵਾਲੀ ਜਗ੍ਹਾ ਦਾ ਦੌਰਾ ਕੀਤਾ।ਉਨ੍ਹਾਂ ਇਸ ਮਾਮਲੇ ਸਬੰਧੀ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਤੋਂ ਵੀ ਪੁੱਛਗਿੱਛ ਕੀਤੀ।ਇਸ ਮੌਕੇ ਉਨ੍ਹਾਂ ਕਿਹਾ ਕਿ ਹੱਡਾ ਰੋੜੀ ਨੂੰ ਕੂੜਾ ਡੰਪ ਵਿੱਚ ਤਬਦੀਲ ਕਰਨ ਲਈ ਘਪਲੇ ਦੇ ਦੋਸ਼ ਲੱਗੇ ਹਨ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

# ਅੱਡੀਆਂ ਚੁੱਕ ਬਦਲਾਅ ਉਡੀਕ ਰਹੇ ਹਲਕਾ ਸ਼ੁਤਰਾਣਾ ਦੇ ਲੋਕ : ਡਾ. ਜਤਿੰਦਰ ਸਿੰਘ ਮੱਟੂ

## ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਡਾਕਟਰ ਮੱਟੂ ਵੱਲੋਂ ਪਿੰਡਾਂ ਦੇ ਦੌਰੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਹਲਕਾ ਸ਼ੁਤਰਾਣਾ ਅਧੀਨ ਆਉਂਦੇ ਪਿੰਡਾਂ ਦੇ ਲੋਕ ਲਗਾਤਾਰ ਸਮੱਸਿਆਵਾਂ ਨਾਲ ਜੂਝ ਰਹੇ ਹਨ, ਕਿਧਰੇ ਪੀਣ ਲਈ ਸਾਫ ਪਾਣੀ ਨਹੀਂ, ਕਿਤੇ ਮਨਰੇਗਾ 'ਚ ਮਜ਼ਦੂਰਾਂ ਨੂੰ ਰੁਜ਼ਗਾਰ ਨਹੀਂ, ਹੈਲਥ ਸੈਂਟਰਾਂ ਵਿੱਚ ਡਾਕਟਰ ਨਾ ਹੋਣ ਕਾਰਨ ਇਲਾਜ ਨਹੀਂ, ਬਦਲਾਅ ਵਾਲੀ ਸਰਕਾਰ ਦੇ ਢਾਈ ਸਾਲ ਬੀਤ ਜਾਣ ਦੇ ਬਾਅਦ ਵੀ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਕੋਈ ਬਦਲਾਅ ਨਹੀਂ ਆਇਆ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਪਿੰਡ ਸਧਾਰਨਪੁਰ ਵਿਖੇ ਲੋਕਾਂ ਦੀਆਂ ਦੁੱਖ-ਤਕਲੀਫਾਂ ਸੁਣਨ ਤੋਂ ਬਾਅਦ ਗੱਲਬਾਤ ਕਰਦਿਆਂ ਕੀਤਾ। ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਪਿੰਡਾਂ ਦੇ ਲੋੜਵੰਦ ਲੋਕਾਂ ਦੇ ਸਸਤੇ ਰਾਸ਼ਨ ਦੇਣ ਵਾਲੇ ਰਾਸ਼ਨ ਕਾਰਡ ਕੱਟਣ ਤੋਂ ਬਾਅਦ ਮੁੜ ਨਹੀਂ ਬਣਾਏ ਗਏ, ਲੋਕਾਂ ਦੇ ਘਰਾਂ ਦੀਆਂ ਛੱਤਾਂ ਬਦਲਣ ਲਈ ਸਬੰਧਤ ਵਿਭਾਗ ਕੋਈ ਚਾਰਾਜੋਈ ਨਹੀਂ ਕਰ ਰਿਹਾ।ਪਿੰਡਾਂ ਅੰਦਰ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਸਮੱਸਿਆ ਲਗਭਗ ਹਰ ਪਿੰਡ ਵਿੱਚ ਹੈ।ਇਸ ਦੌਰਾਨ ਪਿੰਡ ਸਧਾਰਨਪੁਰ ਦੇ ਬਜ਼ੁਰਗਾਂ ਨੇ ਦੱਸਿਆ ਕਿ ਉਨ੍ਹਾਂ ਦੇ ਕੱਚੇ ਮਕਾਨਾਂ ਦੀਆਂ ਬਾਲਿਆਂ ਵਾਲੀਆਂ ਛੱਤਾਂ ਬਦਲਣ ਲਈ ਪਿੰਡ ਦੇ 51 ਦੇ ਲਗਭਗ ਘਰਾਂ ਦੇ ਕੇਸ ਪਾਸ ਹੋ ਗਏ ਸਨ, ਪਰ ਪਿੰਡ ਦੇ ਲੋਕਾਂ ਨੂੰ ਹੁਣ ਤੱਕ ਧੇਲਾ ਵੀ ਨਸੀਬ ਨਹੀਂ ਹੋਇਆ।ਡਾ. ਮੱਟੂ ਨੇ ਕਿਹਾ ਕਿ ਬਦਲਾਅ ਵਾਲੇ ਚੁਣ ਕੇ ਭੇਜੇ ਲੋਕ ਨਮਾਇੰਦੇ ਆਪਣਾ ਤਾਂ ਖਾਸਾ ਬਦਲਾਅ ਕਰ ਰਹੇ ਹਨ, ਪਰ ਮੁਸੀਬਤਾਂ ਨਾਲ ਘਿਰੇ ਲੋਕਾਂ ਦੀ ਸਰਕਾਰ ਨੂੰ ਕੋਈ ਚਿੰਤਾ ਨਹੀਂ।ਹਲਕੇ ਦੇ ਲੋਕ ਅੱਡੀਆਂ ਚੁੱਕ ਕੇ ਬਦਲਾਅ ਉਡੀਕ ਰਹੇ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਇੱਧਰ ਉੱਧਰ ਦੀਆਂ ਗੱਲਾਂ ਬਾਤਾਂ ਛੱਡ ਕੇ ਪੰਜਾਬ ਦੇ ਪਿੰਡਾਂ ਸ਼ਹਿਰਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵੱਲ ਧਿਆਨ ਦੇਣਾ ਚਾਹੀਦਾ ਹੈ।

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਪਹਿਲਾ ਪ੍ਰਕਾਸ਼ ਦਿਹਾੜਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਜਿਥੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ, ਉਥੇ ਫਿਰੋਜ਼ਪੁਰ ਦੇ ਮਖੂ ਗੇਟ ਸਥਿਤ ਗੁਰਦੁਆਰਾ ਭਾਈ ਹਾਕਮ ਸਿੰਘ ਜੋ ਅੱਜਕੱਲ੍ਹ ਇਲਾਕੇ ਭਰ ਦੀਆਂ ਸੰਗਤਾਂ ਲਈ ਇਕ ਸ਼ਰਧਾ ਦਾ ਕੇਂਦਰ ਬਣ ਚੁੱਕਾ ਹੈ ਵਿਖੇ ਵੀ ਇਹ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਸੰਗਤਾਂ ਵੱਲੋਂ ਪੰਜ ਬਾਣੀਆਂ ਦੇ ਨਿੱਤਨੇਮ ਕਰਨ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਭਾਈ ਸਲਵਿੰਦਰ ਸਿੰਘ, ਭਾਈ ਕੁਲਵੰਤ ਸਿੰਘ ਤੇ ਭਾਈ ਜਸਬੀਰ ਸਿੰਘ ਜਥਿਆਂ ਵੱਲੋਂ ਕੀਤੇ ਮਨੋਹਰ ਕੀਰਤਨ ਦੇ ਨਾਲ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਮਨੁੱਖਤਾ ਅਤੇ ਸੰਗਤਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਨ ਉਪਰੰਤ ਇਸ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਮਿੰਦਰ ਸਾਹਿਬ ਵਿਖੇ ਕਰਵਾ ਕੇ ਜੋ ਦੇਣ ਸੰਗਤਾਂ ਨੂੰ ਦਿੱਤੀ ਹੈ, ਉਸ ਲਈ ਸਮੁੱਚੀਆਂ ਸੰਗਤਾਂ ਰਹਿੰਦੀ ਦੁਨੀਆ ਤੱਕ ਰਿਣੀ ਰਹਿਣਗੀਆਂ, ਬਾਰੇ ਵੀ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਗੁਰੂ ਅਰਜਨ ਦੇਵ ਜੀ ਨੂੰ ਇਸ ਬਾਰੇ ਪਤਾ ਸੀ ਕਿ ਆਉਣ ਵਾਲੇ ਸਮੇਂ ਵਿਚ ਇਸ ਗ੍ਰੰਥ ਨੂੰ ਗੁਰੂ ਦਾ ਦਰਜਾ ਮਿਲੇਗਾ। ਦੀਵਾਨ ਸਮਾਪਤੀ ਉਪਰੰਤ ਕਈ ਤਰ੍ਹਾਂ ਦੇ ਲੰਗਰ ਵੀ ਅਟੁੱਟ ਵਰਤਾਏ ਗਏ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿੰਘ, ਭਾਈ ਜਸਪਾਲ ਸਿੰਘ, ਸੁਰਜੀਤ ਸਿੰਘ, ਨਿਰਮਲ ਸਿੰਘ ਦੁਲਚੀਕੇ, ਪ੍ਰਗਟ ਸਿੰਘ, ਸੁਖਬੀਰ ਸਿੰਘ ਸੰਧੂ, ਅਜਮੇਰ ਸਿੰਘ, ਗੁਰਚਰਨ ਸਿੰਘ ਬਾਵਾ, ਗੁਰਨਾਮ ਸਿੰਘ, ਸੁਖਦੇਵ ਸਿੰਘ, ਜਗਦੀਸ਼ ਬਜਾਜ, ਜੀਵਨ ਸਿੰਘ, ਰਾਜੇਸ਼ ਧਵਨ, ਬੀਬੀ ਜਸਵੀਰ ਕੌਰ, ਬਲਵਿੰਦਰ ਕੌਰ, ਨਰਿੰਦਰ ਕੌਰ, ਅਮਨਦੀਪ ਕੌਰ, ਮੁਸਕਾਨ ਕੌਰ, ਜੋਗਿੰਦਰ ਕੌਰ ਸਮੇਤ ਹੋਰ ਵੀ ਕਈ ਸੰਗਤਾਂ ਹਾਜ਼ਰ ਸਨ।

# ਸਿਹਤਮੰਦ ਜੀਵਨ ਲਈ ਚੰਗੀ ਖੁਰਾਕ ਦਾ ਹੋਣਾ ਅਤੀ ਜ਼ਰੂਰੀ : ਡਾ. ਦਵਿੰਦਰਜੀਤ ਕੌਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜ਼ਿਲ੍ਹੇ ਅੰਦਰ ਇੱਕ ਤੋਂ ਸੱਤ ਸਤੰਬਰ ਤੱਕ ਰਾਸ਼ਟਰੀ ਖੁਰਾਕ ਹਫਤਾ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਜਾਗਰੂਕ ਕਰਨ ਲਈ ਪਿੰਡ ਭੱਲਮਾਜਰਾ ਦੇ ਆਂਗਣਵਾੜੀ ਸੈਂਟਰ ਵਿੱਚ ਜਾਗਰੂਕਤਾ ਕੈਂਪ ਲਾਇਆ ਗਿਆ, ਜਿੱਥੇ ਗਰਭਵਤੀ ਔਰਤਾਂ, ਬੱਚਿਆਂ ਤੇ ਆਮ ਲੋਕਾਂ ਨੂੰ ਸਿਹਤਮੰਦ ਰਹਿਣ ਲਈ ਚੰਗੀ ਖੁਰਾਕ ਬਾਰੇ ਦੱਸਿਆ ਗਿਆ।ਕੈਂਪ ਨੂੰ ਸੰਬੋਧਨ ਕਰਦਿਆਂ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਕੌਮੀ ਖੁਰਾਕ ਹਫਤੇ ਦਾ ਮੁੱਖ ਉਦੇਸ਼ ਹਰ ਵਿਅਕਤੀ ਸਿਹਤਮੰਦ ਰਹਿਣ ਲਈ ਚੰਗੀ ਖੁਰਾਕ ਬਾਰੇ ਜਾਗਰੂਕ ਕਰਨਾ ਹੈ, ਕਿਉਂਕਿ ਸਿਹਤਮੰਦ ਜੀਵਨ ਲਈ ਚੰਗੀ ਖੁਰਾਕ ਦਾ ਹੋਣਾ ਅਤੀ ਜ਼ਰੂਰੀ ਹੈ।ਉਨ੍ਹਾ ਦੱਸਿਆ ਕਿ ਗਰਭਵਤੀ ਔਰਤਾਂ ਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਪੌਸ਼ਟਿਕ ਆਹਾਰ ਦੀ ਵਧੇਰੇ ਲੋੜ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਆਪਣੀ ਖੁਰਾਕ ਵਿੱਚ ਦੁੱਧ, ਦਹੀਂ, ਹਰੀਆਂ ਤੇ ਪੱਤੇਦਾਰ ਸਬਜ਼ੀਆਂ, ਉਬਲੀਆਂ ਤੇ ਪੁੰਗਰੀਆਂ ਦਾਲਾਂ ਅਤੇ ਮੌਸਮੀ ਫਲ ਆਦਿ ਨੂੰ ਆਪਣੇ ਭੋਜਨ 'ਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ।ਨਵ ਜਨਮੇ ਬੱਚੇ ਲਈ ਪਹਿਲੇ ਛੇ ਮਹੀਨੇ ਮਾਂ ਦਾ ਦੁੱਧ ਪੂਰਨ ਆਹਾਰ ਹੈ।ਉਨ੍ਹਾ ਕਿਹਾ ਕਿ ਅੱਜਕੱਲ੍ਹ ਬੱਚੇ ਫਾਸਟ ਫੂਡ ਖਾਣ ਦੇ ਬਹੁਤ ਸ਼ੌਕੀਨ ਹਨ, ਜੋ ਕਿ ਸਿਹਤ ਲਈ ਹਾਨੀਕਾਰਕ ਹੁੰਦਾ ਹੈ।ਇਹ ਖਾਣਾ ਖਾਣ ਨਾਲ ਬੱਚੇ ਬਹੁਤ ਸਾਰੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।ਇਸ ਲਈ ਫਾਸਟ ਫੂਡ ਤੇ ਜੰਕ ਫੂਡ ਖਾਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਗੁਰਦੀਪ ਸਿੰਘ, ਜਸਵਿੰਦਰ ਕੌਰ, ਮਲਟੀਪਰਪਜ਼ ਹੈਲਥ ਵਰਕਰ ਤਰਸੇਮ ਸਿੰਘ, ਬਲਵਿੰਦਰ ਕੌਰ, ਆਂਗਣਵਾੜੀ ਵਰਕਰ ਗੁਰਮੀਤ ਕੌਰ, ਟੀਚਰ ਕਸ਼ਮੀਰ ਸਿੰਘ, ਆਸ਼ਾ ਵਰਕਰਾਂ, ਪੰਚਾਇਤ ਮੈਂਬਰ ਤੇ ਆਮ ਲੋਕ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸੀਵਰੇਜ ਟਰੀਟਮੈਂਟ ਪਲਾਂਟ ਦਾ ਦੌਰਾ



**ਫਰੀਦਕੋਟ (ਐਲਗਜੈਂਡਰ ਡਿਸੂਜ਼ਾ)**-ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਅਰਾਈਆਂਵਾਲਾ ਰੋਡ 'ਤੇ ਸਥਿਤ ਸੀਵਰੇਜ ਟਰੀਟਮੈਂਟ ਪਲਾਂਟ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਕਾਰਜਕਾਰੀ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ ਮੋਗਾ, ਕਾਰਜਕਾਰੀ ਇੰਜੀਨੀਅਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਹਾਜ਼ਰ ਸਨ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਕਾਰਜਸ਼ੈਲੀ ਦੇਖੀ ਤੇ ਹਦਾਇਤ ਕੀਤੀ ਕਿ ਇਸ ਦੀ ਹੋਰ ਸੁਚੱਜੇ ਤਰੀਕੇ ਨਾਲ ਸਾਂਭ ਸੰਭਾਲ ਕੀਤੀ ਜਾਵੇ ਤੇ ਇਸ ਵਿੱਚ ਹੋਰ ਸੁਧਾਰ ਲਿਆਂਦਾ ਜਾਵੇ।ਇਸ ਫੇਰੀ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਟਰੀਟਮੈਂਟ ਪਲਾਂਟ ਵਿੱਚੋਂ ਸਾਫ ਕੀਤੇ ਪਾਣੀ ਦੀ ਪਰਖ ਕਰਵਾਈ ਜਾਵੇ।ਉਨ੍ਹਾਂ ਮੌਕੇ 'ਤੇ ਹਾਜ਼ਰ ਅਧਿਕਾਰੀਆਂ ਨੂੰ ਕਿਹਾ ਕਿ ਸੈਂਪਲ ਵਜੋਂ ਲਏ ਪਾਣੀ ਨੂੰ ਪਟਿਆਲਾ ਦੀ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾਵੇ ਤਾਂ ਜੋ ਸਾਫ ਪਾਣੀ ਨੂੰ ਸਿੰਚਾਈ ਜਾਂ ਹੋਰ ਵਰਤੋਂ ਵਾਸਤੇ ਇਸਤੇਮਾਲ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਕਿ ਇਹ ਸੀਵਰੇਜ ਟਰੀਟਮੈਂਟ ਪਲਾਂਟ ਸੀਵਰੇਜ ਬੋਰਡ ਵੱਲੋਂ 14 ਐੱਮ.ਐੱਲ.ਡੀ. ਸਮਰੱਥਾ ਵਾਲਾ ਬਣਾਇਆ ਗਿਆ ਸੀ, ਜਿਸ 'ਤੇ ਲਗਭਗ 21 ਕਰੋੜ ਰੁਪਏ ਖਰਚ ਆਇਆ ਸੀ।ਇਸ ਟਰੀਟਮੈਂਟ ਪਲਾਂਟ ਤੋਂ ਸਾਫ ਕੀਤਾ ਪਾਣੀ ਡਰੇਨਾਂ ਵਿੱਚ ਪਾਇਆ ਜਾ ਰਿਹਾ ਹੈ, ਜਿਸ ਨਾਲ ਵਾਤਾਵਰਨ ਨੂੰ ਹੋਣ ਵਾਲੇ ਪ੍ਰਦੂਸ਼ਣ ਨੂੰ ਠੱਲ੍ਹ ਪਈ ਹੈ।ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਟਰੀਟਮੈਂਟ ਪਲਾਂਟ ਦੇ ਟਰੀਟ ਕੀਤੇ ਪਾਣੀ ਦੇ ਸੈਂਪਲ ਲੈਬੋਰੇਟਰੀ ਵਿੱਚੋਂ ਪਾਸ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਲਦ ਹੀ ਭੂਮੀ ਰੱਖਿਆ ਵਿਭਾਗ ਵੱਲੋਂ ਪ੍ਰੋਜੈਕਟ ਪਾਸ ਕਰਕੇ ਇਸ ਪਾਣੀ ਨੂੰ ਸਿੰਚਾਈ ਤੇ ਹੋਰ ਕੰਮਾਂ ਲਈ ਵਰਤਣ ਲਈ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ।

ਇਸ ਮੌਕੇ ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਾਲੀਆਂ, ਸੀਵਰੇਜ ਵਿੱਚ ਕੂੜਾ ਕਰਕਟ, ਲਿਫਾਫੇ ਨਾ ਸੁੱਟਣ ਤਾਂ ਜੋ ਜ਼ਿਲ੍ਹੇ ਦੇ ਸੀਵਰੇਜ ਦੇ ਨਾਲ ਨਾਲ ਸੀਵਰੇਜ ਟਰੀਟਮੈਂਟ ਪਲਾਂਟ ਵੀ ਲਗਾਤਾਰ ਕੰਮ ਕਰਦਾ ਰਹੇ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਇਸ ਕੰਮ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦਾ ਸਾਥ ਦੇਣ।

# ਸਨਮਤੀ ਵਿਮਲ ਜੈਨ ਸਕੂਲ ਦੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਤੇ ਰਾਜ ਪੱਧਰੀ ਮੁਕਾਬਲਿਆਂ ਲਈ ਚੁਣੇ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਤੇ ਰਾਜ ਪੱਧਰੀ ਮੁਕਾਬਲਿਆਂ ਲਈ ਚੁਣੇ ਗਏ।ਇਸ ਮੌਕੇ ਸਕੂਲ ਦੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਡਰ-14 ਲੜਕਿਆਂ ਨੇ ਬਾਸਕਿਟਬਾਲ ਜ਼ੋਨ ਵਿੱਚ ਦੂਜਾ ਸਥਾਨ ਤੇ ਅੰਡਰ-19 ਲੜਕੀਆਂ ਨੇ ਬਾਸਕਿਟਬਾਲ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ, ਜਿਨ੍ਹਾਂ ਵਿੱਚ ਜੈਸਨੂਰ ਸਿੰਘ, ਬਲਰਾਜ ਸਿੰਘ, ਮਨੀਸ਼, ਪ੍ਰਭਗੁਣਵੀਰ ਸਿੰਘ, ਸਾਹਿਲ ਬਾਸਕਟ ਬਾਲ ਲਈ ਜ਼ਿਲ੍ਹਾ ਪੱਧਰ ਲਈ ਚੁਣੇ ਗਏ।ਬਾਸਕਟ ਬਾਲ ਲੜਕੀਆਂ ਦੀ ਟੀਮ ਵਿੱਚੋਂ ਨੂਰ ਮਨਜੀਤ ਕੌਰ, ਲਵਦੀਪ ਕੌਰ ਜ਼ਿਲ੍ਹਾ ਪੱਧਰ ਲਈ ਚੁਣੀਆਂ ਗਈਆਂ।ਇਸੇ ਤਰ੍ਹਾਂ ਅੰਡਰ-19 ਹੈਂਡਵਾਲ ਲੜਕੀਆਂ ਵਿੱਚ ਰੋਬਿਨਪ੍ਰੀਤ ਕੌਰ, ਸੁਮਨਪ੍ਰੀਤ ਕੌਰ, ਗੁਰਲੀਨ ਕੌਰ ਜ਼ਿਲ੍ਹਾ ਪੱਧਰ ਲਈ ਚੁਣੀਆਂ ਗਈਆਂ।ਇਸੇ ਤਰ੍ਹਾਂ ਕ੍ਰਿਕਟ ਦੀ ਟੀਮ ਵਿੱਚ ਚਿਰਾਗ, ਅਨੀਰੁਧ, ਗੁਰਪ੍ਰੀਤ ਸਿੰਘ ਤੇ ਆਜਮ ਚੁਣੇ ਗਏ। ਹਰਸ਼ਪ੍ਰੀਤ ਸਿੰਘ ਨੇ ਕੁਸ਼ਤੀਆਂ ਵਿੱਚ ਅੰਡਰ-19 ਭਾਰ ਵਰਗ 65 ਕਿੱਲੋ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹਾ ਪੱਧਰ ਵਿੱਚ ਆਪਣਾ ਸਥਾਨ ਬਣਾਇਆ ਤੇ ਗੋਲਡ ਮੈਡਲ ਪ੍ਰਾਪਤ ਕੀਤਾ।ਅੰਡਰ-19 ਨੈੱਟਵਾਲ ਲੜਕੀਆਂ ਨੇ ਦੂਜੇ ਸਥਾਨ 'ਤੇ ਰਹਿ ਕੇ ਰਾਜ ਪੱਧਰ ਦੀਆਂ ਖੇਡਾਂ ਵਿੱਚ ਆਪਣੀ ਜਗ੍ਹਾ ਬਣਾਈ।ਕਿੱਕ ਬਾਕਸਿੰਗ ਵਿੱਚ ਤਰੁਣਪ੍ਰੀਤ ਸਿੰਘ ਗਿੱਲ ਨੇ ਅੰਡਰ-17 ਵਿੱਚ ਤੇ ਕਪਿਲ ਨੇ ਅੰਡਰ-19 ਵਿੱਚ ਕ੍ਰਮਵਾਰ ਗੋਲਡ ਤੇ ਸਿਲਵਰ ਦੇ ਤਮਗੇ ਹਾਸਲ ਕੀਤੇ।ਸੁਮਨਪ੍ਰੀਤ ਕੌਰ ਨੇ ਬਾਕਸਿੰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਇਸ ਦੇ ਨਾਲ ਹੀ ਹੈਂਡਵਾਲ ਟੀਮ ਨੇ ਤੀਸਰੇ ਸਥਾਨ 'ਤੇ ਰਹਿ ਕੇ ਕਾਂਸੇ ਦੇ ਤਮਗੇ 'ਤੇ ਕਬਜ਼ਾ ਕੀਤਾ।ਹਰਸ਼ਪ੍ਰੀਤ ਸਿੰਘ ਕੁਸ਼ਤੀ ਫਰੀ ਸਟਾਇਲ ਤੇ ਗਰੀਕੋ ਸਟਾਈਲ ਲਈ ਚੁਣਿਆ ਗਿਆ। ਸੁਮਨਪ੍ਰੀਤ ਕੌਰ, ਬੰਧਨਾ ਰਾਣੀ, ਗੁਰਲੀਨ ਕੌਰ ਤੇ ਮਨਦੀਪ ਕੌਰ ਨੈੱਟਵਾਲ ਲਈ ਚੁਣੀਆਂ ਗਈਆਂ। ਇਸ ਖੁਸ਼ੀ ਮੌਕੇ ਡਾਇਰੈਕਟਰ ਮੈਡਮ ਸ਼ਸ਼ੀ ਜੈਨ ਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਬੱਚਿਆਂ ਦਾ ਮੂੰਹ ਮਿੱਠਾ ਕਰਵਾ ਕੇ ਸਵਾਗਤ ਕੀਤਾ ਤੇ ਇਸ ਜਿੱਤ ਦਾ ਸਿਹਰਾ ਡੀ ਪੀ ਮੈਡਮ ਕੁਲਵਿੰਦਰ ਕੌਰ, ਮੈਡਮ ਪਰਮਜੀਤ ਕੌਰ ਤੇ ਡੀ ਪੀ ਰਾਕੇਸ਼ ਕੁਮਾਰ ਤੇ ਬੱਚਿਆਂ ਦੇ ਸਿਰ ਬੰਨ੍ਹਿਆ।ਉਨ੍ਹਾਂ ਨੇ ਖਿਡਾਰੀਆਂ ਨੂੰ ਅੱਗੇ ਹੋਰ ਵੀ ਵੱਧ ਤੋਂ ਵੱਧ ਮਿਹਨਤ ਕਰ ਲਈ ਪ੍ਰੇਰਿਤ ਕੀਤਾ।

# ਮਾਡਲ ਸਕੂਲ ਚੁਨਾਗਰਾ ਵਿਖੇ ਐੱਨ ਐੱਸ ਐੱਸ ਕੈਂਪ ਲਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਚੁਨਾਗਰਾ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਇੱਕ ਰੋਜ਼ਾ ਐੱਨ ਐੱਸ ਐੱਸ ਕੈਂਪ ਲਗਾਇਆ ਗਿਆ।ਕੈਂਪ ਦਾ ਆਯੋਜਨ ਸਕੂਲ ਪ੍ਰਿੰਸੀਪਲ ਹਰੀਸ਼ ਕੁਮਾਰ ਦੀ ਅਗਵਾਈ ਵਿੱਚ ਪ੍ਰੋਗਰਾਮ ਅਫ਼ਸਰ ਸ੍ਰੀ ਲਵਕੇਸ਼ ਕੁਮਾਰ ਦੁਆਰਾ ਕੀਤਾ ਗਿਆ।ਐੱਨ ਐੱਸ ਐੱਸ ਯੂਨਿਟ ਦੇ ਵਲੰਟੀਅਰਾਂ ਨੇ ਪੂਰੇ ਉਤਸ਼ਾਹ ਨਾਲ ਕੈਂਪ ਵਿੱਚ ਭਾਗ ਲਿਆ ਤੇ ਪੂਰੀ ਤਨਦੇਹੀ ਨਾਲ ਸਕੂਲ ਦੇ ਪਾਰਕਾਂ ਅਤੇ ਖੇਡ ਦੇ ਮੈਦਾਨ ਦੀ ਸਫ਼ਾਈ ਕੀਤੀ ਤੇ ਸਵੱਛਤਾ ਦਾ ਸੰਦੇਸ਼ ਦਿੱਤਾ।ਇਸ ਮੌਕੇ ਸਮੂਹ ਵਲੰਟੀਅਰਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।ਅੰਤ ਵਿੱਚ ਪ੍ਰੋਗਰਾਮ ਅਫ਼ਸਰ ਲਵਕੇਸ਼ ਕੁਮਾਰ ਨੇ ਸਮੂਹ ਸਟਾਫ਼ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

# ਆਦਰਸ਼ ਮਾਡਲ ਸਕੂਲ ਵਿਖੇ ਤਰਕਸ਼ੀਲ ਪ੍ਰੋਗਰਾਮ ਕਰਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ ਤੇ ਸੀਤਾ ਰਾਮ ਬਾਲਦ ਕਲਾਂ ਆਧਾਰਤ ਤਰਕਸ਼ੀਲ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਵਿਖੇ ਇਕ ਸਿਖਿਆਦਾਇਕ, ਤਰਕਸ਼ੀਲ ਪਰੋਗਰਾਮ ਦਿੱਤਾ।ਪ੍ਰੋਗਰਾਮ ਅਫਸਰ ਗੁਰਪ੍ਰੀਤ ਕੌਰ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ, ਤਰਕਸ਼ੀਲਤਾ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਹਾਜ਼ਰੀਨ ਨੂੰ ਅੰਧਵਿਸ਼ਵਾਸ਼ਾਂ, ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ।ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ, ਲਗਨ, ਲਗਾਤਾਰਤਾ ਦੇ ਨਾਲ ਕੀ, ਕਿਉਂ, ਕਿਵੇਂ ਆਦਿ ਗੁਣ, ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜ਼ਰੂਰੀ ਹੁੰਦੇ ਹਨ, ਅਪਣਾਉਣ ਦਾ ਸੱਦਾ ਦਿੱਤਾ।ਇਸ ਮੌਕੇ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਨੇ ਛੇਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਪ੍ਰੀਖਿਆ ਸਾਰੇ ਪੰਜਾਬ ਵਿੱਚ 13 ਤੇ 14 ਅਕਤੂਬਰ ਨੂੰ ਹੋਵੇਗੀ ਤੇ ਇਸ ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀ ਸ਼ਾਮਲ ਹੋਣਗੇ।ਸੂਬਾ, ਜ਼ੋਨ ਤੇ ਇਕਾਈ ਪੱਧਰੀ ਕਲਾਸ ਵਾਇਜ਼ ਮੈਰਿਟ ਬਣੇਗੀ।ਮੈਰਿਟ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਧੀਆ ਪੜ੍ਹਨ ਸਮੱਗਰੀ ਤੇ ਮੈਰਿਟ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਪਰੋਕਤ ਤੋਂ ਇਲਾਵਾ ਕੁਲਬੀਰ ਸਿੰਘ, ਬਲਵੰਤ ਸਿੰਘ, ਅਮਨਦੀਪ, ਸ਼ੁਭ ਲਤਾ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

# ਜੈ ਇੰਦਰ ਕੌਰ ਨੇ ਪਟਿਆਲਾ ਸ਼ਹਿਰੀ ਲਈ ਭਾਜਪਾ ਮੈਂਬਰਸ਼ਿਪ ਦੀ ਕੀਤੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਭਾਰਤੀ ਜਨਤਾ ਪਾਰਟੀ (ਭਾਜਪਾ) ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਨੇ ਅੱਜ ਫੂਲ ਥੀਏਟਰ ਤੋਂ ਪਟਿਆਲਾ ਸ਼ਹਿਰੀ ਦੀ ਮੈਂਬਰਸ਼ਿਪ ਮੁਹਿੰਮ ਦੀ ਸ਼ੁਰੂਆਤ ਕੀਤੀ।ਇਸ ਸਮਾਗਮ ਵਿੱਚ ਪਟਿਆਲਾ ਤੋਂ 500 ਤੋਂ ਵੱਧ ਉਤਸ਼ਾਹੀ ਵਰਕਰਾਂ ਨੇ ਭਾਗ ਲਿਆ, ਜਿਨ੍ਹਾਂ ਨੇ ਪਾਰਟੀ ਦੇ ਮਿਸ਼ਨ ਨੂੰ ਆਪਣਾ ਸਮਰਥਨ ਦੇਣ ਦਾ ਵਾਅਦਾ ਕੀਤਾ।ਭਾਜਪਾ ਪੰਜਾਬ ਦੇ ਜਨਰਲ ਸਕੱਤਰ ਅਨਿਲ ਸਰੀਨ ਤੇ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਸੰਜੀਵ ਸ਼ਰਮਾ ਬਿੱਟੂ ਦੇ ਨਾਲ ਜੈ ਇੰਦਰ ਕੌਰ ਨੇ ਪਾਰਟੀ ਦੀ ਜ਼ਮੀਨੀ ਪੱਧਰ 'ਤੇ ਮੌਜੂਦਗੀ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਅੱਜ, ਅਸੀਂ ਆਪਣੀ ਪਾਰਟੀ ਦੀ ਪਹੁੰਚ ਨੂੰ ਵਧਾਉਣ ਤੇ ਪਟਿਆਲਾ ਸ਼ਹਿਰੀ ਦੇ ਲੋਕਾਂ ਨਾਲ ਜੁੜਨ ਲਈ ਇੱਕ ਯਾਤਰਾ ਸ਼ੁਰੂ ਕਰ ਰਹੇ ਹਾਂ। ਅਸੀਂ ਨਾਗਰਿਕਾਂ ਨੂੰ ਸ਼ਸ਼ਕਤ ਬਣਾਉਣ ਅਤੇ ਭਾਰਤ ਲਈ ਇੱਕ ਬਿਹਤਰ ਭਵਿੱਖ ਬਣਾਉਣ ਲਈ ਵਚਨਬੱਧ ਹਾਂ।ਮੈਂਬਰਸ਼ਿਪ ਮੁਹਿੰਮ ਆਪਣੀ ਮੈਂਬਰਸ਼ਿਪ ਵਧਾਉਣ ਅਤੇ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰੀ ਸੰਗਠਨ ਵਜੋਂ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਭਾਜਪਾ ਦੀ ਦੇਸ਼ ਵਿਆਪੀ ਪਹਿਲਕਦਮੀ ਦਾ ਹਿੱਸਾ ਹੈ। ਜੈ ਇੰਦਰ ਕੌਰ ਨੇ ਪਹਿਲਕਦਮੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਸਾਨੂੰ ਭਾਜਪਾ ਦਾ ਹਿੱਸਾ ਹੋਣ 'ਤੇ ਮਾਣ ਹੈ, ਜੋ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਚੰਗੇ ਸ਼ਾਸਨ ਤੇ ਵਿਕਾਸ ਦਾ ਪ੍ਰਤੀਕ ਬਣ ਗਈ ਹੈ। ਸਾਡੀ ਮੈਂਬਰਸ਼ਿਪ ਮੁਹਿੰਮ ਦਾ ਉਦੇਸ਼ ਵੱਧ ਤੋਂ ਵੱਧ ਲੋਕਾਂ ਨੂੰ ਇਸ ਵਿੱਚ ਲਿਆਉਣਾ ਹੈ। ਪਾਰਟੀ ਇੱਕ ਮਜ਼ਬੂਤ, ਵਧੇਰੇ ਖੁਸ਼ਹਾਲ ਭਾਰਤ ਦੇ ਨਿਰਮਾਣ ਲਈ ਮਿਲ ਕੇ ਕੰਮ ਕਰੇਗੀ।ਭਾਜਪਾ ਪੰਜਾਬ ਦੇ ਜਨਰਲ ਸਕੱਤਰ ਅਨਿਲ ਸਰੀਨ ਨੇ ਕਿਹਾ ਕਿ ਪੰਜਾਬ ਵਿੱਚ ਭਾਜਪਾ ਦੀ ਵੱਧ ਰਹੀ ਲੋਕਪ੍ਰਿਅਤਾ ਹਾਲੀਆ ਚੋਣਾਂ ਵਿੱਚ ਵੋਟ ਪ੍ਰਤੀਸ਼ਤ ਵਿੱਚ ਹੋਏ ਮਹੱਤਵਪੂਰਨ ਵਾਧੇ ਤੋਂ ਸਪੱਸ਼ਟ ਹੈ। ਸਮਰਥਨ ਵਿੱਚ ਇਹ ਵਾਧਾ ਪਾਰਟੀ ਦੀ ਵਿਚਾਰਧਾਰਾ ਤੇ ਵਿਕਾਸ ਪ੍ਰਤੀ ਇਸ ਦੀ ਵਚਨਬੱਧਤਾ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।ਇਹ ਸਪੱਸ਼ਟ ਹੈ ਕਿ ਪਾਰਟੀ ਦਾ ਸੰਦੇਸ਼ ਪੰਜਾਬ ਦੇ ਨਾਗਰਿਕਾਂ ਨਾਲ ਗੂੰਜ ਰਿਹਾ ਹੈ, ਜੋ ਇੱਕ ਬਿਹਤਰ ਭਾਰਤ ਦੇ ਨਿਰਮਾਣ ਲਈ ਭਾਜਪਾ ਦੇ ਮਿਸ਼ਨ ਦਾ ਹਿੱਸਾ ਬਣਨ ਲਈ ਉਤਸੁਕ ਹਨ।

# ਗੁਰਦੁਆਰਾ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਗੁਰਪੁਰਬ ਮਨਾਇਆ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਭਾਈ ਮਨਜਿੰਦਰ ਸਿੰਘ ਰਾਗੀ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਗਿਆ। ਇਸ ਮੌਕੇ ਮੈਨੇਜਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਸ਼ਬਦ ਗੁਰੂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਸਾਰ ਅੰਦਰ ਸਦੀਵੀ ਗੁਰੂ ਦਾ ਦਰਜਾ ਹਾਸਲ ਹੈ।ਪਹਿਲੇ ਪ੍ਰਕਾਸ਼ ਪੁਰਬ ਦੇ ਪਵਿੱਤਰ ਦਿਹਾੜੇ ਮੌਕੇ ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕਰਵਾ ਕੇ ਸਮੁੱਚੀ ਲੋਕਾਈ ਨੂੰ ਸ਼ਬਦ ਗੁਰੂ ਦੇ ਉਪਦੇਸ਼ ਦੇ ਸਨਮੁੱਖ ਕੀਤਾ ਸੀ।ਇਸ ਪਵਿੱਤਰ ਦਿਹਾੜੇ ਦੀਆਂ ਸਮੁੱਚੀ ਲੋਕਾਈ ਨੂੰ ਲੱਖ-ਲੱਖ ਵਧਾਈਆਂ।ਇਸ ਮੌਕੇ ਬਲਵਿੰਦਰ ਸਿੰਘ ਭਮਾਰਸੀ ਐਡੀਸ਼ਨਲ ਮੈਨੇਜਰ, ਜੋਗਾ ਸਿੰਘ ਸੁਪਰਵਾਈਜ਼ਰ, ਹਰਮਨਜੀਤ ਸਿੰਘ ਰਿਕਾਰਡ ਕੀਪਰ, ਗੁਰਇਕਬਾਲ ਸਿੰਘ ਮਾਨ, ਗਗਨਦੀਪ ਸਿੰਘ, ਹਰਜੀਤ ਸਿੰਘ ਤੇ ਸਮੁੱਚੀ ਸਾਧ ਸੰਗਤ ਨੇ ਹਾਜ਼ਰੀ ਭਰ ਕੇ ਗੁਰੂ ਘਰ ਤੋਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਆਕਾਸ਼ ਸ਼ਾਖਾ ਨੇ ਰੁੱਖ ਲਗਾਓ ਮੁਹਿੰਮ ਤਹਿਤ 383 ਬੂਟੇ ਲਗਾਏ



**ਲੁਧਿਆਣਾ (ਐੱਮ ਐੱਸ ਭਾਟੀਆ)**-ਇੱਕ ਵਿਲੱਖਣ ਤੇ ਪ੍ਰੇਰਨਾਦਾਇਕ ਪਹਿਲਕਦਮੀ ਤਹਿਤ ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲਿਮਿਟਡ (ਏ.ਈ.ਐਸ.ਐਲ.) ਦੀ ਲੁਧਿਆਣਾ ਸ਼ਾਖਾ ਨੇ 2024 ਵਿੱਚ ਆਪਣੇ ਵਿਦਿਆਰਥੀਆਂ ਦੀਆਂ ਨੀਟ, ਜੇਈਈ ਮੇਨ, ਜੇਈਈ ਐਡਵਾਂਸਡ ਤੇ ਵੱਖ-ਵੱਖ ਓਲੰਪੀਆਡ ਵਿੱਚ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਲਈ ਇੱਕ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ, ਪੀਏਯੂ, ਲੁਧਿਆਣਾ ਵਿੱਚ ਸ਼ਾਖਾ ਵੱਲੋਂ 383 ਬੂਟੇ ਲਗਾਏ ਗਏ, ਜੋ ਇਨ੍ਹਾਂ ਵੱਕਾਰੀ ਪ੍ਰੀਖਿਆਵਾਂ ਵਿੱਚ ਪਾਸ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦਾ ਪ੍ਰਤੀਕ ਹੈ।

ਆਕਾਸ਼ ਲੁਧਿਆਣਾ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਸਟਾਫ ਨੇ ਮਾਨਯੋਗ ਮੁੱਖ ਮਹਿਮਾਨ ਏ.ਸੀ.ਪੀ ਟ੍ਰੈਫਿਕ ਲੁਧਿਆਣਾ ਚਰਨਜੀਵ ਲਾਂਬਾ ਸਮੇਤ ਇਸ ਰੁੱਖ ਲਗਾਉਣ ਦੀ ਮੁਹਿੰਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।ਮੁੱਖ ਮਹਿਮਾਨ ਨੇ ਆਕਾਸ਼ ਇੰਸਟੀਚਿਊਟ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਉਪਰਾਲਾ ਇਸ ਗੱਲ ਦੀ ਮਿਸਾਲ ਹੈ ਕਿ ਕਿਵੇਂ ਵਿੱਦਿਅਕ ਅਦਾਰੇ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਸਗੋਂ ਸਾਡੇ ਵਾਤਾਵਰਨ ਦੇ ਭਵਿੱਖ ਨੂੰ ਵੀ ਸੰਵਾਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ।ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲਿਮਿਟਡ ਦੇ ਖੇਤਰੀ ਨਿਰਦੇਸ਼ਕ ਪਰਮੇਸ਼ਵਰ ਝਾਅ ਨੇ ਕਿਹਾ, ਸਾਡੇ ਵਿਦਿਆਰਥੀਆਂ ਦੀ ਸਫਲਤਾ ਉਨ੍ਹਾਂ ਦੀ ਸਖ਼ਤ ਮਿਹਨਤ ਤੇ ਸਾਡੇ ਅਧਿਆਪਕਾਂ ਦੀ ਵਚਨਬੱਧਤਾ ਦਾ ਪ੍ਰਮਾਣ ਹੈ।ਇਹ 383 ਬੂਟੇ ਲਗਾ ਕੇ, ਅਸੀਂ ਨਾ ਸਿਰਫ਼ ਉਨ੍ਹਾਂ ਦੀ ਅਕਾਦਮਿਕ ਸਫਲਤਾ ਦਾ ਜਸ਼ਨ ਮਨਾ ਰਹੇ ਹਾਂ, ਸਗੋਂ ਹਰਿਆ-ਭਰਿਆ ਭਵਿੱਖ ਪ੍ਰਤੀ ਸਾਡੀ ਸਾਂਝੀ ਵਚਨਬੱਧਤਾ ਦਾ ਵੀ ਪ੍ਰਦਰਸ਼ਨ ਕਰ ਰਹੇ ਹਾਂ।ਸਾਨੂੰ ਭਰੋਸਾ ਹੈ ਕਿ ਜਿਸ ਤਰ੍ਹਾਂ ਇਹ ਬੂਟੇ ਵਧ ਕੇ ਮਜ਼ਬੂਤ ਰੁੱਖ ਬਣਨਗੇ, ਉਸੇ ਤਰ੍ਹਾਂ ਸਾਡੇ ਵਿਦਿਆਰਥੀ ਵੀ ਸਮਾਜ ਦੇ ਮਜ਼ਬੂਤ ਥੰਮ੍ਹ ਬਣਨਗੇ ਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣਗੇ।

# ਪੰਜਾਬੀ 'ਵਰਸਿਟੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸੈਮੀਨਾਰ



**ਪਟਿਆਲਾ (ਅਵਤਾਰ ਜਟਾਣਾ)**-ਪੰਜਾਬੀ ਯੂਨੀਵਰਸਿਟੀ ਵਿੱਚ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿੱਚ ਸਥਾਪਤ ਗੁਰੂ ਗੋਬਿੰਦ ਸਿੰਘ ਚੇਅਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸੈਮੀਨਾਰ ਕਰਵਾਇਆ ਗਿਆ।ਇਹ ਸੈਮੀਨਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਵਿਸ਼ਵ ਸ਼ਾਂਤੀ ਵਿਸ਼ੇ ਉੱਤੇ ਕਰਵਾਇਆ ਗਿਆ। ਸੈਮੀਨਾਰ ਦਾ ਪ੍ਰਧਾਨਗੀ ਭਾਸ਼ਣ ਚੇਅਰ ਦੇ ਪ੍ਰੋਫੈਸਰ ਇੰਚਾਰਜ ਡਾ. ਗੁਰਮੀਤ ਸਿੰਘ ਸਿੱਧੂ ਵੱਲੋਂ ਦਿੱਤਾ ਗਿਆ। ਉਨ੍ਹਾਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਜਿਹੜੀਆਂ ਕੌਮਾਂ ਸ਼ਹਾਦਤਾਂ ਨੂੰ ਸਬਰ, ਸੰਤੋਖ ਤੇ ਪ੍ਰਮਾਤਮਾ ਦੇ ਭਾਣੇ ਅਨੁਸਾਰ ਸਵੀਕਾਰ ਕਰਦੀਆਂ ਹਨ, ਉਨ੍ਹਾਂ ਕੌਮਾਂ ਦੀਆਂ ਪੀੜ੍ਹੀਆਂ ਨੂੰ ਸਰਕਾਰਾਂ ਵੱਲੋਂ ਅੱਤਵਾਦੀ ਕਹਿਣਾ ਨੈਤਿਕ ਪੱਖੋਂ ਸਹੀ ਨਹੀਂ ਜਾਪਦਾ।

ਸੈਮੀਨਾਰ ਦੀ ਸ਼ੁਰੂਆਤ ਯੂਨੀਵਰਸਿਟੀ ਧੁਨੀ ਨਾਲ ਹੋਈ, ਜਿਸ ਉਪਰੰਤ ਮੰਚ ਸੰਚਾਲਕ ਡਾ. ਪਰਦੀਪ ਕੌਰ (ਰਿਸਰਚ ਐਸੋਸੀਏਟ) ਨੇ ਗੁਰੂ ਗੋਬਿੰਦ ਸਿੰਘ ਚੇਅਰ ਤੇ ਇਸ ਸੈਮੀਨਾਰ ਦੀ ਰੂਪ-ਰੇਖਾ ਬਾਰੇ ਜਾਣਕਾਰੀ ਦਿੱਤੀ।ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਮੇਲ ਸਿੰਘ ਨੇ ਇਸ ਪ੍ਰਕਾਸ਼ ਪੁਰਬ ਦੀ ਮਹਾਨਤਾ ਬਿਆਨਦੇ ਹੋਏ ਉਸ ਸਮੇਂ ਦੀ ਸਥਿਤੀ ਤੇ ਅਨੁਭਵ ਬਾਰੇ ਵਿਚਾਰ ਸਾਂਝੇ ਕੀਤੇ।

ਯੂਨੀਵਰਸਿਟੀ ਕਾਲਜ, ਮੀਰਾਂਪੁਰ ਤੋਂ ਡਾ. ਤੇਜਿੰਦਰ ਪਾਲ ਸਿੰਘ ਨੇ ਆਪਣੇ ਪੇਪਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਨਾਲ ਸੰਬੰਧਤ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ ਗੁਰੂ ਸਾਹਿਬ ਦੀ ਬਾਣੀ ਹਨੇਰ ਰੂਪੀ ਮਨ ਵਿੱਚ ਚਾਨਣ ਪੈਦਾ ਕਰਦੀ ਹੈ।ਉਨ੍ਹਾਂ ਨੇ ਗੁਰਿਆਈ ਦੇ ਸਫਰ ਨੂੰ ਪੋਥੀ, ਸੰਪਾਦਨਾ ਤੇ ਅਖੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਸੌਂਪਣ ਬਾਰੇ ਸਰੋਤਾਂ ਦੇ ਹਵਾਲੇ ਨਾਲ ਆਪਣੇ ਵਿਚਾਰ ਸਾਂਝੇ ਕੀਤੇ।

ਖਾਲਸਾ ਕਾਲਜ ਪਟਿਆਲਾ ਤੋਂ ਡਾ. ਗੁਰਵੀਰ ਸਿੰਘ ਨੇ ਆਪਣੇ ਖੋਜ ਪਰਚੇ ਵਿੱਚ ਵਿਸ਼ਵ ਸ਼ਾਂਤੀ ਦੀ ਗੱਲ ਕਰਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਭਿੰਨਤਾ ਨੂੰ ਮੰਨਣ ਤੇ ਬਰਾਬਰੀ ਦੇ ਸਿਧਾਂਤ ਨੂੰ ਅਪਣਾਉਣ ਬਾਰੇ ਜਾਣਕਾਰੀ ਦਿਤੀ।ਉਨ੍ਹਾਂ ਸਿੱਖ ਧਰਮ ਵਿੱਚ ਸੰਵਾਦ ਨੂੰ ਅਹਿਮ ਮੰਨਦੇ ਹੋਏ ਇੱਕ ਦੂਜੇ ਨਾਲ ਸਾਂਝ ਬਣਾਏ ਰਖਣ ਬਾਰੇ ਦੱਸਿਆ ਜੋ ਕਿ ਵਿਸ਼ਵ ਸ਼ਾਂਤੀ ਪੈਦਾ ਕਰਨ ਵਿੱਚ ਸਹਾਈ ਹੁੰਦਾ ਹੈ।

ਸ. ਹਮੀਰ ਸਿੰਘ ਸੰਗਤੀਵਾਲਾ, ਤਹਿਸੀਲਦਾਰ ਨੇ ਇਸ ਮੌਕੇ ਬੋਲਦਿਆਂ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਨਾਲ ਧਾਰਮਿਕ ਅਨੁਭਵ ਤੇ ਸ਼ਾਂਤੀ ਦੇ ਪੱਖ ਤੋਂ ਵਿਚਾਰ ਪੇਸ਼ ਕੀਤੇ।ਇਸ ਸੈਮੀਨਾਰ ਵਿੱਚ ਵਿਭਾਗ ਦੇ ਅਧਿਆਪਕ ਡਾ. ਤੇਜਿੰਦਰ ਕੌਰ ਧਾਲੀਵਾਲ, ਡਾ. ਰੁਪਿੰਦਰ ਕੌਰ ਤੇ ਵਿਭਾਗ ਦੇ ਖੋਜਾਰਥੀ ਤੇ ਵਿਦਿਆਰਥੀ ਸ਼ਾਮਲ ਹੋਏ।

# ਗੁਰੂ ਨਾਨਕ ਕਾਲਜ ਦੀ ਵਿਦਿਆਰਥਣ ਆਲ ਇੰਡੀਆ ਥਲ ਸੈਨਾ ਕੈਂਪ ਲਈ ਚੁਣੀ ਗਈ



**ਬੁਢਲਾਡਾ (ਅਸ਼ੋਕ ਲਾਕੜਾ)**-ਗੁਰੂ ਨਾਨਕ ਕਾਲਜ ਬੁਢਲਾਡਾ ਦੀ ਵਿਦਿਆਰਥਣ ਅੰਡਰ ਅਫਸਰ ਖੁਸ਼ਵਿੰਦਰ ਕੌਰ ਦੀ ਥਲ ਸੈਨਾ ਕੈਂਪ ਵਿੱਚ ਚੋਣ ਹੋਈ ਹੈ। ਆਲ ਇੰਡੀਆ ਥਲ ਸੈਨਾ ਕੈਂਪ ਵਿੱਚ ਚੋਣ ਹੋਣ 'ਤੇ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਗੁਰੂ ਨੇ ਇਸ ਸ਼ਾਨਦਾਰ ਪ੍ਰਾਪਤੀ ਲਈ ਭਰਪੂਰ ਸ਼ਲਾਘਾ ਕੀਤੀ ਤੇ ਸਾਰੇ ਵਿਦਿਆਰਥੀਆਂ ਨੂੰ ਮਿਹਨਤ ਕਰਕੇ ਅਜਿਹੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇਸ ਸਬੰਧੀ ਐੱਨਸੀਸੀ ਅਫਸਰ ਏ.ਐੱਨ.ਓ. ਲੈਫਟੀਨੈਂਟ ਕੁਲਬੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖੁਸ਼ਵਿੰਦਰ ਕੌਰ ਨੇ ਪਿਛਲੇ ਤਿੰਨ ਮਹੀਨਿਆਂ ਤੋਂ ਐੱਨਸੀਸੀ ਦੇ ਵੱਖ-ਵੱਖ ਕੈਂਪਾਂ ਵਿੱਚ ਭਾਗ ਲੈ ਕੇ ਸੰਸਥਾ ਦਾ ਮਾਣ ਵਧਾਇਆ ਹੈ। ਉਨ੍ਹਾ ਕਿਹਾ ਕਿ ਇਹ ਕੈਂਪ 2 ਸਤੰਬਰ ਤੋਂ 12 ਸਤੰਬਰ ਡੀ. ਜੀ. ਐੱਨ ਸੀ ਸੀ ਦਿੱਲੀ ਕੈਂਟ ਵਿਖੇ ਹੋਵੇਗਾ, ਜਿਸ ਵਿੱਚ ਪੂਰੇ ਦੇਸ਼ ਦੇ ਸਾਰੇ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ 680 ਲੜਕੀਆਂ ਤੇ 847 ਲੜਕਿਆਂ ਸਮੇਤ 1547 ਕੈਡਿਟਸ ਭਾਗ ਲੈਣਗੇ। ਖੁਸ਼ਵਿੰਦਰ ਕੌਰ ਪੰਜਾਬ, ਹਰਿਆਣਾ, ਚੰਡੀਗੜ੍ਹ ਤੇ ਹਿਮਾਚਲ ਡਾਇਰੈਕਟ ਰੇਡ ਤੋਂ 550 ਕੈਡਿਟਾਂ ਵਿੱਚੋਂ ਚੁਣੀ ਗਈ ਹੈ। ਇਹ ਵਿਦਿਆਰਥਣ ਪੰਜਾਬ, ਹਰਿਆਣਾ ਤੇ ਹਿਮਾਚਲ ਡਾਇਰੈਕਟਰ ਰੇਟ ਦੀ ਪ੍ਰਤਿਨਿਧਤਾ ਕਰੇਗੀ। ਥਲ ਸੈਨਾ ਕੈਂਪ ਵਿੱਚ ਫਾਇਰਿੰਗ, ਓਬਸਟਕਲ, ਮੈਪ ਰੀਡਿੰਗ, ਹੈਲਥ ਐਂਡ ਹਾਇਜਨ, ਟੈਂਟ ਪੀਚਿੰਗ, ਸ਼ੂਟਿੰਗ, ਜਜਿੰਗ ਡਿਸਟੈਂਸ ਐਂਡ ਫੀਲਡ ਸਿਗਨਲ ਆਦਿ ਕੰਪੀਟੀਸ਼ਨ ਹੁੰਦੇ ਹਨ। ਇਨ੍ਹਾਂ ਵਿੱਚੋਂ ਉਸ ਦੀ ਮੈਪ ਰੀਡਿੰਗ ਕੰਪੀਟੀਸ਼ਨ ਵਿੱਚ ਚੋਣ ਹੋਈ ਹੈ।

# ਡਾ. ਸੰਜੀਵ ਕੁਮਾਰ ਨੇ ਏ ਡੀ ਸੀ ਵਜੋਂ ਅਹੁਦਾ ਸੰਭਾਲਿਆ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰ ਪਾਲ/ਪੂਜਾ)** : ਡਾ. ਸੰਜੀਵ ਕੁਮਾਰ ਨੇ ਬਤੌਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਮੁਕਤਸਰ ਸਾਹਿਬ ਵਜੋਂ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਉਨ੍ਹਾਂ ਸਮੂਹ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਆਵੇ ਤਾਂ ਉਹ ਸਿੱਧੇ ਤੌਰ 'ਤੇ ਦਫਤਰ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵਿਖੇ ਜਾਂ ਸਿੱਧੇ ਤੌਰ 'ਤੇ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।ਇਸ ਮੌਕੇ ਦਫ਼ਤਰ ਡਿਪਟੀ ਕਮਿਸ਼ਨਰ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ 'ਚ ਯੋਗਦਾਨ ਲਈ ਸਨਮਾਨ

## ਸੰਸਥਾਵਾਂ ਤੇ ਅਹਿਮ ਸ਼ਖਸੀਅਤਾਂ ਦਾ ਨਸ਼ਿਆਂ ਵਿਰੁੱਧ ਪੁਲਸ ਪ੍ਰਸ਼ਾਸਨ ਨੂੰ ਸਹਿਯੋਗ ਦੇਣਾ ਪ੍ਰਸ਼ੰਸਾਯੋਗ : ਡੀ ਆਈ ਜੀ ਭੁੱਲਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਅਹਿਮ ਯੋਗਦਾਨ ਪਾਉਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਤੇ ਪਾਵਰ ਹਾਊਸ ਯੂਥ ਕਲੱਬ ਦੇ ਨੁਮਾਇੰਦਿਆਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਨੂੰ ਪੁਲਸ ਪ੍ਰਸ਼ਾਸਨ ਤੇ ਸਿਵਲ ਪ੍ਰਸ਼ਾਸਨ ਵੱਲੋਂ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਪਟਿਆਲਾ ਸ਼ੌਕਤ ਅਹਿਮਦ ਪਰੇ, ਐੱਸ ਐੱਸ ਪੀ ਪਟਿਆਲਾ ਡਾ. ਨਾਨਕ ਸਿੰਘ, ਐੱਸ ਪੀ ਸਿਟੀ ਮਹੁੰਮਦ ਸਰਫ਼ਰਾਜ਼ ਆਲਮ, ਏ ਡੀ ਸੀ ਜਰਨਲ ਮੈਡਮ ਕੰਚਨ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂਵਾਲਾ, ਅੰਗਰੇਜ਼ ਸਿੰਘ ਰਾਮਗੜ੍ਹ, ਮਾਸਟਰ ਲਖਵਿੰਦਰ ਸਿੰਘ, ਐੱਸ ਪੀ ਪਰਾਸ਼ਰ, ਲੱਕੀ ਹਰਦਾਸਪੁਰ, ਜਪਨੀਤ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਐੱਸ ਐੱਸ ਪੀ ਡਾ. ਨਾਨਕ ਸਿੰਘ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ, ਡਾਇਰੈਕਟਰ ਜਨਰਲ ਆਫ਼ ਪੁਲਸ ਗੌਰਵ ਯਾਦਵ ਵੱਲੋਂ ਸਖ਼ਤ ਹਦਾਇਤਾਂ ਹਨ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਨਾ ਬਖਸ਼ਿਆ ਜਾਵੇ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤੀ ਨਾਲ ਨਿੱਜਠਿਆ ਜਾਵੇ ਅਤੇ ਇਸ ਤਹਿਤ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹ ਨਸ਼ਿਆਂ ਵਿਰੁੱਧ ਪੁਲਸ ਪ੍ਰਸ਼ਾਸਨ ਨੂੰ ਸਹਿਯੋਗ ਕਰਨ ਲਈ ਅੱਗੇ ਆਉਣ ਤਾਂ ਜੋ ਅਸੀਂ ਨਸ਼ਿਆਂ ਨੂੰ ਜੜ੍ਹੋਂ ਖਤਮ ਕਰ ਸਕੀਏ। ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਨੂੰ ਜ਼ਿਲ੍ਹਾ ਪੁਲਸ ਪਟਿਆਲਾ ਵੱਲੋਂ ਸਨਮਾਨਤ ਕਰਦੇ ਹੋਏ ਕਿਹਾ ਕਿ ਇਨ੍ਹਾਂ ਵੱਲੋਂ ਬਗੈਰ ਕਿਸੇ ਸੁਆਰਥ ਦੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮ ਤੇ ਸਮਾਜ ਸੇਵੀ ਕਾਰਜ ਬਹੁਤ ਹੀ ਪ੍ਰਸ਼ੰਸਾਯੋਗ ਹਨ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਦੀ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਲਈ ਹਮੇਸ਼ਾ ਤਿਆਰ ਹਨ ਤੇ ਇਨ੍ਹਾਂ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਅੱਗੇ ਤੋਂ ਵੀ ਉਨ੍ਹਾਂ ਦੀ ਟੀਮ ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨਾਲ ਮਿਲ ਕੇ ਪਬਲਿਕ ਨੂੰ ਪਿੰਡ ਪਿੰਡ ਜਾ ਕੇ ਨਸ਼ਿਆਂ ਵਿਰੁੱਧ ਜਾਗਰੂਕ ਕਰਦੀ ਰਹੇਗੀ।

# ਗੁਰਦੁਆਰਾ ਚਰਨ ਕੰਵਲ ਸਾਹਿਬ ਪੁੱਜੇ ਨਗਰ ਕੀਰਤਨ ਦਾ ਨਿੱਘਾ ਸਵਾਗਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਈ ਕੀ ਡਰੋਲੀ ਤੋਂ ਆਰੰਭ ਹੋਏ ਨਗਰ ਕੀਰਤਨ ਦਾ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਪੁੱਜਣ 'ਤੇ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਕਰ ਪੰਜ ਪਿਆਰਿਆਂ ਦੀ ਅਗਵਾਈ ਹੇਠ ਜਦੋਂ ਨਗਰ ਕੀਰਤਨ ਗੁਰੂ ਘਰ ਪੁੱਜਾ ਤਾਂ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰ ਸਵਾਗਤ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਪੰਜ ਪਿਆਰਿਆਂ ਨੂੰ ਸਿਰੋਪੇ ਭੇਟ ਕੀਤੇ। ਇਹ ਨਗਰ ਕੀਰਤਨ ਅਗਲੇ ਪੜਾਅ ਸ੍ਰੀ ਆਨੰਦਪੁਰ ਸਾਹਿਬ ਲਈ ਰਵਾਨਾ ਹੋ ਗਿਆ। ਨਗਰ ਕੀਰਤਨ ਦਾ ਸਵਾਗਤ ਕਰਨ ਵਾਲਿਆਂ ਵਿੱਚ ਬਾਬਾ ਗੁਰਮੁੱਖ ਸਿੰਘ, ਕਥਾਵਾਚਕ ਇਕਨਾਮ ਸਿੰਘ, ਗੁਰਨਾਮ ਸਿੰਘ ਖਾਲਸਾ, ਜਸਪਾਲ ਸਿੰਘ ਜੱਜ, ਹਰਜਿੰਦਰ ਸਿੰਘ ਗਿੱਲ, ਜਸਵੀਰ ਸਿੰਘ ਗਿੱਲ, ਬਲਜੀਤ ਸਿੰਘ ਬੁਰਜ ਤੋਂ ਇਲਾਵਾ ਹੋਰ ਸੇਵਾ ਸੁਸਾਇਟੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ। ਇਸ ਤੋਂ ਇਲਾਵਾ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸੰਗਤਾਂ ਵੱਲੋਂ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰੂ ਘਰ ਵਿੱਚ ਸੁਖਮਨੀ ਸਾਹਿਬ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ। ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ ਦੇ ਜੱਥੇ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਤੇ ਕਥਾਵਾਚਕ ਭਾਈ ਇਕਨਾਮ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਅਰਦਾਸ ਉਪਰੰਤ ਇਹ ਸਮਾਗਮ ਸਮਾਪਤ ਹੋਇਆ। ਆਈਆਂ ਸੰਗਤਾਂ ਲਈ ਅਟੁੱਟ ਲੰਗਰ ਵੀ ਵਰਤਾਏ ਗਏ।

# ਟਿਕਟ ਚੈਕਿੰਗ ਸਟਾਫ਼ ਨੇ ਰੇਲ ਯਾਤਰੀ ਦਾ ਗੁਆਚਿਆ ਲੈਪਟਾਪ ਵਾਪਸ ਕੀਤਾ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਸ਼ਤਾਬਦੀ ਐਕਸਪ੍ਰੈੱਸ 12014 (ਅੰਮ੍ਰਿਤਸਰ-ਨਵੀਂ ਦਿੱਲੀ ਸ਼ਤਾਬਦੀ ਐਕਸਪ੍ਰੈੱਸ) ਵਿੱਚ ਟਿਕਟ ਚੈਕਿੰਗ ਦੌਰਾਨ, ਟ੍ਰੇਨ ਸੁਪਰਡੈਂਟ ਅਨੰਤ ਕੁਮਾਰ ਸਿੰਘ (ਹੈੱਡਕੁਆਰਟਰ ਅੰਮ੍ਰਿਤਸਰ) ਨੂੰ ਕੋਚ ਨੰਬਰ ਸੀ-7 ਦੀ ਸੀਟ ਨੰਬਰ 45 'ਤੇ ਇੱਕ ਲੈਪਟਾਪ ਮਿਲਿਆ। ਟਰੇਨ ਦੇ ਸੁਪਰਡੈਂਟ ਨੇ ਆਪਣੀ ਸਿਆਣਪ ਦਿਖਾਉਂਦੇ ਹੋਏ ਉਸ ਸੀਟ 'ਤੇ ਸਫਰ ਕਰ ਰਹੇ ਯਾਤਰੀ ਦਾ ਮੋਬਾਇਲ ਨੰਬਰ ਹੱਥ 'ਚ ਫੜੀ ਟਰਮੀਨਲ ਮਸ਼ੀਨ ਦੀ ਮਦਦ ਨਾਲ ਲੱਭਿਆ ਤੇ ਉਸ ਨਾਲ ਸੰਪਰਕ ਕੀਤਾ।ਉਸ ਸੀਟ 'ਤੇ ਸਫਰ ਕਰਨ ਵਾਲੀ ਇੱਕ ਲੜਕੀ ਨੇ ਦੱਸਿਆ ਕਿ ਉਸ ਦਾ ਲੈਪਟਾਪ, ਜਿਸ ਵਿੱਚ ਉਸ ਦੇ ਕੰਮ ਨਾਲ ਸਬੰਧਤ ਜ਼ਰੂਰੀ ਡਾਟਾ ਸੀ, ਨਵੀਂ ਦਿੱਲੀ ਸਟੇਸ਼ਨ 'ਤੇ ਉਤਰਨ ਸਮੇਂ ਕਾਹਲੀ ਵਿਚ ਰੇਲਗੱਡੀ ਵਿੱਚ ਛੱਡ ਗਿਆ ਸੀ।ਰੇਲ ਸੁਪਰਡੈਂਟ ਅਨੰਤ ਕੁਮਾਰ ਸਿੰਘ ਨੇ ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਸਟੇਸ਼ਨ ਸੁਪਰਡੈਂਟ ਰਾਕੇਸ਼ ਸ਼ਰਮਾ ਦੀ ਮੌਜੂਦਗੀ ਵਿੱਚ ਰੇਲ ਯਾਤਰੀ ਨੂੰ ਲੈਪਟਾਪ ਸੌਂਪਿਆ।ਰੇਲਵੇ ਯਾਤਰੀ ਨੇ ਟਿਕਟ ਚੈਕਿੰਗ ਸਟਾਫ ਦੀ ਸ਼ਲਾਘਾ ਕਰਦੇ ਹੋਏ ਭਾਰਤੀ ਰੇਲਵੇ ਦਾ ਧੰਨਵਾਦ ਕੀਤਾ।ਇਸ ਘਟਨਾ ਤੋਂ ਬਾਅਦ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਅਨੰਤ ਕੁਮਾਰ ਸਿੰਘ ਨੂੰ ਇਸ ਸ਼ਲਾਘਾਯੋਗ ਕੰਮ ਲਈ ਪ੍ਰਸ਼ੰਸਾ ਪੱਤਰ ਦੇਣ ਦਾ ਐਲਾਨ ਕੀਤਾ ਤਾਂ ਜੋ ਹੋਰ ਟਿਕਟ ਚੈਕਿੰਗ ਸਟਾਫ ਵੀ ਪ੍ਰੇਰਨਾ ਲੈ ਕੇ ਸ਼ਲਾਘਾਯੋਗ ਕੰਮ ਕਰਨ।

6-Set-PAGE-11-Majha-24.qxd 9/5/2024 10:33 PM Page 1



# ਬਲਾਕ ਪੱਧਰੀ 'ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3' ਦਾ ਸ਼ਾਨਦਾਰ ਆਗਾਜ਼

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ ਸੀਜ਼ਨ-3' ਤਹਿਤ ਅੱਜ ਸ਼ਹੀਦ ਭਗਤ ਸਿੰਘ ਸਟੇਡੀਅਮ ਡੇਰਾ ਬਾਬਾ ਨਾਨਕ ਵਿਖੇ ਬਲਾਕ ਪੱਧਰੀ ਖੇਡ ਮੁਕਾਬਲਿਆਂ ਦਾ ਸ਼ਾਨਦਾਰ ਆਗਾਜ਼ ਹੋਇਆ।ਇਸ ਮੌਕੇ ਐਸਡੀਐਮ ਡੇਰਾ ਬਾਬਾ ਨਾਨਕ ਵਿਪਨ ਭੰਡਾਰੀ ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਨੇ ਸਾਂਝੇ ਤੌਰ ਤੇ ਰੀਬਨ ਕੱਟ ਕੇ ਇਨ ਾਂ ਬਲਾਕ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ। ਇਸ ਮੌਕੇ ਬਲਾਕ ਕਨਵੀਨਰ ਕੋਚ ਕੁਲਵਿੰਦਰ ਸਿੰਘ ਅਤੇ ਲੈਕਚਰਾਰ ਇੰਦਰਜੀਤ ਸਿੰਘ ਦੀ ਅਗਵਾਈ ਹੇਠ ਖੇਡ ਮੁਕਾਬਲੇ ਸ਼ੁਰੂ ਕਰਵਾਏ ਗਏ।ਖੇਡਾਂ ਵਤਨ ਪੰਜਾਬ ਦੀਆਂ ਦੇ ਵਿੱਚ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਤੋਂ ਇਲਾਵਾ ਪਿੰਡਾ ਦੀਆਂ ਕਲੱਬਾਂ ਦੇ ਵਿੱਚ ਖੇਡਦੇ 17 ਸਾਲ ਤੋਂ 70 ਸਾਲ ਤੱਕ ਦੇ ਖਿਡਾਰੀਆਂ ਨੇ ਭਾਗ ਲਿਆ। ਇਸ ਮੌਕੇ ਖੇਡ ਮੁਕਾਬਲਿਆਂ ਦਾ ਉਦਘਾਟਨ ਕਰਨ ਤੋਂ ਬਾਅਦ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸ ? ਭਗਵੰਤ ਮਾਨ ਦੇ ਯਤਨਾਂ ਸਦਕਾ ਪੰਜਾਬ ਵਿੱਚ ਪਿਛਲੇ ਤਿੰਨ ਸਾਲ ਤੋਂ ਖੇਡਾਂ ਦਾ ਨਵਾਂ ਦੌਰ ਸ਼ੁਰੂ ਹੋਇਆ ਹੈ ਅਤੇ ਹੁਣ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।ਉਨ ਾਂ ਕਿਹਾ ਕਿ ਹਰ ਸਾਲ ਹੋਣ ਵਾਲੇ ਖੇਡਾਂ ਵਤਨ ਪੰਜਾਬ ਦੀਆਂ ਖੇਡ ਮੁਕਾਬਲਿਆਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਨਵੀਂ ਸੇਧ ਦਿੱਤੀ ਹੈ।ਉਨ ਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਕੇ ਉਭਰੇਗਾ।ਖੇਡਾਂ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਰੰਧਾਵਾ ਨੇ ਕਿਹਾ ਕਿ ਖੇਡਾਂ ਨਾ ਸਿਰਫ ਸਾਨੂੰ ਤੰਦਰੁਸਤ ਰੱਖਦੀਆਂ ਹਨ ਬਲਕਿ ਇਹ ਅਨੁਸ਼ਾਸਨ ਅਤੇ ਜੀਵਨ ਜਾਚ ਵੀ ਸਿਖਾਉਂਦੀਆਂ ਹਨ। ਉਨ ਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ 'ਖੇਡਾਂ ਵਤਨ ਪੰਜਾਬ ਦੀਆਂ' ਨਾਲ ਜੁੜ ਕੇ ਰੰਗਲਾ ਪੰਜਾਬ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਣ। ਉਨ ਾਂ ਕਿਹਾ ਕਿ ਬਲਾਕ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ ਕਰਵਾਏ ਗਏ ਖੇਡ ਮੁਕਾਬਲਿਆਂ ਨੇ ਸੂਬੇ ਦੇ ਪਿੰਡ ਪੱਧਰ ਤੇ ਖਿਡਾਰੀਆਂ ਨੂੰ ਵੱਡਾ ਮੰਚ ਪ੍ਰਦਾਨ ਕੀਤਾ ਹੈ, ਜਿਸ ਰਾਹੀਂ ਉਹ ਆਪਣੀ ਪ੍ਰਤਿਭਾ ਨੂੰ ਸਭ ਦੇ ਸਾਹਮਣੇ ਪੇਸ਼ ਕਰ ਸਕਣਗੇ।ਇਸ ਮੌਕੇ ਗਰਾਊਂਡ ਨੇ ਪ੍ਰਬੰਧਕਾਂ ਨੇ ਗੁਰਦੀਪ ਸਿੰਘ ਰੰਧਾਵਾ ਨੂੰ ਕਿਹਾ



ਕਿ ਕੁਝ ਲੋਕਾਂ ਵੱਲੋਂ ਗਰਾਊਂਡ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਇਸ ਉੱਤੇ ਰੰਧਾਵਾ ਨੇ ਗੰਭੀਰ ਨੋਟਿਸ ਲੈਂਦਿਆਂ ਉਨ੍ਹਾਂ ਲੋਕਾ ਖਿਲਾਫ ਤੁਰੰਤ ਕਾਰਵਾਈ ਕਰਨ ਲਈ ਪੁਲਸ ਤੇ ਸਿਵਲ ਪ੍ਰਸ਼ਾਸਨ ਨੂੰ ਨਿਰਦੇਸ਼ ਜਾਰੀ ਕੀਤੇ।ਇਸ ਮੌਕੇ ਡਾਕਟਰ ਜਤਿੰਦਰ ਸਿੰਘ, ਮਨਰੂਪ ਸਿੰਘ ਰੰਧਾਵਾ, ਰਾਜੇਸ਼ ਕੁਮਾਰ ਬਿੱਟਾ, ਸੱਤਪਾਲ ਸ਼ੌਕੀ, ਲਵਪ੍ਰੀਤ ਪੀ ਏ, ਸ਼ਰਨਜੀਤ ਸਿੰਘ ਤਲਵੰਡੀ ਰਾਮਾ, ਰਾਜਾ ਮੱਲੀ, ਸੀ ਪਾਇਟ ਕੈਂਪ ਇਨਚਾਰਜ ਕੁਲਦੀਪ ਸਿੰਘ, ਮਾਸਟਰ ਪਲਵਿੰਦਰ ਸਿੰਘ, ਮਨੀਰ ਮਸੀਹ, ਕੋਚ ਸੁਖਦੇਵ ਸਿੰਘ ਡੀ ਪੀ, ਸੁਖਵਿੰਦਰ ਸਿੰਘ ਡੀ ਪੀ, ਕੁਲਬੀਰ ਸਿੰਘ ਗਰਾਊਂਡ ਇਨਚਾਰਜ, ਵਿਪਨ ਸੋਨੀ ਪ੍ਰਧਾਨ ਵਪਾਰ ਮੰਡਲ, ਗੁਰਬਾਜ ਸਿੰਘ, ਰਾਮ ਸਰੂਪ, ਕਸ਼ਮੀਰ ਮਸੀਹ, ਅਨਿਲ ਕੁਮਾਰ, ਸਿਮਰਤ ਸਿੰਘ(ਸਾਰੇ ਡੀ ਪੀ) ਗੁਰਪ੍ਰੀਤ ਸਿੰਘ, ਸਤਿੰਦਰ ਕੌਰ, ਚਰਨਜੀਤ ਕੌਰ, ਮਨਜੀਤ ਕੌਰ, ਗੁਰਮੀਤ ਕੌਰ, ਮਨਜੀਤ ਕੌਰ, ਨੀਰਜ ਲਾਹੌਰੀਆ, ਇੰਦਰਜੀਤ ਚਾਕਾਂਵਾਲੀ, ਮੋਨੂੰ ਡੇਰਾ, ਸੁਖਦੀਪ ਸਿੰਘ ਫੌਜੀ ਹਕੀਮਬੇਗ, ਡਾਕਟਰ ਗੁਰਮੇਜ ਸਿੰਘ ਸ਼ਾਮਪੁਰਾ, ਪ੍ਰਗਟ ਸਿੰਘ ਸ਼ਾਮਪੁਰਾ, ਵਿਪਨ ਕੁਮਾਰ, ਰਾਜਮੀਤ ਸਿੰਘ ਕੋਟ ਮੌਲਵੀ, ਸੁਖਵਿੰਦਰ ਸਿੰਘ ਫੌਜੀ, ਹੀਰਾ ਸਿੰਘ ਫੌਜੀ, ਮਲਕੀਤ ਸਿੰਘ ਸਰਫਕੋਟ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖਿਡਾਰੀ ਮੌਜੂਦ ਸਨ।

# ਸਰਕਾਰੀ ਸਕੂਲਾਂ 'ਚ ਮਿੱਡ-ਡੇ-ਮੀਲ ਹਫਤਾਵਾਰੀ ਮੀਨੂੰ ਅਨੁਸਾਰ ਦੇਣ ਦੇ ਹੁਕਮ

ਵੇਰਕਾ (ਰਾਣਾ)-ਪੰਜਾਬ ਸਟੇਟ ਮਿੱਡ-ਡੇ-ਮੀਲ ਸੋਸਾਇਟੀ ਐਸ. ਏ. ਐਸ. ਨਗਰ ਨੇ ਰਾਜ ਦੇ ਸਮੂਹ ਜ਼ਿਲਾ ਸਿੱਖਿਆ ਅਫ਼ਸਰ (ਸੈ:ਸਿੱ:/ਐਲੀ:ਸਿੱ:) ਨੂੰ ਮੀਮੋ ਨੰ: ਐਮ.ਡੀ.ਐਮ.ਐਸ/ਜੀ.ਐਮ/2024/2181 40 ਪੱਤਰ ਅਨੁਸਾਰ ਸਖ਼ਤ ਹਿਦਾਇਤ ਜਾਰੀ ਕਰਦੇ ਹੋਏ ਸਕੂਲਾਂ 'ਚ ਦੁਪਹਿਰ ਦਾ ਭੋਜਨ ਹਫਤਾਵਾਰੀ ਮੀਨੂੰ ਅਨੁਸਾਰ ਦੇਣ ਦੇ ਹੁਕਮ ਦਿੱਤੇ ਹਨ।ਉਨ ਾਂ ਦੱਸਿਆ ਹੈ ਕਿ ਉਪਰੋਕਤ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲਾਂ 'ਚ ਦੁਪਹਿਰ ਦਾ ਭੋਜਨ ਮੀਨੂੰ ਅਨਸਾਰ ਨਹੀਂ ਬਣਾਇਆ ਜਾਂਦਾ ਹੈ।ਵਿਦਿਆਰਥੀਆਂ ਨੂੰ ਮੌਸਮੀ ਫਲ ਤੋਂ ਵਾਂਝਾ ਰੱਖਿਆ ਜਾਂਦਾ ਹੈ।ਵਿਦਿਆਰਥੀਆਂ ਦੀ ਬੋਗਸ/ਜਾਅਲੀ ਹਾਜ਼ਰੀ ਦਿਖਾਈ ਜਾਂਦੀ ਹੈ।ਜਦੋਂਕਿ ਸਮੇਂ-ਸਮੇਂ ਤੇ ਵਿਦਿਆਰਥੀਆਂ ਦੀ ਹਾਜ਼ਰੀ ਮੁਤਾਬਕ ਨਿਰਧਾਰਤ ਹਫਤਾਵਾਰੀ ਮੀਨੂੰ ਮੁਤਾਬਿਕ ਮਿੱਡ-ਡੇ-ਮੀਲ ਬਨਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ।ਉਨ ਾਂ ਮੁੜ ਹਦਾਇਤ ਕੀਤੀ ਹੈ ਕਿ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਨਿਰਧਾਰਤ ਹਫਤਾਵਾਰੀ ਮੀਨੂੰ ਅਨੁਸਾਰ ਸਕੂਲਾਂ 'ਚ ਮਿੱਡ-ਡੇ-ਮੀਲ ਬਣਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਸਕੂਲ 'ਚ ਹਿਦਾਇਤਾਂ ਦੀ ਉਲੰਘਣਾ ਪਾਈ ਗਈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ। ਉਨ ਾਂ ਨੇ ਮਿੱਡ-ਡੇ-ਮੀਲ ਮੀਨੂ ਦਾ ਵੇਰਵਾ ਦਿੰਦੇ ਹੋਏ ਦੱਸਿਆ ਹੈ ਕਿ ਦਿਨ ਸੋਮਵਾਰ ਨੂੰ ਦਾਲ (ਮੌਸਮੀ ਸਬਜ਼ੀਆਂ ਮਿਲਾ ਕੇ) ਅਤੇ ਰੋਟੀ, ਮੰਗਲਵਾਰ ਨੂੰ ਰਾਜਮਾਹ ਤੇ ਚਾਵਲ, ਬੁੱਧਵਾਰ ਕਾਲੇ ਚਨੇ/ਚਿੱਟੇ ਚਣੇ (ਆਲੂ ਮਿਲਾ ਕੇ) ਅਤੇ ਪੂਰੀ/ਰੋਟੀ, ਵੀਰਵਾਰ ਕੜੀ (ਆਲੂ ਤੇ ਪਿਆਜ ਦੇ ਪਕੌੜਿਆਂ ਸਣੇ) ਚਾਵਲ, ਸ਼ੁੱਕਰਵਾਰ ਮੌਸਮੀ ਸਬਜ਼ੀ ਅਤੇ ਰੋਟੀ, ਸ਼ਨੀਵਾਰ ਮਾਹ ਛੋਲਿਆਂ ਦੀ ਦਾਲ ਅਤੇ ਚਾਵਲ ਨਾਲ ਮੌਸਮੀ ਫਲ ਦਿੱਤਾ ਜਾਣਾ ਹੈ।ਸਕੂਲਾਂ 'ਚ ਹਫਤੇ ਦੌਰਾਨ ਕਿਸੇ ਵੀ ਮਿੱਡ-ਡੇ-ਮੀਲ ਦੇ ਖਾਣੇ ਨਾਲ ਸਵੀਟਡਿਸ ਦੇ ਤੌਰ ਤੇ ਖੀਰ ਦਿੱਤੀ ਜਾਣੀ ਹੈ।ਮਿੱਡ-ਡੇ-ਮੀਲ ਮੀਨੂੰ 'ਚ ਹਰ ਹਫਤੇ ਬਦਲ ਕੇ ਦਾਲ ਬਣਾਈ ਜਾਵੇ ਭਾਵ ਇੱਕ ਹੀ ਦਾਲ ਰਿਪੀਟ ਨਾ ਕੀਤੀ ਜਾਵੇ।

# ਪਾਣੀ ਦੀ ਨਿਕਾਸੀ ਨੂੰ ਲੈ ਕੇ ਕਾਂਗਰਸ/ਬੀ ਜੇ ਪੀ ਵਰਕਰਾਂ ਨੇ ਲਗਾਇਆ ਧਰਨਾ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸ਼ਹਿਰ ਅਜਨਾਲਾ ਫਤਿਹਗੜ੍ਹ ਚੂੜੀਆਂ ਰੋਡ ਵਿਖੇ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਵਲੋਂ ਵਾਰਡ ਨੰਬਰ 7 ਅਤੇ 8 ਦੇ ਵਸਨੀਕਾਂ ਦੇ ਨਾਲ ਅਜਨਾਲਾ ਸ਼ਹਿਰੀ ਕਾਂਗਰਸ ਪਾਰਟੀ ਦੇ ਪ੍ਰਧਾਨ ਡੈਮ ਦਵਿੰਦਰ ਸਿੰਘ ਅਜਨਾਲਾ ਅਤੇ ਸਾਬਕਾ ਪ੍ਰਧਾਨ ਨੰਗਰ ਪੰਚਾਇਤ ਦੀਪਕ ਅਰੋੜਾ, ਭਾਰਤੀ ਜਨਤਾ ਪਾਰਟੀ ਵਲੋਂ ਕੌਂਸਲਰ ਵਿਕਰਮ ਬੇਦੀ ਅਤੇ ਵਾਰਡ ਨੰਬਰ 7 ਦੇ ਭਾਜਪਾ ਦੇ ਇੰਚਾਰਜ ਅੰਕੁਸ਼ ਕੁਮਾਰ ਬੰਟੀ ਸ਼ਰਮਾ ਦੀ ਸਾਂਝੀ ਅਗਵਾਈ ਹੇਠ ਧਰਨਾ ਲਗਾਇਆ ਗਿਆ। ਇਸ ਮੌਕੇ ਸ਼ਹਿਰੀ ਪ੍ਰਧਾਨ ਡੈਮ ਦਵਿੰਦਰ ਸਿੰਘ ਨੇ ਦੱਸਿਆ ਕਿ ਪੁਲੀ ਨੂੰ ਚੌੜਾ ਕਰਨਾ ਤੇ ਸੜਕ ਉਚੀ ਬਣਨ ਕਰਕੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਮੁਹੱਲਾ ਨਿਵਾਸੀਆਂ ਦੇ ਨਾਲ ਆਮ ਆਦਮੀ ਪਾਰਟੀ ਦੇ ਖਿਲਾਫ ਧਰਨਾ ਲਗਾਇਆ ਗਿਆ।ਇਸ ਮੌਕੇ ਪੰਜਾਬ ਦੇ ਕੈਬਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਪੁਤਲਾ ਫੂਕਿਆ ਗਿਆ ਅਤੇ ਸ਼ਹਿਰੀ ਪ੍ਰਧਾਨ ਦਵਿੰਦਰ ਸਿੰਘ ਡੈਮ ਨੇ ਕਿਹਾ ਕਿ ਜਿੰਨਾ ਚਿਰ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਅਸੀਂ ਦੁਬਾਰਾ ਆਪਣੀ ਹਾਈ ਕਮਾਂਡ ਨਾਲ ਗੱਲ ਕਰਕੇ ਵੱਡੇ ਪੱਧਰ 'ਤੇ ਧਰਨਾ ਲਗਾਵਾਂਗੇ ਅਤੇ ਮੁਹੱਲਾ ਨਿਵਾਸੀਆਂ ਦੀਆਂ ਜਾਇਜ਼ ਮੰਗਾਂ ਮਨਵਾ ਕੇ ਰਹਾਂਗੇ।ਇਸ ਮੌਕੇ ਹਲਕਾ ਅਜਨਾਲਾ ਦੇ ਕਾਂਗਰਸ ਪਾਰਟੀ ਦੇ ਯੂਥ ਪ੍ਰਧਾਨ ਮਨਪ੍ਰੀਤ ਸਿੰਘ ਸਾਰੰਗਦੇਵ, ਦਿਲਬਾਗ ਸਿੰਘ ਸਿਰਸਾ ਵਾਲੇ, ਬਾਊ ਦਰਸ਼ਨ ਲਾਲ ਸ਼ਰਮਾ, ਸ਼ਾਮ ਸੁੰਦਰ ਦੀਵਾਨਾ, ਐਡਵੋਕੇਟ ਸੁਨੀਲ ਪਾਲ ਸਿੰਘ ਅਜਨਾਲਾ, ਅੰਮ੍ਰਿਤ ਸਿੰਘ ਭੱਖਾ, ਅਮਿਤ ਸ਼ਰਮਾ, ਭਾਜਪਾ ਆਗੂ ਹਤਿੰਦਰ ਸਿੰਘ ਬੱਬਰ, ਸੌਰਵ ਕੁਮਾਰ ਸਰੀਨ, ਬਲਦੇਵ ਸਿੰਘ ਟੀਟੀ, ਅਵਤਾਰ ਸਿੰਘ ਚਾਵਲਾ, ਸੁਸ਼ੀਲ ਕੁਮਾਰ ਕਾਲਾ, ਲੱਕੀ ਬੇਦੀ, ਰਾਜੇਸ਼ ਕੁਮਾਰ ਵਾਸਦੇਵ, ਰਾਜੇਸ਼ ਕੁਮਾਰ ਮਦਾਨ, ਵਿਸ਼ੂ ਕੁਮਾਰ ਕਟਾਰੀਆਂ, ਹਨੀ ਹਰਿੰਦਰ ਸਿੰਘ, ਸੰਦੀਪ ਕੁਮਾਰ, ਅਸ਼ਵਨੀ ਕੁਮਾਰ ਮਹਿਤਾ, ਗੁਰਦੀਪ ਸਿੰਘ ਸਿਰਸਾ ਵਾਲੇ, ਨਿਆਮਤ ਮਸੀਹ, ਦਵਿੰਦਰ ਸਿੰਘ ਗੁੱਝਾਪੀਰ, ਪੁਨੀਤ ਕੁਮਾਰ ਸਹਿਗਲ,ਸੱਤਪਾਲ ਸ਼ਰਮਾ, ਜੋਜੀ ਸਲਵਾਨ, ਕ੍ਰਿਸ਼ਨ ਕੁਮਾਰ ਸਹਿਗਲ, ਰਾਜੀਵ ਕੁਮਾਰ ਲਾਲਾ, ਧਰਮਿੰਦਰ ਸਿੰਘ ਪ੍ਰਿੰਸ, ਠੇਕੇਦਾਰ ਅਸ਼ੋਕ ਕੁਮਾਰ, ਬਾਊ ਜਸਪਾਲ ਮਹਿਤਾ, ਬਬਲੂ ਸ਼ਾਹ ਅਜਨਾਲਾ, ਰਾਜਨ ਕੁਮਾਰ ਸਹਿਗਲ, ਮੋਹਿਤ ਕੁਮਾਰ, ਪ੍ਰਸ਼ੋਤਮ ਲਾਲ ਸ਼ਰਮਾ ਰੂਧਰ, ਜੋਗਿੰਦਰ ਸਿੰਘ, ਕੁਲਦੀਪ ਕੁਮਾਰ ਤ੍ਰੇਹਣ, ਗਿਆਨੀ ਕੁਲਵੰਤ ਸਿੰਘ ਹਾਜ਼ਰ ਸਨ।

# ਬਿਜਲੀ ਕਾਮਿਆਂ ਵੱਲੋਂ 10 ਤੋਂ ਸਮੂਹਿਕ ਛੁੱਟੀ 'ਤੇ ਚਲੇ ਜਾਣ ਦਾ ਐਲਾਨ



ਧਾਰੀਵਾਲ, 5 ਸਤੰਬਰ(ਮਨਦੀਪ ਸਿੰਘ ਵਿੱਕੀ)-ਪਾਵਰਕੌਮ ਅਤੇ ਟਰਾਸਕੋ ਦੀ ਮੈਨੇਜਮੈਂਟ ਵੱਲੋਂ ਬਿਜਲੀ ਮੰਤਰੀ ਦੀ ਹਾਜ਼ਰੀ ਵਿੱਚ ਮੀਟਿੰਗ ਦੌਰਾਨ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਜੁਆਇੰਟ ਫੋਰਮ ਅਤੇ ਏਕਤਾ ਮੰਚ ਦੇ ਸੂਬਾ ਪੱਧਰੀ ਸੱਦੇ ਤੇ ਪੰਜਾਬ ਦੇ ਸਮੂਹ ਬਿਜਲੀ ਮੁਲਾਜ਼ਮ 10 ਸਤੰਬਰ ਤੋਂ ਲੈਕੇ 12 ਸਤੰਬਰ ਤੱਕ ਸਮੂਹਿਕ ਛੁੱਟੀ ਤੇ ਚਲੇ ਜਾਣਗੇ।ਇਹ ਜਾਣਕਾਰੀ ਦਿੰਦਿਆਂ ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਹੈ ਕਿ ਪਾਵਰਕੌਮ ਦੀ ਮੈਨੇਜ਼ਮੈਂਟ ਬਿਜਲੀ ਕਾਮਿਆਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ, ਜਿਸ ਕਾਰਨ ਬਿਜਲੀ ਕਾਮਿਆਂ ਵੱਲੋਂ ਮੈਨੇਜਮੈਂਟ ਵਿਰੁੱਧ ਸੰਘਰਸ਼ ਕੀਤਾ ਜਾ ਰਿਹਾ ਹੈ ਜਿਸ ਦੇ ਤਹਿਤ ਕਰਮਚਾਰੀਆਂ ਵਲੋਂ ਆਪਣੀ ਬਨਦੀ 8 ਘੰਟੇ ਡਿਊਟੀ ਕੀਤੀ ਜਾ ਰਹੀ ਹੈ, ਵਰਕ ਟੂ ਰੂਲ ਅਨੁਸਾਰ ਕੰਮ ਕੀਤਾ ਜਾ ਰਿਹਾ ਹੈ।ਮੈਨੇਜਮੈਂਟ ਮੰਗਾਂ ਲਾਗੂ ਕਰਨ ਦੀ ਬਜਾਏ ਐਸਮਾ ਵਰਗੇ ਕਨੂੰਨ ਲਾਗੂ ਕਰਨ ਦੀਆਂ ਧਮਕੀਆਂ ਦੇ ਰਹੀਂ ਹੈ।ਸੰਘਰਸ਼ ਨੂੰ ਦਬਾਉਣ ਲਈ ਮੈਨੇਜਮੈਂਟ ਭਰਮ ਪਾਲ ਰਹੀ ਹੈ ਜਿਸ ਦਾ ਜਵਾਬ ਸੰਘਰਸ਼ ਰਾਹੀਂ ਦਿੱਤਾ ਜਾਵੇਗਾ। ਮੁਲਾਜ਼ਮ ਆਗੂਆਂ ਨੇ ਪਾਵਰਕੌਮ ਦੀ ਮੈਨੇਜਮੈਂਟ ਕੋਲੋਂ ਮੰਗ ਕੀਤੀ ਹੈ ਕਿ ਮੰਨੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ ਜਿਵੇਂ ਸੀ ਆਰ ਏ 295. ਵਾਲੇ ਸਹਾਇਕ ਲਾਇਨਮੈਨਾਂ ਦੀਆਂ ਪੂਰੀਆ ਤਨਖ਼ਾਹਾਂ ਰੀਲੀਜ਼ ਕੀਤੀਆਂ ਜਾਣ ਅਤੇ ਮਹਿਕਮੇ ਅੰਦਰ ਨਵੀਂ ਪੱਕੀ ਭਰਤੀ ਕਰਕੇ ਖਾਲੀ ਅਸਾਮੀਆਂ ਭਰੀਆਂ ਜਾਣ, ਫ਼ੀਲਡ ਵਿੱਚ ਕੰਮ ਕਰਨ ਲਈ ਕਰਮਚਾਰੀਆਂ ਨੂੰ ਸੇਫਟੀ ਕਿੱਟਾਂ ਜਾਰੀ ਕੀਤੀਆਂ ਜਾਣ, ਸਾਰੇ ਕਰਮਚਾਰੀਆਂ ਤੇ ਕੈਸ਼ਲੈੱਸ ਸਕੀਮ ਲਾਗੂ ਕੀਤੀ ਜਾਵੇ, ਤਨਖ਼ਾਹਾਂ ਵਿੱਚ ਤਰੁੱਟੀਆਂ ਦੂਰ ਕੀਤੀਆਂ ਜਾਣ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਪਾਵਰਕੌਮ ਦੀ ਮੈਨੇਜਮੈਂਟ ਗੱਲਬਾਤ ਰਾਹੀਂ ਮਸਲਿਆਂ ਦਾਂ ਨਿਪਟਾਰਾ ਕਰੇ ਨਹੀਂ ਤਾਂ ਬਿਜਲੀ ਮੁਲਾਜ਼ਮ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ।

ਸਾਥੀ ਬਲਵਿੰਦਰ ਉਦੀਪੁਰ ਨੇ ਸਮੂਹ ਕਰਮਚਾਰੀਆਂ ਨੂੰ ਸਮੂਹਿਕ ਛੁੱਟੀ ਭਰਨ ਦੀ ਅਪੀਲ ਕਰਦਿਆਂ ਦ੍ਰਿੜ ਇਰਾਦੇ ਨਾਲ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ, ਤਾਂ ਜੋ ਮੈਨੇਜਮੈਂਟ ਦੀਆਂ ਧਮਕੀਆਂ ਦਾਂ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ।

# ਸਮਾਜ ਵਿਰੋਧੀ ਅਨਸਰਾਂ ਖਿਲਾਫ ਕਾਰਵਾਈ ਲਈ ਜਨਤਾ ਦਾ ਸਹਿਯੋਗ ਜ਼ਰੂਰੀ : ਡੀ. ਐੱਸ. ਪੀ.



ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ਼ਹਿਰ ਵਿਚ ਕਈ ਥਾਵਾਂ ਤੋਂ ਖੋਹ ਅਤੇ ਦੋਪਹੀਆ ਵਾਹਨ ਚੋਰੀ ਹੋਣ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ। ਪੁਲਸ ਚੋਰਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ।ਸਮਾਜ ਵਿਰੋਧੀ ਅਨਸਰਾਂ ਖਿਲਾਫ ਕਾਰਵਾਈ ਕਰਨ ਲਈ ਪੁਲਸ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ, ਇਸ ਮਿਸ਼ਨ ਨੂੰ ਕਾਮਯਾਬ ਕਰਨ ਲਈ ਲੋਕਾਂ ਦਾ ਸਹਿਯੋਗ ਵੀ ਬਹੁਤ ਜ਼ਰੂਰੀ ਹੈ। ਇਹ ਸ਼ਬਦ ਸਬ ਡਵੀਜ਼ਨ ਤਰਨਤਾਰਨ ਦੇ ਨਵ-ਨਿਯੁਕਤ ਡੀ. ਐੱਸ. ਪੀ. ਕਮਲਮੀਤ ਸਿੰਘ ਨੇ ਐਂਟੀ ਪਲਿਊਸ਼ਨ ਆਰਗੇਨਾਈਜੇਸ਼ਨ ਦੇ ਵਫ਼ਦ ਨਾਲ ਮੁਲਾਕਾਤ ਮੌਕੇ ਪੇਸ਼ ਕੀਤੇ।ਡੀ. ਐੱਸ. ਪੀ. ਕਮਲਮੀਤ ਸਿੰਘ ਨੇ ਕਿਹਾ ਕਿ ਸਬ-ਡਵੀਜ਼ਨ ਅਧੀਨ ਪੈਂਦੇ ਥਾਣਿਆਂ ਅਤੇ ਚੌਕੀਆਂ ਵਿੱਚ ਆਮ ਲੋਕਾਂ ਨੂੰ ਪੂਰਾ ਇਨਸਾਫ਼ ਦਿੱਤਾ ਜਾਵੇਗਾ, ਜਿਸ ਕਿਸੇ ਨੂੰ ਵੀ ਕੋਈ ਸਮੱਸਿਆ ਆ ਰਹੀ ਹੈ, ਉਹ ਸਿੱਧਾ ਮਿਲ ਸਕਦਾ ਹੈ।ਥਾਣਿਆਂ ਵਿੱਚ ਆਉਣ ਵਾਲੇ ਪਤਵੰਤਿਆਂ ਅਤੇ ਬਜ਼ੁਰਗਾਂ ਦਾ ਸਨਮਾਨ ਕੀਤਾ ਜਾਵੇਗਾ।ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਦਾ ਕੋਈ ਲਿਹਾਜ਼ ਨਹੀਂ ਕੀਤਾ ਜਾਵੇਗਾ।ਪੁਲਸ ਇਨ ਾਂ ਖਿਲਾਫ ਸਖਤੀ ਨਾਲ ਕੰਮ ਕਰ ਰਹੀ ਹੈ।ਲੋਕਾਂ ਨੂੰ ਅਪੀਲ ਹੈ ਕਿ ਨਸ਼ਾਖੋਰੀ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਬਾਰੇ ਪੁਲਸ ਨੂੰ ਸੂਚਿਤ ਕੀਤਾ ਜਾਵੇ।ਐਂਟੀ ਪਲਿਊਸ਼ਨ ਆਰਗੇਨਾਈਜੇਸ਼ਨ ਪੰਜਾਬ ਦੇ ਪ੍ਰਧਾਨ ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਸਰਕਾਰ ਅਤੇ ਵਿਭਾਗ ਨੇ ਜ਼ਿਲੇ ਦੇ ਥਾਣਿਆਂ ਦੇ ਇੰਚਾਰਜ ਕਮਲਮੀਤ ਸਿੰਘ ਨੂੰ ਡੀ. ਐੱਸ. ਪੀ. ਬਣਾ ਕੇ ਗੁਰੂ ਨਗਰੀ ਤਰਨਤਾਰਨ ਦੀ ਸੇਵਾ ਕਰਨ ਦਾ ਮੌਕਾ ਦਿਤਾ ਹੈ। ਪੂਰੀ ਉਮੀਦ ਹੈ ਕਿ ਡੀ. ਐੱਸ. ਪੀ. ਕਮਲਮੀਤ ਸਿੰਘ ਤਰਨਤਾਰਨ ਸਬ-ਡਵੀਜ਼ਨ ਨੂੰ ਅਪਰਾਧ ਮੁਕਤ ਬਣਾਉਣ ਲਈ ਉਚੇਚੇ ਕਦਮ ਚੁੱਕਣਗੇ।ਥਾਣਿਆਂ ਅਤੇ ਚੌਕੀਆਂ ਵਿੱਚ ਪਹਿਲ ਦੇ ਆਧਾਰ 'ਤੇ ਲੋਕਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ। ਐਡਵੋਕੇਟ ਆਦੇਸ਼ ਅਗਨੀਹੋਤਰੀ ਦੀ ਅਗਵਾਈ ਹੇਠ ਵਫ਼ਦ ਨੇ ਡੀ. ਐੱਸ. ਪੀ. ਕਮਲਮੀਤ ਸਿੰਘ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਨਰਿੰਦਰ ਸ਼ਰਮਾ, ਬਲਦੇਵ ਸਿੰਘ, ਦਲਬੀਰ ਸਿੰਘ, ਤੇਜਿੰਦਰ ਕੁਮਾਰ, ਮਾਸਟਰ ਅਜੈਬ ਸਿੰਘ, ਮਨਜੀਤ ਸਿੰਘ ਰੰਧਾਵਾ, ਸੁਰਿੰਦਰ ਸਿੰਘ, ਅਸ਼ੋਕ ਕੁਮਾਰ, ਸੁਮਿਤ ਕੁਮਾਰ, ਅਮਰੀਕ ਸਿੰਘ ਅਤੇ ਪ੍ਰਿੰਸ ਕਪੂਰ ਆਦਿ ਹਾਜ਼ਰ ਸਨ।

# ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਵਸ ਸਬੰਧੀ ਸਮਾਗਮਾਂ ਨੂੰ ਪੰਜਾਬ ਸਰਕਾਰ ਅੱਖੋਂ-ਪਰੋਖੇ ਨਾ ਕਰੇ : ਔਲਖ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਨਿਮਾਣਿਆਂ ਦੇ ਮਾਣ ਨਿਤਾਣਿਆਂ ਦੇ ਤਾਣ ਧੰਨ-ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤਿ ਦਿਵਸ ਦੇ ਸ਼ਤਾਬਦੀ ਸਮਾਗਮ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਦੋ ਅਹਿਮ ਸ਼ਤਾਬਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਸਤਿਕਾਰ ਨਾਲ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਮਨਾਈਆਂ ਜਾ ਰਹੀਆਂ ਹਨ।ਜਿਥੇ ਦੇਸ ਵਿਦੇਸ਼ ਵਿੱਚ ਸ਼ਤਾਬਦੀਆਂ ਸਬੰਧੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਉਥੇ ਪੰਜਾਬ ਦੀ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੈ। ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਨੂੰ ਜਾਣ ਵਾਲੇ ਰਸਤਿਆਂ ਵਿਚ ਪਏ ਟੋਏ, ਛੱਪੜ ਸੰਗਤਾਂ ਵੱਲੋਂ ਪੂਰੇ ਅਤੇ ਆਪ ਹੀ ਤਿਆਰ ਕੀਤੇ ਜਾ ਰਹੇ ਹਨ।ਇਨ ਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਔਲਖ ਨੇ ਨਵਾਂ ਜ਼ਮਾਨਾ ਨਾਲ ਗੱਲਬਾਤ ਕਰਦਿਆਂ ਕੀਤਾ।ਉਨ ਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸ਼ਤਾਬਦੀ ਸਮਾਗਮਾਂ 'ਚ ਸਮੇਂ ਦੀਆਂ ਸਰਕਾਰਾਂ ਨੇ ਵਧ-ਚੜ ਸਹਿਯੋਗ ਦਿੱਤਾ ਸੀ ਪਰ ਪਹਿਲੀ ਵਾਰ ਸੱਤਾ 'ਚ ਆਈ ਭਗਵੰਤ ਸਿੰਘ ਮਾਨ ਦੀ ਸਰਕਾਰ ਵਲੋਂ ਦੋ ਅਹਿਮ ਸ਼ਤਾਬਦੀ ਸਮਾਗਮਾਂ ਨੂੰ ਅੱਖੋਂ ਪਰੋਖੇ ਕਰਨ 'ਤੇ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ।15 ਤੋਂ 18 ਸਤੰਬਰ ਨੂੰ ਮਨਾਈਆਂ ਜਾ ਰਹੀਆਂ ਸ਼ਤਾਬਦੀਆਂ ਸਬੰਧੀ ਪੰਜਾਬ ਸਰਕਾਰ ਜਾਂ ਪ੍ਰਸ਼ਾਸਨ ਵੱਲੋਂ ਹਾਲੇ ਤੱਕ ਕੋਈ ਮੀਟਿੰਗ ਨਹੀਂ ਕੀਤੀ ਗਈ।ਪੰਜਾਬ ਸਰਕਾਰ ਸ਼ਤਾਬਦੀ ਸਮਾਗਮ ਮਨਾਉਣ ਵਿੱਚ ਨਕਾਮ ਨਜ਼ਰ ਆ ਰਹੀ ਹੈ। ਗੁਰੂ ਘਰ ਨੂੰ ਜਾਂਦੇ ਰਸਤਿਆਂ ਦਾ ਬੁਰਾ ਹਾਲ ਏ, ਪੰਜਾਬ ਸਰਕਾਰ ਨੇ ਕੋਈ ਟੈਂਟ ਸਿਟੀ, ਕੋਈ ਬਾਥਰੂਮ, ਲੰਗਰਾਂ ਵਾਸਤੇ ਬਿਜਲੀ, ਪਾਣੀ ਦਾ ਕੋਈ ਵੀ ਪ੍ਰਬੰਧ ਨਹੀਂ ਕੀਤਾ ਗਿਆ।ਸ਼ਤਾਬਦੀ ਸਮਾਗਮਾਂ 'ਚ ਛੇ ਤੋਂ ਸੱਤ ਲੱਖ ਸੰਗਤਾਂ ਦੇ ਆਉਣ ਸੰਭਾਵਨਾ ਹੈ। ਇਸ ਲਈ ਪੰਜਾਬ ਸਰਕਾਰ ਸ਼ਤਾਬਦੀ ਸਮਾਗਮ ਮਨਾਉਣ ਵਿੱਚ ਪੂਰਨ ਤੌਰ ਤੇ ਸਹਿਯੋਗ ਕਰੇ।

# ਵਿਆਹ ਪੁਰਬ ਸਮਾਗਮਾਂ ਨੂੰ ਲੈ ਕੇ ਸ਼ਹਿਰ 'ਚ ਸਾਫ-ਸਫਾਈ ਤੇ ਫੋਗਿੰਗ ਮੁਹਿੰਮ ਜਾਰੀ



ਬਟਾਲਾ, ਸਤੰਬਰ (ਡਾ. ਮਲਵਿੰਦਰ ਸਿੰਘ)-ਡਾ. ਸ਼ਾਇਰੀ ਭੰਡਾਰੀ, ਐਸਡੀਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਕਿ ਵਿਆਹ ਪੁਰਬ ਸਮਾਗਮ ਦੇ ਸਬੰਧ ਵਿੱਚ ਵੱਖ-ਵੱਖ ਵਿਭਾਗਾਂ ਵਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਸੰਗਤਾ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।ਉਨਾਂ ਅੱਗੇ ਦੱਸਿਆ ਕਿ ਕਾਰਪੋਰੇਸ਼ਨ ਦੀਆਂ ਟੀਮਾਂ ਵਲੋਂ ਅੱਜ ਜਲੰਧਰ ਰੋਡ ਨੇੜੇ ਵੰਡਰ ਹੋਟਲ, ਗੁਰਦਾਸਪੁਰ ਰੋਡ ਅਤੇ ਕਾਹਨੂੰਵਾਨ ਚੌਂਕ ਨੇੜੇ ਸਾਫ-ਸਫਾਈ ਕਰਵਾਈ ਗਈ ਅਤੇ ਫੋਗਿੰਗ ਵੀ ਕਰਵਾਈ ਗਈ।ਟੀਮਾਂ ਵਲੋਂ ਲਗਾਤਾਰ ਸਫਾਈ ਅਭਿਆਨ ਚਲਾਇਆ ਜਾ ਰਿਹਾ ਹੈ ਅਤੇ ਵੱਖ-ਵੱਖ ਟੀਮਾਂ ਵਲੋਂ ਸ਼ਹਿਰ ਦੀਆਂ ਸੜਕਾਂ ਤੇ ਬਜ਼ਾਰਾਂ ਆਦਿ ਵਿੱਚ ਕੰਮ ਕੀਤਾ ਜਾ ਰਿਹਾ ਹੈ।ਉਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰਸ਼ਾਸਨ ਨਾਲ ਸਹਿਯੋਗ ਕਰਨ।ਕੂੜਾ ਖੁੱਲੇ ਵਿੱਚ ਨਾ ਸੁੱਟਣ।ਦੁਕਾਨਦਾਰਾਂ, ਹੋਟਲ ਸਮੇਤ ਵੱਖ-ਵੱਖ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਲਈ ਅੱਗੇ ਆਉਣ ਤਾਂ ਜੋ ਸਮੂਹਿਕ ਸਹਿਯੋਗ ਨਾਲ ਵਿਆਹ ਪੁਰਬ ਸਮਾਗਮ ਸਫਲਤਾਪੂਰਵਕ ਨੇਪਰੇ ਚਾੜੇ ਜਾ ਸਕਣ।

# ਟੇਬਲ ਟੈਨਿਸ ਮੁਕਾਬਲੇ 'ਚ ਆਰ. ਡੀ. ਖੋਸਲਾ ਸਕੂਲ ਦੀ ਟੀਮ ਅੱਵਲ ਸਥਾਨ 'ਤੇ ਰਹੀ



ਬਟਾਲਾ( ਤਰਲੋਕ ਬੱਗਾ)-ਆਰ. ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਜ਼ਿਲ ਾ ਪੱਧਰੀ ਟੇਬਲ ਟੈਨਿਸ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਅੰਡਰ-17 ਲੜਕਿਆਂ ਦੀ ਟੀਮ ਵਿੱਚ ਵਿੱਦਿਆ, ਅਰਮਾਨ ਦੀਪ ਸਿੰਘ, ਤਨਵੀਰ, ਜਰਮਨ ਅਤੇ ਲਕਸ਼ਿਆ ਅਤੇ ਅੰਡਰ-19 ਲੜਕਿਆਂ ਦੀ ਟੀਮ ਵਿੱਚ ਗੁਰਸ਼ਰਨ ਸਿੰਘ, ਰੋਹਨਪ੍ਰੀਤ ਸਿੰਘ, ਤੇਜਬੀਰ ਸਿੰਘ, ਪ੍ਰਿੰਸ ਸਰੀਨ ਅਤੇ ਸ਼ੁਭਪ੍ਰੀਤ ਸਿੰਘ ਨੇ ਸਕੂਲ ਦਾ ਨਾਂ ਰੌਸ਼ਨ ਕੀਤਾ।ਅੰਡਰ-14 ਲੜਕਿਆਂ ਦੀ ਟੀਮ ਨੇ ਦੂਸਰਾ ਸਥਾਨ ਹਾਸਲ ਕੀਤਾ। ਅੰਡਰ-17 ਲੜਕੀਆਂ ਦੀ ਟੀਮ ਵਿੱਚੋਂ ਗੁਰਸੀਰਤਪ੍ਰੀਤ ਕੌਰ, ਮਨਦੀਪ ਕੌਰ, ਜਸਲੀਨ ਕੌਰ, ਜੈਸਮੀਨ ਕੌਰ ਅਤੇ ਅਸ਼ਮੀਤ ਕੌਰ ਤੀਜੇ ਸਥਾਨ 'ਤੇ ਰਹੀਆਂ ਅਤੇ ਅੰਡਰ-19 ਲੜਕੀਆਂ ਦੀ ਟੀਮ ਵਿੱਚ ਨਾਜ਼ਦੀਪ ਕੌਰ, ਰੀਆ, ਗੁਰਲੀਨ ਕੌਰ, ਹਿਮਾਨੀ ਅਤੇ ਅਸ਼ਮੀਤ ਕੌਰ ਤੀਜੇ ਸਥਾਨ 'ਤੇ ਰਹੀਆਂ।

ਲੜਕੀਆਂ ਦੀ ਅੰਡਰ-14 ਟੀਮ ਵਿੱਚ ਸਮਾਇਲ ਪ੍ਰੀਤ ਕੌਰ, ਕੀਰਤ ਪ੍ਰੀਤ ਕੌਰ, ਜਸ਼ਨਦੀਪ ਕੌਰ, ਰਹਿਮਤ ਪ੍ਰੀਤ ਕੌਰ ਅਤੇ ਸਿਮਰਪ੍ਰੀਤ ਕੌਰ ਦੂਜੇ ਸਥਾਨ 'ਤੇ ਰਹੀਆਂ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਜੇਤੂ ਵਿਦਿਆਰਥੀਆਂ, ਉਨ ਾਂ ਦੇ ਮਾਤਾ-ਪਿਤਾ ਅਤੇ ਕੋਚ ਤਰਲੋਕ ਸਿੰਘ ਅਤੇ ਸ੍ਰੇਸ਼ਠਾ ਸ਼ਰਮਾ ਨੂੰ ਹਾਰਦਿਕ ਵਧਾਈ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਸਕੂਲ ਆਫ ਐਮੀਨੈਂਸ ਮਾਲ ਰੋਡ ਦੇ ਅਧਿਆਪਕ ਸਨਮਾਨਿਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਜ਼ਿਲੇ ਦੇ ਸਕੂਲ ਆਫ ਐਮੀਨੈਂਸ ਮਾਲ ਰੋਡ ਵਿਖੇ ਡਾ: ਸਰਵਪੱਲੀ ਸ਼੍ਰੀ ਰਾਧਾਕ੍ਰਿਸ਼ਨਨ ਦੇ ਜਨਮਦਿਨ ਨੂੰ ਸਮਰਪਿਤ ਕੌਮੀ ਅਧਿਆਪਕ ਦਿਵਸ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿਚ ਸਿੱਖਿਆ ਦੇ ਖੇਤਰ ਵਿੱਚ ਯੋਗਦਾਨ ਲਈ ਸਕੂਲ ਦੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਇਸ ਮੌਕੇ ਵਿਸ਼ੇਸ਼ ਸਵੇਰ ਦੀ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਅਧਿਆਪਕਾਂ ਦੀ ਸੁਹਿਰਦਤਾ ਅਤੇ ਦ੍ਰਿੜ ਕਰਮਸ਼ੀਲਤਾ ਨੂੰ ਸਮਰਪਿਤ ਇਕ ਸ਼ਾਨਦਾਰ ਸਕਿਟ ਦੀ ਪੇਸ਼ਕਾਰੀ ਕੀਤੀ ਗਈ। ਉਨ ਾਂ ਕਵਿਤਾਵਾਂ ਅਤੇ ਭਾਸ਼ਣ ਰਾਹੀਂ ਆਪਣੇ ਮਹਿਨਤੀ ਅਧਿਆਪਕਾਂ ਨੂੰ ਨਮਨ ਕੀਤਾ। ਇਸ ਸਭਾ ਵਿਚ ਸ੍ਰੀਮਤੀ ਪ੍ਰਤਿਭਾ (ਲੈਕਚਰਾਰ ਬਾਇਓ), ਮਨਦੀਪ ਕੌਰ ਬੱਲ (ਲੈਕਚਰਾਰ ਅੰਗਰੇਜ਼ੀ) ਅਤੇ ਇੰਦਰਜੀਤ ਕੌਰ (ਲੈਕਚਰਾਰ ਕਮਿਸਟਰੀ) ਦਾ ਅਹਿਮ ਯੋਗਦਾਨ ਰਿਹਾ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀ ਮਨਦੀਪ ਕੌਰ ਨੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ, ਅਧਿਆਪਕ ਦਿਵਸ ਅਧਿਆਪਕਾਂ ਦੀ ਪ੍ਰਸ਼ੰਸਾ ਲਈ ਇੱਕ ਵਿਸ਼ੇਸ਼ ਦਿਨ ਹੈ। ਅਧਿਆਪਕ ਰਾਸ਼ਟਰ ਨਿਰਮਾਤਾ ਹਨ ਅਤੇ ਸਾਡੇ ਸਮਾਜ ਦੇ ਸਕਾਰਾਤਮਕ ਨਿਰਮਾਣ ਵਿੱਚ ਮੁੱਢਲੀ ਭੂਮਿਕਾ ਨਿਭਾਉਂਦੇ ਹਨ।ਉਨ ਾਂ ਦੇ ਯੋਗਦਾਨ ਨੂੰ ਕਦੇ ਵੀ ਭੁੱਲਿਆ ਨਹੀਂ ਜਾ ਸਕਦਾ। ਇਸ ਮੌਕੇ ਮਾਲ ਰੋਡ ਸਕੂਲ ਦੇ ਕੰਪਿਊਟਰ ਅਧਿਆਪਕ ਪਰਮ ਆਫਤਾਬ ਸਿੰਘ ਨੂੰ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ ਵੱਲੋਂ ਵਿਦਿਅਕ ਖੇਤਰ ਵਿਚ ਬਹੁਮੁੱਲੀਆਂ ਸੇਵਾਵਾਂ ਦੇਣ ਲਈ ਸਿਰੜ ੀ, ਸੁਝਵਾਨ ਸੋਚ ਲਈ 20ਵੇਂ ਸਾਲਾਨਾ ਸਮਾਗਮ ਵਿਖੇ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਜ਼ਿਲ ਾ ਸਿੱਖਿਆ ਅਫਸਰ (ਸੈ.ਸਿ), ਅੰਮ੍ਰਿਤਸਰ ਹਰਭਗਵੰਤ ਸਿੰਘ ਹਾਜ਼ਰ ਸਨ।

# ਬਾਬਾ ਬਕਾਲਾ 'ਚ ਚੋਰੀਆਂ ਕਾਰਨ ਦਹਿਸ਼ਤ ਦਾ ਮਾਹੌਲ

ਰਈਆ (ਰੈਡੀ)-ਬਾਬਾ ਬਕਾਲਾ ਗੁਰੂ ਦੀ ਨਗਰੀ ਵਿਚ ਚੋਰਾਂ ਦੇ ਹੌਸਲੇ ਇੰਨੇ ਜ਼ਿਆਦਾ ਵੱਧ ਗਏ ਹਨ ਕਿ ਰੋਜ਼ ਹੀ ਨਵੀਂ ਤੋਂ ਨਵੀਂ ਵਾਰਦਾਤ ਨੂੰ ਅੰਜਾਮ ਦੇ ਰਹੇ ਹਨ।ਬਜ਼ਾਰ ਵਿੱਚੋਂ ਸ਼ਰਧਾਲੂਆ ਦਾ ਇਲਾਕਾ ਨਿਵਾਸੀਆਂ ਦੇ ਰੋਜ਼ਾਨਾ ਪਰਸ ਖੋਹੇ ਜਾ ਰਹੇ।ਮੋਟਰਸਾਈਕਲ ਚੋਰੀ ਕਰਨਾ ਤਾਂ ਇਨ੍ਹਾਂ ਦਾ ਖੱਬੇ ਹੱਥ ਦਾ ਖੇਲ ਬਣ ਚੁੱਕਾ ਹੈ।ਬੀਤੀ ਰਾਤ ਤਹਿਸੀਲ ਕੰਪਲੈਕਸ ਵਿਚ ਤਕਰੀਬਨ ਪੰਜ ਦੁਕਾਨਾਂ ਦੇ ਤਾਲੇ ਤੋੜੇ ਗਏ। ਇਲਾਕਾ ਨਿਵਾਸੀ ਮੋਹਨ ਸਿੰਘ ਦੇ ਘਰ ਦੇ ਬਾਹਰੋਂ ਕਾਰ ਚੋਰੀ ਕਰ ਲਈ ਗਈ।ਪੁਲਸ਼ ਪਸ਼ਾਸਨ ਕੁੰਭਕਰਨ ਦੀ ਨੀਂਦ ਸੁੱਤਾ ਪਿਆ ਹੈ।ਸ਼ਹਿਰ ਨਿਵਾਸੀ ਸਹਿਮ ਭਰੇ ਮਾਹੌਲ ਵਿੱਚ ਹਨ।



# ਪ੍ਰਕਾਸ਼ ਪੁਰਬ ਮੌਕੇ ਨੋਬਲ ਵਿਜ਼ਨ ਵਿਖੇ ਗੁਰਮਤਿ ਸੈਮੀਨਾਰ ਕਰਵਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਨੋਬਲ ਵਿਜਨ ਇੰਟਰਨੈਸ਼ਨਲ ਕਾਨਵੈਂਟ ਸਕੂਲ, ਸੈਦੋ ਲੇਹਲ-ਖੁਜਾਲਾ ਵਿਖੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਵਿਦਿਆਰਥੀਆਂ ਵੱਲੋਂ ਬੜੀ ਹੀ ਸ਼ਰਧਾ ਭਾਵ ਨਾਲ ਮਨਾਇਆ ਗਿਆ।ਇਸ ਮੌਕੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਗੁਰਮਤ ਸੈਮੀਨਾਰ ਵੀ ਕਰਵਾਇਆ ਗਿਆ। ਜਿਸ ਵਿੱਚ ਬਲਦੇਵ ਸਿੰਘ ਸੰਧੂ ਅਤੇ ਸੁਖਦੇਵ ਸਿੰਘ ਬੱਲ ਵਿਸ਼ੇਸ਼ ਤੌਰ ਤੇ ਪਹੁੰਚੇ। ਜਿਨ ਾਂ ਨੇ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿਖਿਆਵਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਗੁਰੂ ਦੁਆਰਾ ਦੱਸੇ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਦਿੱਤੀ।ਸਰਦਾਰ ਬਲਦੇਵ ਸਿੰਘ ਜੋ ਕਿ ਨਿਸ਼ਾਨ ਏ ਸਿੱਖੀ ਸ੍ਰੀ ਖਡੂਰ ਸਾਹਿਬ ਵਿਖੇ ਨਿਸ਼ਕਾਮ ਸੇਵਾ ਕਰਦੇ ਹਨ ਅਤੇ ਗੁਰਮਤਿ ਨਾਲ ਸੰਬੰਧਿਤ ਤਕਰੀਬਨ ਇਕ ਦਰਜਨ ਕਿਤਾਬਾਂ ਲਿਖ ਚੁੱਕੇ ਹਨ ਨੇ ਗੁਰਬਾਣੀ ਦੇ ਸਭੇ ਸਾਂਝੀਵਾਲਤਾ ਦੇ ਫਲਸਫੇ ਨੂੰ ਬੱਚਿਆਂ ਦੇ ਨਾਲ ਵਿਸਥਾਰ ਸਹਿਤ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਗੁਰਬਾਣੀ ਦੇ ਆਦਰਸ਼ਾਂ ਉੱਤੇ ਚੱਲ ਕੇ ਅਧਿਆਤਮਿਕ ਪੱਖੋਂ ਅਮੀਰ ਵਿਦਿਆਰਥੀ ਦੁਨਿਆਵੀ ਪੜ ਾਈ ਵਿੱਚ ਵੀ ਮੱਲਾਂ ਮਾਰਦਾ ਹੈ। ਉਨ੍ਹਾਂ ਪ੍ਰਸ਼ਨਕਾਲ ਦੌਰਾਨ ਵਿਦਿਆਰਥੀਆਂ ਦੁਆਰਾ ਪੁੱਛੇ ਸਵਾਲਾਂ ਦਾ ਗੁਰਬਾਣੀ ਦੇ ਹਵਾਲੇ ਨਾਲ ਉੱਤਰ ਦੇ ਕੇ ਮਨਾਂ ਦੇ ਸ਼ੰਕੇ ਦੂਰ ਕੀਤੇ।

ਬਲਦੇਵ ਸਿੰਘ ਨੇ ਗੁਰੂ ਸਾਹਿਬ ਦੇ ਗੁਰਪੁਰਬ ਸਮੇਂ ਵਿਦਿਆਰਥੀਆਂ ਦੇ ਨਾਲ ਗੁਰਬਾਣੀ ਅਤੇ ਗੁਰਮਤ ਦੀ ਚਰਚਾ ਕਰਨ ਲਈ ਰੱਖੇ ਵਿਸ਼ੇਸ਼ ਸੈਮੀਨਾਰ ਲਈ ਨੋਬਲ ਵਿਜ਼ਨ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਸਾਹਿਬ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਕਰਦੇ ਰਹਿਣ ਤੇ ਜ਼ੋਰ ਦਿੱਤਾ। ਇਸ ਸਮਾਗਮ ਵਿੱਚ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰ ਸਰਦਾਰ ਮਹਿਲ ਸਿੰਘ, ਗੁਰਿੰਦਰ ਸਿੰਘ, ਪਲਵਿੰਦਰ ਸਿੰਘ ਸਰਹਾਲਾ ਅਤੇ ਸਕੂਲ ਪ੍ਰਿੰ. ਗੁਰਦਿਆਲ ਸਿੰਘ, ਅਧਿਆਪਕ ਅਤੇ ਸਟਾਫ ਮੈਂਬਰ ਹਾਜ਼ਰ ਸਨ।ਇਸ ਸਮੇਂ ਮੈਨੇਜਮੈਂਟ ਕਮੇਟੀ ਵੱਲੋਂ ਬਲਦੇਵ ਸਿੰਘ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।

# ਉਦੋਕੇ ਵਿਖੇ ਸਾਲਾਨਾ ਗੁਰਮਤਿ ਸਮਾਗਮ 7 ਤੇ 8 ਨੂੰ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਗੁਰਦੁਆਰਾ ਨਾਗੀਆਨ ਸਾਹਿਬ ਪਿੰਡ ਉਦੋਕੇ ਦੇ ਮੁੱਖੀ ਸੰਤ ਬਾਬਾ ਕਵਲਜੀਤ ਸਿੰਘ ਦੀ ਅਗਵਾਈ ਹੇਠ, ਸੰਤ ਬਾਬਾ ਚੁਗੱਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ 51 ਵਾਂ ਅਤੇ ਸੰਤ ਬਾਬਾ ਜੋਗਿੰਦਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ 10ਵਾਂ ਗੁਰਮੱਤ ਸਮਾਗਮ 7 ਅਤੇ 8 ਸਤੰਬਰ ਦਿਨ ਸ਼ਨੀਵਾਰ ਅਤੇ ਐਤਵਾਰ ਨੂੰ ਦੇਸ਼ ਵਿਦੇਸ਼ ਅਤੇ ਇਲਾਕੇ ਨਿਵਾਸੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸੰਤ ਬਾਬਾ ਕਵਲਜੀਤ ਸਿੰਘ, ਜਸਵੰਤ ਸਿੰਘ ਵਿੰਡਰ ਅਤੇ ਸੈਕਟਰੀ ਸਰਬਜੀਤ ਸਿੰਘ ਉਦੋਕੇ ਨੇ ਪੱਤਰਕਾਰਾਂ ਨੂੰ ਦੱਸਿਆ ਕਿ 5 ਸਤੰਬਰ 2024 ਦਿਨ ਵੀਰਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, 7 ਸਤੰਬਰ ਦਿਨ ਸ਼ਨੀਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਪਾਏ ਜਾਣਗੇ।ਉਪਰੰਤ ਦੀਵਾਨ ਵਿੱਚ ਗੁਰਮੱਤ ਸਮਾਗਮ ਹੋਣਗੇ, ਜਿਸ ਵਿੱਚ 7 ਸਤੰਬਰ ਦਿਨ ਸ਼ਨੀਵਾਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹਜ਼ੂਰੀ ਰਾਗੀ ਭਾਈ ਸਰੂਪ ਸਿੰਘ ਜੀ, ਰਾਗੀ ਭਾਈ ਦਵਿੰਦਰ ਸਿੰਘ ਨਿਰਮਾਣ, ਰਾਗੀ ਭਾਈ ਭਾਰਤ ਜਵੱਦੀ ਕਲਾਂ ਲੁਧਿਆਣਾ, ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣਾ ਵਾਲੇ, ਕਥਾਵਾਚਕ ਭਾਈ ਜਸਵੰਤ ਸਿੰਘ ਪਰਵਾਨਾਂ ਜਲੰਧਰ ਵਾਲੇ, ਰਾਗੀ ਭਾਈ ਪ੍ਰਭਜੀਤ ਸਿੰਘ ਨਾਗੀਆਨ ਸਾਹਿਬ ਵਾਲੇ, ਕਥਾਵਾਚਕ ਭਾਈ ਨਿਸ਼ਾਨ ਸਿੰਘ ਨਾਗੀਆਨ ਸਾਹਿਬ ਵਾਲੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਉਣਗੇ ਅਤੇ 8 ਸਤੰਬਰ ਦਿਨ ਐਤਵਾਰ ਨੂੰ ਢਾਡੀ ਗਿਆਨੀ ਸਤਨਾਮ ਸਿੰਘ ਲਾਲੂ ਘੁੰਮਣ ਵਾਲੇ, ਕਵੀਸ਼ਰ ਭਾਈ ਮਨਜੀਤ ਸਿੰਘ ਸੋਹੀ, ਢਾਡੀ ਗਿਆਨੀ ਲਖਵਿੰਦਰ ਸਿੰਘ ਸੋਹਲ, ਢਾਡੀ ਬੀਬੀ ਜਸਵੀਰ ਕੌਰ ਜੱਸ ਸੁਲਤਾਨ ਪੁਰ ਲੋਧੀ ਵਾਲੇ, ਕਵੀਸ਼ਰ ਭਾਈ ਝੰਡਾ ਸਿੰਘ ਉਦੋਕੇ ਵਾਲੇ ਆਦਿ ਜਥੇ ਹਾਜਰੀ ਭਰਨਗੇ। ਉਪਰੰਤ ਸ਼ਾਮ ਨੂੰ ਮਾਝਾ ਕਬੱਡੀ ਅਕੈਡਮੀ ਘੜਿਆਲ (ਕਲਸੀ) ਅਤੇ ਮਾਤਾ ਸੁਲੱਖਣੀ ਕਬੱਡੀ ਕਲੱਬ ਬਟਾਲਾ ਦੀਆਂ ਟੀਮਾਂ ਵਿਚਕਾਰ ਕਬੱਡੀ ਦੇ ਸ਼ੋਅ ਮੈਚ ਕਰਵਾਏ ਜਾਣਗੇ, ਸੰਤ ਮਹਾਪੁਰਖ, ਸਾਧੂ, ਨਿਹੰਗ ਸਿੰਘ ਦਲ ਪੰਥ, ਸਮਾਜ ਸੇਵੀ, ਰਾਜਨੀਤਕ, ਦੇਸਾਂ ਵਿਦੇਸਾਂ ਦੀਆਂ ਸੰਗਤਾਂ ਬਹੁਤ ਗਿਣਤੀ ਵਿੱਚ ਹਾਜਰੀਆ ਭਰਨਗੀਆਂ। ਗੁਰੂ ਦਾ ਲੰਗਰ ਅਤੇ ਠੰਡੇ-ਮਿੱਠੇ ਪਾਣੀ ਦੀ ਛਬੀਲ ਲੱਗੇਗੀ।

# ਕਲਾਸਵਾਲਾ ਖਾਲਸਾ ਸਕੂਲ 'ਚ ਧੂਮਧਾਮ ਨਾਲ ਮਨਾਇਆ ਅਧਿਆਪਕ ਦਿਵਸ



ਕਾਦੀਆਂ ( ਯਾਦਵਿੰਦਰ ਸਿੰਘ ਮਲਹੋਤਰਾ)-ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਵਿਖੇ ਅਧਿਆਪਕ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ।ਸਮਾਗਮ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਅਧਿਆਪਕਾਂ ਦੀ ਪ੍ਰਸ਼ੰਸਾ ਵਿੱਚ ਕਵਿਤਾਵਾਂ, ਭਾਸ਼ਣ, ਨਾਟਕ ਅਤੇ ਗੀਤ ਪੇਸ਼ ਕੀਤੇ।

ਸਟੇਜ ਸੈਕਟਰੀ ਦੀ ਭੂਮਿਕਾ ਹਰਦੀਪ ਸਿੰਘ ਵਜੋਂ ਨਿਭਾਈ ਗਈ।ਵਿਦਿਆਰਥੀਆਂ ਨੇ ਅਧਿਆਪਕ ਦਿਵਸ ਦੀ ਮਹੱਤਤਾ ਸਕਿਟ ਅਤੇ ਨਾਚ ਗੀਤ ਰਾਹੀਂ ਦਰਸਾਈ।

ਸਾਰੇ ਵਿਦਿਆਰਥੀਆਂ ਨੇ ਅਧਿਆਪਕ ਦਿਵਸ ਤੇ ਕਾਰਡ ਵੀ ਬਣਾਏ ਅਤੇ ਆਪਣੇ ਅਧਿਆਪਕਾਂ ਨੂੰ ਸਨਮਾਨ ਦੇ ਰੂਪ ਵਿੱਚ ਭੇਟ ਕੀਤੇ।ਇਸ ਮੌਕੇ ਸਕੂਲ ਮੁੱਖ ਲੜਕੀ, ਮੁੱਖ ਲੜਕਾ ਅਤੇ ਚਾਰ ਹਾਊਸਾਂ ਦੇ ਕੈਪਟਨ ਅਤੇ ਉੱਪ ਕੈਪਟਨਾਂ ਦੀ ਚੋਣ ਵੀ ਕੀਤੀ ਗਈ।ਸਕੂਲ ਪ੍ਰਿੰਸੀਪਲ ਡਾ. ਸ਼ਾਲਿਨੀ ਦੱਤਾ ਨੇ ਕਿਹਾ ਕਿ ਜੀਵਨ ਵਿੱਚ ਸਫਲਤਾ ਦੇ ਪਿੱਛੇ ਇੱਕ ਅਧਿਆਪਕ ਦਾ ਦਿੱਤਾ ਗਿਆ ਗਿਆਨ ਹੁੰਦਾ ਹੈ।ਅਧਿਆਪਕ ਇੱਕ ਦੀਵੇ ਦੀ ਤਰ ਾਂ ਰੋਸ਼ਨ ਕਰਦਾ ਹੈ ਅਤੇ ਹਨੇਰੇ ਵਿੱਚ ਸਾਨੂੰ ਸਹੀ ਮਾਰਗ ਦੱਸਦਾ ਹੈ।

ਸਾਨੂੰ ਸਭ ਨੂੰ ਅਧਿਆਪਕ ਦੇ ਦੱਸੇ ਹੋਏ ਮਾਰਗ ਅਤੇ ਸਿੱਖਿਆ ਤੇ ਚੱਲਣਾ ਚਾਹੀਦਾ ਹੈ।ਇਸ ਮੌਕੇ ਸਕੂਲ ਉੱਪ ਪ੍ਰਿੰਸੀਪਲ ਪਰਮਿੰਦਰ ਕੌਰ, ਹੈੱਡ ਮਾਸਟਰ ਪਰਮਜੀਤ ਸਿੰਘ, ਸ਼ਰਨਬੀਰ ਕੌਰ, ਹਰਦੀਪ ਸਿੰਘ, ਧਿਆਨ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸਨ।


## ATAM VALVES LIMITED

**Regd. Off: 1051, INDUSTRIAL AREA, JALANDHAR. PUNJAB**
**Ph. No. +91 181 5001111, CIN: L27109PB1985PLC006476**
**Email ID: cs@atamfebi.com, Website: www.atamvalves.in**

## 39ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ

ਨੋਟਿਸ ਜਾਰੀ ਕੀਤਾ ਜਾਂਦਾ ਕਿ ਕੰਪਨੀ ਦੀ 39ਵੀਂ ਸਾਲਾਨਾ ਜਨਰਲ ਮੀਟਿੰਗ (ਏ ਜੀ ਐਮ) ਸੋਮਵਾਰ 30 ਸਤੰਬਰ 2024 ਨੂੰ ਦੁਪਹਿਰ 01.00 ਵਜੇ (ਭਾਰਤੀ ਸਟੈਂਡਰਡ ਟਾਇਮ ਮੁਤਾਬਿਕ) ਇਲੈਕਟ੍ਰੋਨਿਕ ਵਿਧੀ ਰਾਹੀਂ (ਵੀਡੀਓ ਕਾਨਫਰੰਸ) (ਵੀ ਸੀ) ਜਾਂ ਹੋਰ ਆਡੀਓ ਵਿਜ਼ੂਅਲ ਤਰੀਕਿਆਂ (ਓ ਏ ਵੀ ਐਮ) ਰਾਹੀਂ ਜਿਸ ਤਰ੍ਹਾਂ ਏ ਜੀ ਐਮ (ਨੋਟਿਸ) ਵਿੱਚ ਏਜੰਡਾ ਦੱਸਿਆ ਗਿਆ ਹੈ ਉਸ ਮੁਤਾਬਿਕ ਹੋਵੇਗੀ। ਏ ਜੀ ਐਮ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ (ਐਮ ਸੀ ਏ ਸਰਕੂਲਰ) ਰਾਹੀਂ ਸਮੇਂ ਸਮੇਂ ਸਿਰ ਜਾਰੀ ਕੀਤੇ ਗਏ ਨਿਰਦੇਸ਼ਾਂ ਮੁਤਾਬਿਕ ਇਲੈਕਟ੍ਰੋਨਿਕ ਵਿਧੀ ਰਾਹੀਂ ਹੋਵੇਗੀ।

ਐਮ ਸੀ ਏ ਸਰਕੂਲਰਾਂ ਜਿਵੇਂ ਕਿਵੇਂ ਸਕਿਉਰਿਟੀ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ (ਸੇਬੀ), ਕੰਪਨੀ 'ਚ ਐਕਟ 2013 ਦੀਆਂ ਤਾਜ਼ਾ ਵਿਵਸਥਾਵਾਂ ਮੁਤਾਬਿਕ (ਦਾ ਐਕਟ) ਅਤੇ ਸੇਬੀ (ਲਿਸਟਿੰਗ ਓਬਲੀਕੇਸ਼ਨਜ਼ ਐਂਡ ਡਿਸਲਕਲੋਜ਼ਰਸ ਰਿਕੁਆਰਮੈਂਟ) ਰੈਗੂਲੇਸ਼ਨਜ਼ 2015 (ਸੇਬੀ ਲਿਸਟਿੰਗ ਰੈਗੂਲੇਸ਼ਨਜ਼) ਦੇ ਮੁਤਾਬਿਕ ਏ ਜੀ ਐਮ ਦੀ ਮੀਟਿੰਗ ਦਾ ਨੋਟਿਸ ਵਿੱਤੀ ਸਾਲ 24 ਦੀ ਸਾਲਾਨਾ ਰਿਪੋਰਟ ਸਮੇਤ ਇਲੈਕਟ੍ਰੋਨਿਕ ਵਿਧੀ ਰਾਹੀਂ 5 ਸਤੰਬਰ 2024 ਨੂੰ ਉਨ੍ਹਾ ਮੈਂਬਰਾਂ ਨੂੰ ਜਿਨ੍ਹਾਂ ਦੇ ਈ ਮੇਲ ਪਤੇ ਡਿਪਾਜਟਰੀ ਪਾਰਟੀਸਪੈਂਡਸ (ਡੀ ਪੀਜ਼) ਕੋਲ ਰਸਿਟਰ ਹਨ/ਕੰਪਨੀ/ਰਜਿਸਟਰਾਰ ਅਤੇ ਟਰਾਂਸਫਰ ਏਜੰਟ ਮਤਲਬ ਬਿਗਸ਼੍ਰੀ ਸਰਵਿਸਜ ਪ੍ਰਾਈਵੇਟ ਲਿਮਟਿਡ (ਆਰ ਟੀ ਏ) ਕੋਲ ਦਰਜ ਹਨ ਭੇਜ ਦਿੱਤੇ ਗਏ। ਕੋਈ ਵੀ ਮੈਂਬਰ ਚਾਹੇ ਤਾਂ ਆਪਣਾ ਕੰਪਨੀ ਨੂੰ ਈਮੇਲ atcs@atamfebi.com 'ਤੇ ਸੰਦੇਸ਼ ਭੇਜ ਕੇ ਫਿਜ਼ਿਕਲ ਕਾਪੀ ਪ੍ਰਾਪਤ ਕਰ ਸਕਦਾ ਹੈ।

ਸਾਲਾਨਾ ਰਿਪੋਰਟ ਕੰਪਨੀ ਦੀ ਵੈਬ ਸਾਇਟ www.atamvalves.in 'ਤੇ ਵੀ ਉਪਲਬੱਧ ਹੈ ਅਤੇ ਸਟਾਕ ਐਕਸਚੇਂਜ ਦੀ ਵੈਬ ਸਾਇਟ ਮਤਲਬ ਬੀ ਐਸ ਈ ਲਿਮਟਿਡ ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ ਦੀ ਵੈਬ ਸਾਇਟ www.bseindia.com ਅਤੇ www.nseindia.com 'ਤੇ ਵੀ ਕ੍ਰਮਵਾਰ ਉਪਲਬੱਧ ਹੈ। ਇਸ ਤੋਂ ਇਲਾਵਾ ਇਹ ਸਾਲਾਨਾ ਰਿਪੋਰਟ ਸੈਂਟਰਲ ਡਿਪਾਜਟਰੀ ਸਰਵਿਸਿਜ (ਇੰਡੀਆ) ਲਿਮਟਿਡ (ਸੀ ਡੀ ਐਸ ਐਲ) ਕੋਲ www.evotingindia.com 'ਤੇ ਵੀ ਉਪਲਬੱਧ ਹੈ। ਇਹ ਸਾਰੇ ਦਸਤਾਵੇਜ਼ ਜਿਨ੍ਹਾਂ ਦਾ ਨੋਟਿਸ ਵਿੱਚ ਹਵਾਲਾ ਦਿੱਤਾ ਗਿਆ ਹੈ ਸੋਮਵਾਰ 30 ਸਤੰਬਰ 2024 ਤੱਕ ਨੋਟਿਸ ਡਿਸਪੈਚ ਕਰਨ ਦੀ ਮਿਤੀ ਤੋਂ ਲੈ ਕੇ ਇਲੈਕਟ੍ਰੋਨਿਕ ਵਿਧੀ ਰਾਹੀਂ ਪੜਤਾਲ ਕਰਨ ਲਈ ਵੀ ਉਪਲਬੱਧ ਹਨ ਜਿਨ੍ਹਾਂ ਮੈਂਬਰਾਂ ਨੇ ਇਨ੍ਹਾਂ ਦਸਤਾਵੇਜ਼ਾਂ ਦੀ ਪੜਤਾਲ ਕਰਨੀ ਹੋਵੇ ਉਹ ਕੰਪਨੀ ਨੂੰ cs@atamfebi.com 'ਤੇ ਬੇਨਤੀ ਭੇਜ ਸਕਦੇ ਹਨ।

ਉਨ੍ਹਾਂ ਮੈਂਬਰਾਂ ਦਾ ਫੈਸਲਾ ਕਰਨ ਲਈ ਕਿ ਕਿਹਾੜੇ ਕਿਹਾੜੇ ਲਾਭ ਅੰਸ਼ ਪ੍ਰਾਪਤ ਕਰਨ ਦੇ ਹੱਕਦਾਰ ਹਨ ਦੀ ਰਿਕਾਰਡ ਮਿਤੀ ਅਗਰ ਮੈਂਬਰਾਂ ਵੱਲੋਂ ਪ੍ਰਵਾਨ ਕੀਤੀ ਗਈ ਤਾਂ ਸੋਮਵਾਰ 23 ਸਤੰਬਰ 2024 ਹੋਵੇਗੀ। ਮੈਂਬਰ ਏ ਜੀ ਐਮ ਵਿੱਚ ਵੀ ਸੀ/ਓ ਏ ਵੀ ਐਮ ਵਿੱਚ ਏ ਜੀ ਐਮ ਸ਼ੁਰੂ ਹੋਣ ਤੋਂ 15 ਮਿੰਟ ਪਹਿਲਾ ਸ਼ਾਮਲ ਹੋ ਸਕਦੇ ਹਨ ਅਤੇ ਸੀ ਡੀ ਐਸ ਐਲ ਵੱਲੋਂ ਪ੍ਰਦਾਨ ਕੀਤੀ ਗਈ ਸਹੂਲਤ ਉਪਰ www.evotingindia.com ਦੀ ਵਰਤੋਂ ਕਰਕੇ ਕੰਪਨੀ ਦੀ ਸਾਲਾਨਾ ਜਨਰਲ ਮੀਟਿੰਗ ਲਈ ਇਲੈਕਟ੍ਰੋਨਿਕ ਵੋਟਿੰਗ ਸੀਕੁਐਂਸ ਨੰਬਰ (ਈ ਵੀ ਐਸ ਐਨ) ਨੰਬਰ ਪ੍ਰਾਪਤ ਕਰਕੇ ਲਾਗਇਨ ਕਰ ਸਕਦੇ ਹਨ। ਏ ਜੀ ਐਮ ਵਿੱਚ ਵੀ ਸੀ/ਓ ਏ ਵੀ ਐਮ ਰਾਹੀਂ ਭਾਗ ਲੈਣ ਲਈ ਨੋਟਿਸ ਵਿੱਚ ਵੇਰਵੇ ਦਿੱਤੇ ਗਏ ਹਨ।

ਏ ਜੀ ਐਮ ਵਿੱਚ ਵੀ ਸੀ/ਓ ਏ ਵੀ ਐਮ ਰਾਹੀਂ ਭਾਗ ਲੈ ਰਹੇ ਮੈਂਬਰਾਂ ਦੀ ਗਿਣਤੀ ਕੀਤੀ ਜਾਵੇਗੀ ਹਾਜ਼ਰੀ ਲੱਗੇਗੀ ਜਿਸ ਦਾ ਮਕਸਦ ਐਕਟ ਦੇ ਸ਼ੈਕਸ਼ਨ 103 ਤਹਿਤ ਕੋਰਮ ਪੂਰਾ ਹੋਣ ਨੂੰ ਦਰਸਾਉਣਾ ਹੈ।

### ਏ ਜੀ ਐਮ ਵਿੱਚ ਈ-ਵੋਟਿੰਗ ਅਤੇ ਰਿਮੋਰਟ ਈ-ਵੋਟਿੰਗ ਲਈ ਹਿਦਾਇਤਾਂ

ਐਕਟ ਦੇ ਸ਼ੈਕਸ਼ਨ 108 ਦੀਆਂ ਵਿਵਸਥਾਵਾਂ ਮੁਤਾਬਿਕ, ਕੰਪਨੀਜ਼ (ਮੈਨੇਜਮੈਂਟ ਐਂਡ ਐਡਮਿਨਸਟ੍ਰੇਟਰ) ਰੂਰਲਜ਼ 2014 ਦੇ ਨਿਯਮ 20, ਜਰਨਲ ਮੀਟਿੰਗਾਂ ਦੇ ਸੈਕਟੇਰੀਅਲ ਮਾਪਦੰਡਾਂ ਅਤੇ ਸੇਬੀ ਲਿਸਟਿੰਗ ਰੈਗੂਲੇਸ਼ਨਜ਼ ਦੇ ਰੈਗੂਲੇਸ਼ਨਜ਼ 44, ਦੇ ਮੁਤਾਬਿਕ ਏ ਜੀ ਐਮ ਦੇ ਏਜੰਡੇ 'ਤੇ ਮੀਟਿੰਗ ਦੀ ਕਾਰਵਾਈ ਲਈ ਰਿਮੋਰਟ ਈ-ਵੋਟਿੰਗ ਦੀ ਸਹੂਲਤ ਕੰਪਨੀ ਵੱਲੋਂ ਸੀ ਡੀ ਐਸ ਐਲ ਰਾਹੀਂ ਪ੍ਰਦਾਨ ਕੀਤੀ ਗਈ ਹੈ ਕੰਪਨੀ ਵੱਲੋਂ ਸੀ ਡੀ ਐਸ ਐਲ ਨਾਲ ਮਿਲ ਕੇ ਰਿਮੋਰਟ ਈ-ਵੋਟਿੰਗ ਲਈ ਜ਼ਰੂਰੀ ਬੰਦੋਬਸਤ ਕੀਤੇ ਗਏ ਹਨ। ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ :

ਇੱਕ ਵਿਅਕਤੀ ਜਿਸ ਦਾ ਨਾਂਅ ਮੈਂਬਰਜ਼/ਲਾਭਪਾਤਰਾ ਮਾਲਕ ਦੀ ਲਿਸਟ ਜੋ ਡਿਪਾਜਟਰੀਜ਼ ਵੱਲੋਂ ਤਿਆਰ ਕੀਤੀ ਗਈ ਹੈ ਦੀ ਕੱਟ ਆਫ਼ ਮਿਤੀ ਮਤਲਬ ਸੋਮਵਾਰ 23 ਸਤੰਬਰ 2024 ਰੱਖੀ ਗਈ ਹੈ ਅਤੇ ਸਿਰਫ਼ ਇਨ੍ਹਾਂ ਹੀ ਵਿਅਕਤੀਆਂ ਨੂੰ ਏ ਜੀ ਐਮ ਵਿੱਚ ਰਿਮੋਰਟ ਈ-ਵੋਟਿੰਗ ਜਾਂ ਈ-ਵੋਟਿੰਗ ਵਿੱਚ ਭਾਗ ਲੈਣ ਲਈ ਸਹੂਲਤ ਪ੍ਰਦਾਨ ਹੋਵੇਗੀ।

### ਰਿਮੋਰਟ ਈ-ਵੋਟਿੰਗ ਹੇਠ ਲਿਖੇ ਸਮੇਂ ਦੌਰਾਨ ਉਪਲਬੱਧ ਹੋਵੇਗੀ :

| | |
|---|---|
| ਰਿਮੋਰਟ ਈ ਵੋਟਿੰਗ ਦੀ ਸ਼ੁਰੂਆਤ | ਸਵੇਰੇ 9.00 ਵਜੇ (ਭਾਰਤੀ ਸਮੇਂ ਅਨੁਸਾਰ) ਸ਼ੁੱਕਰਵਾਰ 27 ਸਤੰਬਰ 2024 ਨੂੰ |
| ਰਿਮੋਰਟ ਈ ਵੋਟਿੰਗ ਖ਼ਤਮ ਹੋਵੇਗੀ | ਸ਼ਾਮ 5.00 ਵਜੇ (ਭਾਰਤੀ ਸਮੇਂ ਅਨੁਸਾਰ) ਐਤਵਾਰ 29 ਸਤੰਬਰ 2024 ਨੂੰ |

- ਐਤਵਾਰ 29 ਸਤੰਬਰ 2024 ਨੂੰ ਰਿਮੋਰਟ ਈ-ਵੋਟਿੰਗ ਦੀ ਸਹੂਲਤ ਦੀ ਬੰਦ ਹੋ ਜਾਵੇਗੀ ਅਤੇ ਇਹ ਸਿਰਫ਼ ਏ ਜੀ ਐਮ ਦੌਰਾਨ ਹੀ ਉਪਲਬੱਧ ਹੋਵੇਗੀ।
- ਉਹ ਮੈਂਬਰ ਜਿਹੜੇ ਏ ਜੀ ਐਮ ਤੋਂ ਪਹਿਲਾ ਰਿਮੋਰਟ ਈ-ਵੋਟਿੰਗ ਵਿੱਚ ਭਾਗ ਲੈਣਗੇ ਉਹ ਏ ਜੀ ਐਮ ਵਿੱਚ ਵੀ ਸੀ/ਓ ਏ ਵੀ ਐਮ ਰਾਹੀਂ ਭਾਗ ਤਾਂ ਲੈ ਸਕਣਗੇ ਪਰ ਦੁਬਾਰਾ ਵੋਟ ਨਹੀਂ ਪਾ ਸਕਣਗੇ।
- ਮੈਂਬਰ ਜਿਹੜੇ ਸੀ/ਓ ਏ ਵੀ ਐਮ ਰਾਹੀਂ ਏ ਜੀ ਐਮ ਵਿੱਚ ਸ਼ਾਮਲ ਹੋਣਗੇ ਅਤੇ ਜਿਨ੍ਹਾਂ ਨੇ ਮਤਿਆ ਉਪਰ ਰਿਮੋਰਟ ਈ-ਵੋਟਿੰਗ ਰਾਹੀਂ ਵੋਟ ਨਹੀਂ ਪਾਈ ਹੋਵੇਗੀ ਉਹ ਏ ਜੀ ਐਮ ਵਿੱਚ ਈ-ਵੋਟਿੰਗ ਭਾਗ ਲੈ ਸਕਣਗੇ।
- ਉਹ ਮੈਂਬਰ ਜਿਨ੍ਹਾਂ ਨੇ ਕੰਪਨੀ ਦੇ ਸ਼ੇਅਰ ਪ੍ਰਾਪਤ ਕੀਤੇ ਹਨ ਅਤੇ ਨੋਟਿਸ ਪ੍ਰਾਪਤ ਜਾਰੀ ਹੋਣ ਤੋਂ ਬਾਅਦ ਮੈਂਬਰ ਬਣੇ ਹਨ ਉਹ ਆਪਣਾ ਜ਼ਰੂਰੀ ਲਾਗ ਇਨ ਆਈ ਡੀ ਅਤੇ ਪਾਸਵਰਡ ਨੋਟਿਸ ਵਿੱਚ ਦੱਸੇ ਮੁਤਾਬਿਕ ਪ੍ਰਾਪਤ ਕਰ ਸਕਦੇ ਹਨ।
- ਅਗਰ ਤੁਹਾਡੀ ਈ-ਮੇਲ ਆਈ ਡੀ ਕੰਪਨੀ ਦੇ ਡੀ ਪੀਜ਼/ਕੰਪਨੀ/ਆਰ ਟੀ ਏ ਕੋਲ ਰਜਿਸਟਰ ਨਹੀਂ ਹੈ ਤਾਂ ਉਹ ਮੈਂਬਰ ਆਪਣੀ ਈਮੇਲ ਆਈ ਡੀ ਆਪਣੀ ਈਮੇਲ ਕੰਪਨੀ ਕੋਲ cs@atamfebi.com 'ਤੇ ਭੇਜ ਕੇ ਰਜਿਸਟਰ ਕਰਵਾ ਸਕਦੇ ਹਨ ਅਤੇ ਇਲੈਕਟ੍ਰੋਨਿਕ ਵਿਧੀ ਰਾਹੀਂ ਸਾਲਾਨਾ ਰਿਪੋਰਟ ਪ੍ਰਾਪਤ ਕਰ ਸਕਦੇ ਹਨ। ਉਹ ਮੈਂਬਰ ਜਿਨ੍ਹਾਂ ਨੇ ਅਜੇ ਤੱਕ ਆਪਣੀ ਈਮੇਲ ਆਈ ਡੀ ਰਜਿਸਟਰ ਨਹੀਂ ਕਰਵਾਈ ਉਹ ਡੀ ਪੀਜ਼ ਕੋਲ ਬੇਨਤੀ ਭੇਜ ਕੇ ਈਮੇਲ ਰਜਿਸਟਰ ਕਰਵਾ ਸਕਦੇ ਹਨ ਭਾਵੇਂ ਉਨ੍ਹਾ ਕੋਲ ਸ਼ੇਅਰ ਡੀਮਟਰੀਅਲਾਇਜ਼ਡ ਦੀ ਸ਼ਕਲ ਵਿੱਚ ਹਨ ਜਾਂ ਫਿਜ਼ੀਕਲ ਕਿਸਮ ਦੇ ਹਨ ਉਹ ਕੰਪਨੀ/ਆਰ ਟੀ ਏ ਨਾਲ ਸੰਪਰਕ ਕਰ ਸਕਦੇ ਹਨ।
- ਏ ਜੀ ਐਮ ਦੌਰਾਨ ਸਾਰੇ ਮੈਂਬਰਾਂ ਲਈ (ਜਿਨ੍ਹਾਂ ਕੋਲ ਫਿਜ਼ੀਕਲ ਤਰੀਕੇ ਦੇ ਸ਼ੇਅਰ ਹਨ/ਜਿਨ੍ਹਾਂ ਦਾ ਈਮੇਲ ਪਤਾ ਡੀ ਪੀਜ਼/ਕੰਪਨੀ/ਆਰ ਟੀ ਏ ਕੋਲ ਦਰਜ ਨਹੀਂ ਹੈ) ਜਿਵੇਂ ਨੋਟਿਸ ਵਿੱਚ ਦੱਸਿਆ ਗਿਆ ਹੈ ਲਈ ਰਿਮੋਰਟ ਈ-ਵੋਟਿੰਗ ਜਾਂ ਈ-ਵੋਟਿੰਗ ਸੰਬੰਧੀ ਪ੍ਰਕਿਰਿਆ ਅਤੇ ਹਦਾਇਤਾਂ ਵਿਸਥਾਰ ਵਿੱਚ ਨੋਟਿਸ ਵਿੱਚ ਦੱਸੀਆਂ ਗਈਆਂ ਹਨ।

**ਵਿਅਕਤੀਗਤ ਸ਼ੇਅਰ ਹੋਲਡਰ ਜਿਨ੍ਹਾਂ ਕੋਲ ਡੀ ਮੈਟ ਮੋਡ ਦੇ ਸ਼ੇਅਰ ਹਨ ਅਤੇ ਲਾਗਇਨ ਵਿੱਚ ਪ੍ਰੇਸ਼ਾਨੀ ਆ ਰਹੀ ਹੈ ਉਹ ਡਿਪਾਜਟਰੀ ਮਤਲਬ ਸੀ ਡੀ ਐਸ ਐਲ ਅਤੇ ਐਨ ਐਸ ਡੀ ਐਲ ਦੇ ਹੈਲਪ ਡੈਸਕ 'ਤੇ ਸੰਪਰਕ ਕਰ ਸਕਦੇ ਹਨ।**

| ਲਾਗਇਨ ਕਿਸਮ | ਹੈਲਪ ਡੈਸਕ ਦੇ ਵੇਰਵੇ |
|---|---|
| ਉਹ ਵਿਅਕਤੀਗਤ ਸ਼ੇਅਰ ਹੋਲਡਰ ਜਿਨ੍ਹਾਂ ਕੋਲ ਡੀ ਮੈਟ ਮੋਡ ਦੇ ਸੀ ਡੀ ਐਸ ਐਲ ਨਾਲ ਸੰਬੰਧਤ ਸ਼ੇਅਰ ਹਨ | ਉਹ ਮੈਂਬਰ ਜਿਹੜੇ ਕਿਸੇ ਕਿਸਮ ਦੀ ਟੈਕਨਿਕਲ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ ਉਹ ਸੀ ਡੀ ਐਸ ਐਲ ਦੇ ਹੈਲਪ ਡੈਸਕ ਨੂੰ helpdesk.evoting@cdslindia.com ਜਾਂ ਟੋਲ ਫਰੀ ਨੰਬਰ 1800225533 'ਤੇ ਸੰਪਰਕ ਕਰ ਸਕਦੇ ਹਨ। |
| ਵਿਅਕਤੀਗਤ ਸ਼ੇਅਰ ਹੋਲਡਰ ਜਿਨ੍ਹਾਂ ਕੋਲ ਐਨ ਐਸ ਡੀ ਐਲ ਨਾਲ ਸੰਬੰਧਤ ਸ਼ੇਅਰ ਹਨ | ਉਹ ਮੈਂਬਰ ਜਿਹੜੇ ਕਿਸੇ ਕਿਸਮ ਦੀ ਟੈਕਨਿਕਲ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ ਉਹ ਐਨ ਐਸ ਡੀ ਐਲ ਦੇ ਹੈਲਪ ਡੈਸਕ ਨ evoting@nsdl.co.in ਜਾਂ ਟੋਲ ਫਰੀ ਨੰਬਰ 18001020990 ਜਾਂ 1800224430 'ਤੇ ਸੰਪਰਕ ਕਰ ਸਕਦੇ ਹਨ। |

ਸਥਾਨ : ਜਲੰਧਰ
ਮਿਤੀ : 06.09.2024

ਵਾਸਤੇ ਆਤਮ ਵਾਲਵਲਜ਼ ਲਿਮਟਿਡ
ਸਹੀ/-
ਨਤਿਸ਼ਾ ਚੌਧਰੀ
ਕੰਪਨੀ ਸੈਕਟਰੀ

6-SEP-PAGE-12.qxd 9/5/2024 10:37 PM Page 1



# ਬਲਾਕ ਪੱਧਰੀ ਖੇਡਾਂ ਦੇ ਦੂਜੇ ਦਿਨ ਖਿਡਾਰੀਆਂ ਨੇ ਜੰਮ ਕੇ ਪਸੀਨਾ ਵਹਾਇਆ





**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਖੇਡਾਂ ਵਤਨ ਪੰਜਾਬ ਦੀਆਂ 2024' ਅਧੀਨ ਬਲਾਕ ਪੱਧਰੀ ਖੇਡਾਂ ਦੇ ਦੂਜੇ ਦਿਨ ਖਿਡਾਰੀਆਂ ਨੇ ਮੈਦਾਨ 'ਤੇ ਜੰਮ ਕੇ ਪਸੀਨਾ ਵਹਾਇਆ।ਬਲਾਕ ਤਲਵਾੜਾ ਵਿਖੇ ਫੁੱਟਬਾਲ ਖੇਡ ਅੰਡਰ 21 ਸਾਲ ਲੜਕਿਆਂ ਵਿਚ ਤਲਵਾੜਾ ਪਹਿਲੇ ਸਥਾਨ 'ਤੇ ਰਿਹਾ ਅਤੇ ਕਬੱਡੀ ਨੈਸ਼ਨਲ ਸਟਾਈਲ ਅੰਡਰ-14 ਸਾਲ ਵਿਚ ਸਰਕਾਰੀ ਹਾਈ ਸਕੂਲ, ਚੰਗੜਵਾਂ ਦੀਆਂ ਲੜਕੀਆਂ ਨੇ ਪਹਿਲਾ ਸਥਾਨ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਗੜ੍ਹ ਸੀਕਰੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਲਾਹੜ ਦੀਆਂ ਵਿਦਿਆਰਥਣਾਂ ਵਿਚੋਂ ਅਥਲੈਟਿਕਸ ਖੇਡ ਦੇ 200 ਮੀਟਰ ਈਵੈਂਟ 'ਚ ਪਾਇਲ ਨੇ ਸੋਨ ਤਗਮਾ ਅਤੇ ਰਿਧੀ ਮਿਨਹਾਸ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ।

ਬਲਾਕ ਗੜ੍ਹਸ਼ੰਕਰ 'ਚ ਖੇਡ ਕਬੱਡੀ ਸਰਕੱਲ ਅੰਡਰ-21 ਸਾਲ (ਲੜਕੇ) ਟੀਮ ਪਾਰੋਵਾਲ ਪਹਿਲੇ ਸਥਾਨ ਅਤੇ ਕਬੱਡੀ ਨੈਸ਼ਨਨ ਅੰਡਰ: 17 ਦੀ ਟੀਮ ਸਰਕਾਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਨੇ ਸ਼ਹੀਦ ਭਗਤ ਸਿੰਘ ਕੱਲਬ ਸ਼ੇਖੋਵਾਲ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਮਾਨਵ ਪਬਲਿਕ ਸਕੂਲ ਦੇ ਖਿਡਾਰੀ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਖੋ-ਖੋ ਦੀ ਟੀਮ ਅੰਡਰ-17 ਲੜਕੀਆਂ ਨੇ ਐਸ ਬੀ ਐਸ ਸਦਰਪੁਰ ਦੀ ਟੀਮ ਨੇ ਐਮ ਆਰ ਪਨਾਮ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬਲਾਕ ਹੁਸ਼ਿਆਰਪੁਰ-2 ਦੇ ਖੇਡ ਫੁੱਟਬਾਲ ਮੁਕਾਬਲਿਆਂ 'ਚ ਅੰਡਰ-14 ਸਾਲ (ਲੜਕੇ) ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਦੇ ਖਿਡਾਰੀਆਂ ਨੇ ਸੰਤ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਵਾਲੀਬਾਲ ਦੀਆਂ ਟੀਮਾਂ ਵਿਚੋਂ ਅੰਡਰ-14 ਅਤੇ 17 ਲੜਕੀਆਂ ਰਿਆਤ ਬਾਹਰਾ ਇੰਟਰਨੈਸ਼ਨਲ ਦੀਆਂ ਖਿਡਾਰਨਾਂ ਨੇ ਪਹਿਲੇ ਸਥਾਨ ਪ੍ਰਾਪਤ ਕਰਕੇ ਮੱਲ੍ਹਾਂ ਮਾਰੀਆਂ। ਇਸੇ ਤਰ੍ਹਾ ਅਥਲੈਟਿਕਸ ਵਿਚ 800 ਮੀਟਰ ਵਿਚ ਜੋਗਿੰਦਰਪਾਲ ਸਰੋਇਆ ਪਹਿਲੇ ਸਥਾਨ ਅਤੇ ਗੁਰਮੇਲ ਸਿੰਘ ਦੂਜੇ ਸਥਾਨ 'ਤੇ ਰਿਹਾ।60 ਮੀਟਰ ਦੀ ਦੌੜ ਵਿਚ ਅਰੁਣ ਕੈਥਵਾਰ ਨੇ ਪਹਿਲਾ ਅਤੇ ਵਿਨੋਦ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਬਲਾਕ ਟਾਂਡਾ ਵਿਖੇ ਖੇਡ ਫੁੱਟਬਾਲ ਅੰਡਰ 14, 17 ਅਤੇ 21 ਸਾਲ ਵਿਚ ਲੜਕਿਆਂ ਵਿਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਅਤੇ ਟਾਂਡਾ ਨੇ ਪਹਿਲੇ ਸਥਾਨ ਪ੍ਰਾਪਤ ਕੀਤੇ।

## ਬਾਇਚਾਂ ਸ਼੍ਰੋਮਣੀ ਅਕਾਲੀ ਦਲ (ਅ) ਯੂਥ ਵਿੰਗ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਪਾਰਟੀ 'ਚ ਬਹੁਤ ਸਾਰੀਆਂ ਤਬਦੀਲੀਆਂ ਕਰਕੇ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦੁਆਬਾ ਇੰਚਾਰਜ ਡਾਕਟਰ ਹਰਜਿੰਦਰ ਸਿੰਘ ਜੱਖੂ, ਪੀ ਏ ਸੀ ਮੈਂਬਰ ਗੁਰਦੀਪ ਸਿੰਘ ਖੁਣਖੁਣ, ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ, ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਮਾਸਟਰ ਕੁਲਦੀਪ ਸਿੰਘ ਮਸੀਤੀ ਨੇ ਜ਼ਿਲ੍ਹਾ ਜਥੇਬੰਦੀ ਦੀ ਸਹਿਮਤੀ ਨਾਲ ਕਿਸਾਨੀ ਸੰਘਰਸ਼ 'ਚ ਵੱਧ ਚੜ ਕੇ ਹਿੱਸਾ ਲੈਣ ਅਤੇ ਪਾਰਟੀ ਲਈ ਮਿਹਨਤ ਕਰਨ ਵਾਲੇ ਨੌਜਵਾਨ ਆਗੂ ਜਗਦੀਪ ਸਿੰਘ ਬਾਇਚਾਂ ਨੂੰ ਪਾਰਟੀ ਦਾ ਜ਼ਿਲ੍ਹਾ ਯੂਥ ਪ੍ਰਧਾਨ ਨਿਯੁਕਤ ਕੀਤਾ। ਇਸ ਸਮੇਂ ਜਸਦੀਪ ਸਿੰਘ ਬਾਇਚਾਂ ਨੇ ਇਸ ਨਿਯੁਕਤੀ ਲਈ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਦੁਆਬਾ ਇੰਚਾਰਜ ਡਾਕਟਰ ਹਰਜਿੰਦਰ ਸਿੰਘ ਜੱਖੂ, ਪੀਏਸੀ ਮੈਂਬਰ ਗੁਰਦੀਪ ਸਿੰਘ ਖੁਣ ਖੁਣ, ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ, ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਮਾਸਟਰ ਕੁਲਦੀਪ ਸਿੰਘ ਮਸੀਤੀ ਅਤੇ ਜ਼ਿਲ੍ਹਾ ਜਥੇਬੰਦੀ ਦਾ ਉਹਨਾਂ ਉੱਪਰ ਵਿਸ਼ਵਾਸ਼ ਪ੍ਰਗਟਾਉਣ 'ਤੇ ਲਈ ਧੰਨਵਾਦ ਕੀਤਾ।

# ਤਹਿਸੀਲਦਾਰ ਬੰਗਾ ਨੇ ਬਲਾਕ ਪੱਧਰੀ ਖੇਡਾਂ ਦਾ ਕੀਤਾ ਉਦਘਾਟਨ



**ਬੰਗਾ (ਅਵਤਾਰ ਕਲੇਰ)**- ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਖੇਡਾਂ ਵਤਨ ਪੰਜਾਬ ਦੀਆਂ ਸੀਜਨ-3, 2024 ਬਲਾਕ ਪੱਧਰੀ ਖੇਡਾਂ ਜੋ ਕਿ ਵੱਖ- ਵੱਖ ਬਲਾਕਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ, ਜਿਸ ਤਹਿਤ ਅੱਜ ਭਾਈ ਸੰਗਤ ਸਿੰਘ ਕਾਲਜ ਅਤੇ ਸਿੱਖ ਨੈਸ਼ਨਲ ਕਾਲਜ ਬਲਾਕ ਬੰਗਾ ਵਿਖੇ ਬਲਾਕ ਪੱਧਰੀ ਖੇਡਾਂ ਦਾ ਉਦਘਾਟਨ ਕੀਤਾ ਗਿਆ। ਜਿਸ ਵਿੱਚ ਰਮਨਦੀਪ ਕੌਰ ਤਹਿਸੀਲਦਾਰ ਬੰਗਾ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਇਸ ਉਦਘਾਟਨੀ ਸਮਾਰੋਹ ਦੌਰਾਨ ਵੰਦਨਾ ਚੌਹਾਨ ਜ਼ਿਲ੍ਹਾ ਖੇਡ ਅਫਸਰ ਸ਼ਹੀਦ ਭਗਤ ਸਿੰਘ ਨਗਰ ਨੇ ਆਏ ਹੋਏ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਰਮਨਦੀਪ ਕੌਰ ਤਹਿਸੀਲਦਾਰ ਬੰਗਾ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੰਦਿਆਂ ਖੇਡਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਬੰਗਾ ਬਲਾਕ ਵਿੱਚ ਪਹਿਲੇ ਦਿਨ ਹੋਏ ਖੇਡ ਮੁਕਾਬਲਿਆਂ ਵਿੱਚ ਅਥਲੈਟਿਕ 600 ਮੀਟਰ ਅੰਡਰ 14 ਸਾਲ (ਲੜਕੇ) ਵਿਚ ਹਰਕੀਰਤ ਸਿੰਘ ਨੇ ਪਹਿਲਾ, ਦਕਸ ਕੁਮਾਰ ਨੇ ਦੂਜਾ ਅਤੇ ਰੋਸ਼ਨ ਕੁਮਾਰ ਨੇ ਤੀਜਾ ਸਥਾਨ ਹਾਸਲ ਕੀਤਾ। ਅੰਡਰ 17 ਸਾਲ (ਲੜਕੇ ) ਵਿੱਚ ਰੋਸ਼ਨ ਕੁਮਾਰ ਨੇ ਪਹਿਲਾ ਅੰਕੁਰ ਕੁਮਾਰ ਚੁਰੱਸੀਆ ਨੇ ਦੂਜਾ ਅਤੇ ਭੋਲਾ ਕੁਮਾਰ ਨੇ ਤੀਜਾ ਸਥਾਨ ਹਾਸਲ ਕੀਤਾ। ਅਥਲੈਟਿਕ (ਲੜਕੀਆਂ) ਅੰਡਰ 21 ਸਾਲ 800 ਮੀਟਰ ਵਿੱਚ ਇੰਦਰਜੋਤ ਕੌਰ ਨੇ ਪਹਿਲਾ, ਬ੍ਰਮਜੋਤ ਕੌਰ ਨੇ ਦੂਜਾ ਅਤੇ ਭਾਵਨਾ ਨੇ ਤੀਜਾ ਸਥਾਨ ਹਾਸਲ ਕੀਤਾ। ਫੁੱਟਬਾਲ ਅੰਡਰ 14 ਸਾਲ (ਲੜਕੇ) ਵਿੱਚ ਖਾਲਸਾ ਸਕੂਲ ਬੰਗਾ ਨੇ ਪਹਿਲਾ ਅਤੇ ਪਿੰਡ ਜੀਂਦੋਵਾਲ ਨੇ ਦੂਜਾ ਸਥਾਨ ਹਾਸਲ ਕੀਤਾ, ਫੁੱਟਬਾਲ ਅੰਡਰ 17 (ਲੜਕੇ) ਵਿੱਚ ਉੱਚਾ ਲਧਾਣਾ ਨੇ ਪਹਿਲਾ ਅਤੇ ਪਿੰਡ ਖੋਥੜਾਂ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਰਣਜੀਤ ਸਿੰਘ, ਪ੍ਰਿੰਸੀਪਲ ਭਾਈ ਸੰਗਤ ਸਿੰਘ ਖਾਲਸਾ ਕਾਲਜ ਬੰਗਾ, ਡਾ. ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ ਸਿੱਖ ਨੈਸਨਲ ਕਾਲਜ ਬੰਗਾ ਤੋਂ ਇਲਾਵਾ ਪਤਵੰਤੇ ਖਿਡਾਰੀ ਹਾਜ਼ਰ ਸਨ।

## ਸੀ ਟੀ ਕਾਲਜ ਆਫ ਐਜੂਕੇਸ਼ਨ ਵੱਲੋਂ 'ਗੋ ਗ੍ਰੀਨ' ਰੁੱਖ ਲਗਾਉਣ ਦੀ ਮੁਹਿੰਮ



**ਜਲੰਧਰ ( ਸ਼ੈਲੀ ਐਲਬਰਟ)**- ਸੀਟੀ ਕਾਲਜ ਆਫ ਐਜੂਕੇਸ਼ਨ ਦੇ ਈਕੋ ਕਲੱਬ ਨੇ ਪਹਲ ਐਨ ਜੀਓ ਦੇ ਸਹਿਯੋਗ ਨਾਲ (ਈ ਈ ਪੀ) ਵਾਤਾਵਰਣ ਸਿੱਖਿਆ ਪ੍ਰੋਗਰਾਮ ਦੇ ਤਹਿਤ 'ਗੋ ਗ੍ਰੀਨ' ਰੁੱਖ ਲਗਾਉਣ ਦੇ ਮੁਹਿੰਮ ਦਾ ਆਯੋਜਨ ਕੀਤਾ। ਇਸ ਮੁਹਿੰਮ ਦਾ ਮੁੱਖ ਉਦੇਸ਼ ਜੰਗਲ ਸੰਰੱਖਣ ਅਤੇ ਵਾਤਾਵਰਣ ਨੂੰ ਬਚਾਉਣ ਲਈ ਜਾਗਰੂਕਤਾ ਫੈਲਾਉਣਾ ਹੈ। ਇਸ ਮੁਹਿੰਮ ਦੇ ਤਹਿਤ ਕਾਲਜ ਵਿਚ 200 ਪੌਦੇ ਲਗਾਏ ਗਏ।ਇਸ ਮੌਕੇ ਤੇ ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਪਹਲ ਐਨ. ਜੀ ਓ ਦੇ ਮੈਂਬਰਾਂ, ਪ੍ਰਬੰਧਨ, ਪ੍ਰਿੰਸਿਪਲ, ਅਧਿਆਪਕ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਹ ਪਹਿਲ ਵਾਤਾਵਰਣ ਸੰਰੱਖਣ ਅਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

## ਹਨੂਮਤ ਸਕੂਲ ਦੇ ਪ੍ਰਿੰਸੀਪਲ ਐਜੂਕੇਸ਼ਨਲ ਰਿਫਾਰਮਰ ਆਫ ਦਿ ਈਅਰ 2024 ਪੁਰਸਕਾਰ ਨਾਲ ਸਨਮਾਨਤ




**ਗੁਰਾਇਆ (ਬਿੰਦਰ ਸੁਮਨ)**-ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ, ਗੁਰਾਇਆ ਦੀ ਪ੍ਰਿੰਸੀਪਲ ਆਰਤੀ ਸੋਬਤੀ ਨੂੰ ਨੈਸ਼ਨਲ ਸਕੂਲ ਐਵਾਰਡ ਵਲੋਂ 'ਐਜੂਕੇਸ਼ਨਲ ਰਿਫਾਰਮਰ ਆਫ ਦਾ ਈਅਰ 2024' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਆਰਤੀ ਸੋਬਤੀ ਨੇ ਅਕਾਦਮਿਕ ਖੇਤਰ ਵਿੱਚ ਸਰਵੋਤਮ ਸਕੂਲ ਹੋਣ ਦਾ ਨੈਸ਼ਨਲ ਸਕੂਲ ਐਵਾਰਡ ਪ੍ਰਾਪਤ ਕਰਕੇ ਇਲਾਕੇ ਦਾ ਨਾਂ ਰੌਸ਼ਨ ਕੀਤਾ। ਸਮਾਗਮ ਦੌਰਾਨ ਐਵਾਰਡ ਪ੍ਰਾਪਤ ਕਰਨ ਮੌਕੇ ਪ੍ਰਿੰਸੀਪਲ ਆਰਤੀ ਸੋਬਤੀ ਨੇ ਕਿਹਾ ਕਿ ਸਕੂਲ ਨੇ ਸਮਾਜਿਕ ਨੈਤਿਕਤਾ ਅਤੇ ਜਾਗਰੂਕਤਾ ਮੁਹਿੰਮਾਂ ਨੂੰ ਅਪਨਾ ਕੇ ਇਹ ਐਵਾਰਡ ਹਾਸਲ ਕੀਤਾ ਹੈ। ਇਹ ਸਮਾਰੋਹ ਦਿੱਲੀ ਦੇ ਹੋਟਲ ਰੈਡੀਸਨ ਵਿਖੇ ਨੈਸ਼ਨਲ ਸਕੂਲ ਐਵਾਰਡ ਵੱਲੋਂ ਕਰਵਾਇਆ ਗਿਆ। ਇਹ ਮਾਣ ਵਾਲੀ ਗੱਲ ਹੈ ਕਿ ਹਨੂਮਤ ਸਕੂਲ ਦੇ ਪ੍ਰਿੰਸੀਪਲ ਦਾ ਨਾਂ ਰਾਸ਼ਟਰੀ ਪੱਧਰ 'ਤੇ ਕਰਵਾਏ ਗਏ ਨੈਸ਼ਨਲ ਸਕੂਲ ਐਵਾਰਡ 'ਚ ਐਲਾਨਿਆ ਗਿਆ ਹੈ। ਪ੍ਰਿੰਸੀਪਲ ਆਰਤੀ ਸੋਬਤੀ ਨੇ ਆਪਣੇ ਆਤਮ ਵਿਸ਼ਵਾਸ, ਸਖ਼ਤ ਮਿਹਨਤ ਅਤੇ ਲਗਨ ਨਾਲ ਸਕੂਲ ਨੂੰ ਨਾ ਸਿਰਫ਼ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਾਇਆ ਹੈ ਸਗੋਂ ਵਿਦਿਆਰਥੀਆਂ ਲਈ ਆਧੁਨਿਕ ਸਿੱਖਿਆ ਪ੍ਰਣਾਲੀ ਦਾ ਵੀ ਢੁੱਕਵਾਂ ਪ੍ਰਬੰਧ ਕੀਤਾ ਹੈ। ਸਿੱਖਿਆ ਦੇ ਨਾਲ-ਨਾਲ ਉਹ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾ ਕੇ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕਰਦੇ ਹਨ। ਉਨ੍ਹਾਂ ਨੂੰ ਇਹ ਪੁਰਸਕਾਰ ਸਿੱਖਿਆ ਪ੍ਰਤੀ ਉਨ੍ਹਾਂ ਦੇ ਯੋਗਦਾਨ ਅਤੇ ਯਤਨਾਂ ਲਈ ਦਿੱਤਾ ਗਿਆ। ਹਨੂਮਤ ਸਕੂਲ ਦੀ ਪ੍ਰਬੰਧਕ ਕਮੇਟੀ, ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਮੈਡਮ ਸੋਬਤੀ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਤਮਜੇਨ ਇਮਨਾ ਅਲੌਂਗ (ਉੱਚ ਸਿੱਖਿਆ ਅਤੇ ਸੈਰ-ਸਪਾਟਾ ਮੰਤਰੀ, ਨਾਗਾਲੈਂਡ ਸਰਕਾਰ) ਨੇ ਮੁੱਖ ਮਹਿਮਾਨ ਵਜੋਂ ਨੈਸ਼ਨਲ ਸਕੂਲ ਅਵਾਰਡਸ ਦੁਆਰਾ ਆਯੋਜਿਤ ਸਮਾਰੋਹ ਵਿੱਚ ਸ਼ਿਰਕਤ ਕੀਤੀ। ਉਨ੍ਹਾਂ ਨਾਲ ਸ਼੍ਰੀ ਚਿਰਾਗ ਪਾਸਵਾਨ (ਕੈਬਨਿਟ ਮੰਤਰੀ ਫੂਡ ਪ੍ਰੋਸੈਸਿੰਗ ਉਦਯੋਗ, ਸੰਸਦ ਮੈਂਬਰ, ਹਾਜੀਪੁਰ, ਬਿਹਾਰ, ਲੋਕ ਜਨਸ਼ਕਤੀ ਪਾਰਟੀ ਦੇ ਰਾਸ਼ਟਰੀ ਪ੍ਰਧਾਨ) ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਅਰੁਣ ਭਾਰਤੀ (ਸੰਸਦ ਮੈਂਬਰ - ਜਮੁਈ-ਲੋਕ ਜਨਸ਼ਕਤੀ ਪਾਰਟੀ - ਰਾਮ ਵਿਲਾਸ) ਦੁਆਰਾ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਵਿਸ਼ੇਸ਼ ਮਹਿਮਾਨ ਡਾ. ਰਾਜ ਕੁਮਾਰ ਖੱਤਰੀ (ਸੇਵਾਮੁਕਤ ਆਈ.ਏ.ਐਸ., ਮੁੱਖ ਸਕੱਤਰ ਉਚੇਰੀ ਸਿੱਖਿਆ ਵਿਭਾਗ) ਵੀ ਹਾਜ਼ਰ ਸਨ । ਇਸ ਮੌਕੇ ਵਿਸ਼ੇਸ਼ ਮਹਿਮਾਨ ਬੁਲਾਰੇ ਡਾ. ਗੌਰਵ ਕਪੂਰ ਵੀ ਹਾਜ਼ਰ ਸਨ। ਇਸ ਦੇ ਨਾਲ ਹੀ ਵਿਸ਼ੇਸ਼ ਮਹਿਮਾਨ ਬੁਲਾਰੇ ਅਵਿਨਾਸ਼ ਵੀ ਮੌਜੂਦ ਸਨ। ਮੈਨੇਜਮੈਂਟ ਕਮੇਟੀ ਨੇ ਮੈਡਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਣਗੇ ਅਤੇ ਸਕੂਲ ਦਾ ਨਾਂ ਰੌਸ਼ਨ ਕਰਨਗੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਪੁਰਬ ਦਿਹਾੜਾ ਮਨਾਇਆ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਚੀਫ ਖਾਲਸਾ ਦੀਵਾਨ ਚੈਰੀਟੇਬਲ ਸੋਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਚਵਰ ਤਖਤ ਦੇ ਮਾਲਕ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ।ਸਕੂਲ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ।ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦਿਹਾੜੇ ਦੇ ਇਤਿਹਾਸ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਸਕੂਲ ਦੇ ਵਿਦਿਆਰਥੀਆਂ ਵੱਲੋਂ ਮੂਲਮੰਤਰ ਦੇ ਪਾਠ ਕੀਤੇ ਗਏ ਅਤੇ ਧਾਰਮਿਕ ਕਵਿਤਾਵਾਂ ਪੜ੍ਹੀਆਂ ਗਈਆਂ

।ਇਸ ਮੌਕੇ ਨਿਸ਼ਾ ਗਰਗ, ਕੰਵਲਜੀਤ ਕੌਰ, ਬਲਦੀਪ ਕੌਰ, ਸਤਿੰਦਰ ਕੌਰ, ਨਰਿੰਦਰ ਕੌਰ, ਰਜਿੰਦਰ ਕੌਰ, ਸੰਦੀਪ ਕੌਰ, ਮਮਤਾ ਦੇਵੀ, ਜਸਪ੍ਰੀਤ ਕੌਰ, ਸਪਨਾ ਰਾਣੀ, ਆਂਸੂ, ਰਵੀਇੰਦਰ ਕੌਰ, ਅਮਰਜੀਤ ਕੌਰ, ਮਨਜੀਤ ਕੌਰ, ਕਰਮਜੀਤ ਕੌਰ ਆਦਿ ਹਾਜ਼ਰ ਸਨ।

## ਸ੍ਰੀ ਦਸਮੇਸ਼ ਮਾਰਸ਼ਲ ਆਰਟ ਅਕੈਡਮੀ ਵਿਖੇ ਤਿੰਨ ਰੋਜ਼ਾ ਬਲਾਕ ਪੱਧਰੀ ਖੇਡਾਂ ਸਮਾਪਤ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਇੱਥੋਂ ਦੀ ਸ੍ਰੀ ਦਸ਼ਮੇਸ਼ ਮਾਰਸ਼ਲ ਆਰਟ ਅਤੇ ਸਪੋਰਟਸ ਅਕੈਡਮੀ ਵਿਖੇ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਖੇਡ ਵਿਭਾਗ ਰੂਪਨਗਰ ਵਲੋਂ ਚੱਲ ਰਹੀਆਂ ਤਿੰਨ ਰੋਜ਼ਾ ਬਲਾਕ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਸਮਾਪਤ ਹੋ ਗਈਆਂ।ਇਹਨਾਂ ਖੇਡਾ ਵਿੱਚ ਇਨਾਮਾਂ ਦੀ ਵੰਡ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਉੱਪ ਮੰਡਲ ਮੈਜਿਸਟ੍ਰੇਟ ਰਾਜਪਾਲ ਸਿੰਘ ਸੇਖੋਂ ਤੋਂ ਇਲਾਵਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਮਾਤਾ ਬੀਬੀ ਬਲਵਿੰਦਰ ਕੌਰ ਬੈਂਸ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੇ ਜੇਤੂ ਟੀਮਾਂ ਨੂੰ ਮੁਬਾਰਕਬਾਦ ਦਿੱਤੀ।ਉਹਨਾ ਬੋਲਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਹਲਕਾ ਵਿਧਾਨਕਾਰ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਦੇ ਖੇਡ ਮੈਦਾਨਾਂ ਵਿੱਚ ਰੌਣਕਾ ਲੱਗ ਹੋਈਆਂ ਗਈਆਂ ਹਨ।ਅਤੇ ਪਿੰਡਾ ਵਿੱਚੋ ਖਿਡਾਰੀ ਆਪਣੀ ਖੇਡ ਕਲਾ ਨੂੰ ਦਿਖਾ ਰਹੇ ਹਨ।ਉਹਨਾਂ ਜੇਤੂ ਟੀਮਾਂ ਨੂੰ ਮੁਬਾਰਕਬਾਦ ਵੀ ਦਿੱਤੀ।ਅਤੇ ਭਵਿੱਖ ਦੇ ਮੁਕਾਬਲਿਆਂ ਲਈ ਜੁੱਟ ਜਾਣ ਦੀ ਅਪੀਲ ਵੀ ਕੀਤੀ।

ਇਸ ਤੋਂ ਪਹਿਲਾਂ ਬਲਾਕ ਪੱਧਰ ਖੇਡਾਂ ਦੇ ਓਵਰ ਆਲ ਇੰਚਾਰਜ ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਉਨ੍ਹਾਂ ਨੂੰ ਜੀ ਆਇਆ ਕਿਹਾ ਤੇ ਖੇਡਾਂ ਵਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਬਲਾਕ ਇੰਚਾਰਜ ਕੋਚ ਅਮਰਜੀਤ ਸਿੰਘ ਨੇ ਨਤੀਜੇ ਜਾਰੀ ਕਰਦੇ ਹੋਏ ਦੱਸਿਆ ਕਿ ਕਬੱਡੀ ਨੈਸ਼ਨਲ ਸਟਾਇਲ 14 ਸਾਲ ਲੜਕਿਆਂ ਵਿੱਚ ਭਲਾਣ ਨੇ ਪਹਿਲਾ ਅਤੇ ਹਰੀ ਸਿੰਘ ਨਲੂਆ ਅਕੈਡਮੀ ਨੇ ਦੂਜਾ, ਲੜਕੀਆਂ ਵਿੱਚ ਕੀਰਤਪੁਰ ਸਾਹਿਬ ਸਕੂਲ ਨੇ ਪਹਿਲਾ ਤੇ ਖਾਲਸਾ ਸਕੂਲ ਭੱਲੜੀ ਨੇ ਦੂਜਾ, 17 ਸਾਲ ਉਮਰ ਵਰਗ ਵਿੱਚ ਕੀਰਤਪੁਰ ਸਾਹਿਬ ਨੇ ਪਹਿਲਾ ਅਤੇ ਕਲੋਤਾ ਨੇ ਦੂਜਾ, ਲੜਕੀਆਂ ਵਿੱਚ ਕੀਰਤਪੁਰ ਸਾਹਿਬ ਸਕੂਲ ਨੇ ਪਹਿਲਾ, ਵਾਲੀਬਾਲ 14 ਸਾਲ ਲੜਕੇ ਅਤੇ ਲੜਕੀਆਂ ਵਿੱਚ ਮਟੌਰ ਨੇ ਪਹਿਲਾ ਅਤੇ ਆਦਰਸ਼ ਸਕੂਲ ਲੋਧੀਪੁਰ ਨੇ ਦੂਜਾ, 17 ਸਾਲ ਲੜਕੀਆਂ ਵਿੱਚ ਲੋਧੀਪੁਰ ਨੇ ਪਹਿਲਾ ਅਤੇ ਮਟੌਰ ਨੇ ਦੂਜਾ, ਲੜਕਿਆਂ ਨੇ ਛੋਟੇਵਾਲ ਨੇ ਪਹਿਲਾ ਅਤੇ ਬਿਭੌਰ ਨੇ ਦੂਜਾ, 21 ਤੋਂ 30 ਲੜਕੇ ਵਿੱਚ ਰਾਪੁਰ ਨੇ ਪਹਿਲ ਅਤੇ ਕਲਿੱਤਰਾਂ ਨੇ ਦੂਜਾ, ਫੁੱਟਬਾਲ 21 ਸਾਲ ਲੜਕੇ ਮਾਰਸ਼ਲ ਅਕੈਡਮੀ ਨੇ ਪਹਿਲਾ ਅਤੇ ਖਾਲਸਾ ਕਲੱਬ ਨੇ ਦੂਜਾ, ਲੜਕੀਆਂ ਵਿੱਚ ਮਾਣਕਪੁਰ ਨੇ ਪਹਿਲਾ ਅਤੇ ਬਾਸੋਵਾਲ ਨੇ ਦੂਜ਼ਾ, ਲੰਬੀ ਛਾਲ 21 ਤੋਂ 30 ਸਾਲ ਲੜਕੀਆਂ ਵਿੱਚ ਲਵਪ੍ਰੀਤ ਕੌਰ ਨੇ ਪਹਿਲਾ ਅਤੇ ਗੁਰਪ੍ਰੀਤ ਕੌਰ ਨੇ ਦੂਜ਼ਾ, 51 ਤੋਂ 60 ਸਾਲ 100 ਮੀਟਰ ਮਰਦ ਵਿੱਚ ਬਲਤੇਜ਼ ਸਿੰਘ ਨੇ ਪਹਿਲਾ ਅਤੇ ਬਰਜਿੰਦਰ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

## ਆਦੇਸ਼ ਇੰਟਰਨੈਸ਼ਨਲ ਸਕੂਲ (ਲਖਿੰਦਰ) ਮਿਆਣੀ 'ਚ ਅਧਿਆਪਕ ਦਿਵਸ ਮਨਾਇਆ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਅਧਿਆਪਕ ਦੇਸ਼ ਦੇ ਨਿਰਮਾਤਾ ਹੁੰਦੇ ਹਨ ਅਤੇ ਸੱਭਿਅਕ ਸਮਾਜ ਦੇ ਸਿਰਜਣਹਾਰ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਦੇਸ਼ ਇੰਟਰਨੈਸ਼ਨਲ ਸਕੂਲ (ਲਖਿੰਦਰ) ਮਿਆਣੀ ਵਿੱਚ ਅਧਿਆਪਕ ਦਿਵਸ ਮੌਕੇ ਸੰਬੋਧਨ ਕਰਦਿਆਂ ਸਕੂਲ ਦੇ ਚੇਅਰਮੈਨ ਡਾ. ਲਖਮੀਰ ਸਿੰਘ ਚੌਧਰੀ ਨੇ ਕੀਤਾ। ਪ੍ਰਿੰਸੀਪਲ ਵਿਨੋਦ ਸ਼ਰਮਾ ਦੀ ਅਗਵਾਈ ਵਿੱਚ ਹੋਏ ਅਧਿਆਪਕ ਦਿਵਸ ਦੇ ਸਮਾਰੋਹ ਵਿੱਚ ਚੇਅਰਮੈਨ ਡਾਕਟਰ ਲਖਮੀਰ ਸਿੰਘ ਚੌਧਰੀ ਨੇ ਅਧਿਆਪਕਾਂ ਨੂੰ ਇਸ ਵਿਸ਼ੇਸ਼ ਦਿਨ 'ਤੇ ਸ਼ੁਭਕਾਮਨਾ ਦਿੱਤੀਆਂ ਅਤੇ ਕਿਹਾ ਕਿ ਅਧਿਆਪਕ ਦਾ ਦਰਜਾ ਗੁਰੂ ਸਮਾਨ ਹੁੰਦਾ ਹੈ।ਇਸ ਮੌਕੇ ਉਨ੍ਹਾਂ ਸਕੂਲ ਦੇ ਸਮੁੱਚੇ ਅਧਿਆਪਕਾਂ ਦਾ ਸਨਮਾਨ ਕਰਦੇ ਹੋਏ ਵਿਦਿਆਰਥੀਆਂ ਨੂੰ ਆਪਣੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਵਿਨੋਦ ਕੁਮਾਰ ਵੱਲੋਂ ਬੱਚਿਆਂ ਅਤੇ ਅਧਿਆਪਕਾਂ ਨੂੰ ਇਸ ਦਿਨ ਦੇ ਇਤਿਹਾਸ ਨਾਲ ਜਾਣੂ ਕਰਵਾਇਆ ਗਿਆ।ਇਸ ਮੌਕੇ ਵਾਈਸ ਪ੍ਰਿੰਸੀਪਲ ਲਵਨੀਤ ਕੌਰ, ਪਰਦੀਪ ਕੌਰ, ਸ਼ੈਲਪ੍ਰੀਤ ਕੌਰ, ਗੁਰਕੀਰਤ ਕੌਰ, ਜਸਪਿੰਦਰ ਕੌਰ, ਮਨਪ੍ਰੀਤ ਕੌਰ, ਰੁਪਿੰਦਰ ਕੌਰ, ਗੁਰਪ੍ਰੀਤ ਕੌਰ, ਸੀਮਾ ਰਾਣੀ, ਮਮਤਾ ਕੁਮਾਰੀ, ਪ੍ਰਭਜੋਤ ਕੌਰ, ਸੋਨੀਆ ਸੈਣੀ, ਸਿਮਰਨਦੀਪ ਕੌਰ, ਸੁਦੇਸ਼, ਕਰਨ ਕੁਮਾਰ, ਸ਼ਾਬੀਰ, ਰੀਤੂ, ਅਰਪਨਾ ਡੇਜੀ, ਪਰਜੀਤ ਕੌਰ, ਗੁਰਪ੍ਰੀਤ ਕੌਰ, ਰੇਣੂ, ਰਿੰਕੂ, ਸੰਗੀਤਾ ਚਾਵਲਾ, ਸਿਮਰਨਜੀਤ ਕੌਰ, ਸੋਨੀਆ ਨਵਜੋਤ ਕੌਰ, ਨੇਹਾ ਰੇਖੀ, ਸੁਖਵੀਰ ਕੌਰ, ਸਿਦਕ ਪ੍ਰੀਤ ਕੌਰ ਆਦਿ ਸ਼ਾਮਲ ਸਨ।

## ਪੰਜ ਰੋਜ਼ਾ ਸ਼੍ਰੀ ਰਾਮ ਕਥਾ ਦਾ ਵਿਸ਼ਾਲ ਸਮਾਗਮ



**ਸ਼ਾਹਕੋਟ (ਗਿਆਨ ਸੈਦਪੁਰੀ)** ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਪੰਜ ਰੋਜ਼ਾ ਸ਼੍ਰੀ ਰਾਮ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਵਾਮੀ ਰਾਮੇਸ਼ਵਰਾਨੰਦ ਨੇ ਦੱਸਿਆ ਕਿ 11 ਸਤੰਬਰ ਤੋਂ 15 ਸਤੰਬਰ ਤੱਕ ਸਥਾਨ ਦਾਣਾ ਮੰਡੀ ਸ਼ਾਹਕੋਟ ਵਿਖੇ ਸ਼ਾਮ 7:00 ਵਜੇ ਤੋਂ ਰਾਤ 10:00 ਵਜੇ ਤੱਕ ਕਥਾ ਕੀਰਤਨ ਕਰਵਾਇਆ ਜਾਵੇਗਾ। ਸਵਾਮੀ ਨੇ ਦੱਸਿਆ ਕਿ ਦਿਵਯ ਗੁਰੂ ਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਪਰਮ ਸੇਵਿਕਾ ਵਿਸ਼ਵ ਪ੍ਰਸਿੱਧ ਕਥਾ ਵਿਆਸ ਸਾਧਵੀ ਗਰਿਮਾ ਭਾਰਤੀ ਦੁਆਰਾ ਕਥਾ ਦਾ ਪਾਠ ਕੀਤਾ ਜਾਵੇਗਾ।ਉਹ ਭਗਵਾਨ ਸ਼੍ਰੀ ਰਾਮ ਦੇ ਕਥਾਮ੍ਰਿਤ ਤੋਂ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਆਪਣੇ ਕੀਰਤਨ ਮੰਡਲੀ ਨਾਲ ਪਹੁੰਚਣਗੇ।ਕਥਾਵਾਚਕ ਸਾਧਵੀ ਗਰਿਮਾ ਭਾਰਤੀ ਸੁੰਦਰ ਅਤੇ ਸਰਲ ਵਰਨਣ ਦੁਆਰਾ ਸ਼ਰਧਾਲੂਆਂ ਨੂੰ ਭਗਵਾਨ ਸ਼੍ਰੀ ਰਾਮ ਦੇ ਦਿਵਯ ਲੀਲਾਵਾਂ ਦੇ ਪਿੱਛੇ ਛੁਪੇ ਡੂੰਘੇ ਅਧਿਆਤਮਿਕ ਭੇਦਾਂ ਤੋਂ ਜਾਣੂ ਕਰਵਾਉਣਗੇ।ਇਸ ਕਹਾਣੀ ਦੀ ਸੰਗੀਤਕ ਸ਼ੈਲੀ, ਇਸ ਦੀ ਦਿਲਚਸਪ ਅਤੇ ਪ੍ਰੇਰਨਾਦਾਇਕ ਕਹਾਣੀ ਅਤੇ ਇਸ ਦੀ ਤਰਕਸੰਗਤ ਅਤੇ ਵਿਗਿਆਨਕ ਢੰਗ ਨਾਲ ਪੇਸ਼ਕਾਰੀ ਭਾਰਤੀਆਂ ਨੂੰ ਆਪਣੇ ਸੱਭਿਆਚਾਰ ਦੇ ਮਾਣ ਅਤੇ ਵਿਗਿਆਨਕ ਪੱਖ ਤੋਂ ਜਾਣੂ ਕਰਵਾਉਂਦੀ ਹੈ। ਪ੍ਰੋਗਰਾਮ ਵਿੱਚ ਵੈਦਿਕ ਮੰਤਰ ਦਾ ਪਾਠ ਅਤੇ ਭਗਤੀ ਭਜਨ ਵੀ ਪੇਸ਼ ਕੀਤੇ ਜਾਣਗੇ।

## ਸਾਈਂ ਕਾਲਜ ਜਾਡਲਾ ਦਾ ਬੀ ਐੱਡ ਦਾ ਸ਼ਾਨਦਾਰ ਨਤੀਜਾ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਬੀ ਐਡ ਸਮੈਸਟਰ ਦੂਸਰਾ ਸੈਸ਼ਨ (2023-2025) ਦੇ ਐਲਾਨੇ ਗਏ ਨਤੀਜਿਆਂ ਵਿਚ ਸਾਈਂ ਕਾਲਜ ਜਾਡਲਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਚੇਅਰਮੈਨ ਪ੍ਰੀਤਮ ਜੌਹਰ, ਵਾਈਸ ਚੇਅਰਮੈਨ ਗੌਰਵ ਜੌਹਰ, ਐਮ ਡੀ ਅਨੁਪਮ ਜੌਹਰ ਅਤੇ ਪ੍ਰਿੰਸੀਪਲ ਡਾ. ਸੁਨੀਲਾ ਧੀਰ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਉਕਤ ਨਤੀਜਿਆਂ ਵਿਚ ਕਾਲਜ ਦੀਆਂ ਵਿਦਿਆਰਥਣਾਂ ਨੇ ਜ਼ਿਲ੍ਹੇ ਵਿੱਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਕੇ ਮੱਲ੍ਹਾਂ ਮਾਰੀਆਂ। ਉਨ੍ਹਾਂ ਦੱਸਿਆ ਕਿ ਗ਼ਜ਼ਲ ਅਰੋੜਾ ਅਤੇ ਚਰਨਪ੍ਰੀਤ ਕੌਰ ਨੇ 8.30 ਗ੍ਰੇਡਿੰਗ ਨਾਲ ਪਹਿਲਾ, ਹਰਮਨਪ੍ਰੀਤ ਕੌਰ ਨੇ 8.20 ਗ੍ਰੇਡਿੰਗ ਨਾਲ ਦੂਸਰਾ ਅਤੇ ਚਾਂਦਨੀ ਨੇ 8.00 ਗ੍ਰੇਡਿੰਗ ਨਾਲ ਤੀਸਰਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਉਕਤ ਨਤੀਜੇ ਲਈ ਸਮੂਹ ਕਾਲਜ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਇਨੋਸੈਂਟ ਹਾਰਟਸ ਕਾਲਜ ਆਫ ਐਜੂਕੇਸ਼ਨ ਦਾ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ



**ਜਲੰਧਰ (ਸ਼ੈਲੀ ਐਲਬਰਟ)** -ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੇ ਵਿਦਿਆਰਥੀ-ਅਧਿਆਪਕਾਂ ਨੇ ਜੀ ਐਨ ਡੀ ਯੂ ਬੀ.ਐੱਡ. (Sem-B) ਮਈ 2024 ਦੇ ਪ੍ਰੀਖਿਆ ਵਿੱਚ ਬਹੁਤ ਵਧੀਆ ਨਤੀਜਾ ਹਾਸਲ ਕੀਤਾ। ਕਾਲਜ ਦੇ ਸਾਰੇ ਵਿਦਿਆਰਥੀ-ਅਧਿਆਪਕਾਂ ਨੇ ਫਸਟ ਡਵੀਜ਼ਨ, 18% ਵਿਦਿਆਰਥੀ-ਅਧਿਆਪਕਾਂ ਨੇ ਡਿਸਟਿੰਕਸ਼ਨ ਅਤੇ 60% ਵਿਦਿਆਰਥੀ-ਅਧਿਆਪਕਾਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕੀਤੇ।। ਗੁਰਪ੍ਰੀਤ ਕੌਰ 8.00 ਸੀਜੀਪੀਏ ਨਾਲ ਕਾਲਜ ਵਿੱਚੋਂ ਪਹਿਲੇ, ਪੂਨਮ 7.90 ਸੀਜੀਪੀਏ ਨਾਲ ਦੂਜੇ ਅਤੇ ਕੋਮਲ ਵਰਮਾ 7.80 ਸੀਜੀਪੀਏ ਨਾਲ ਕਾਲਜ ਵਿੱਚੋਂ ਤੀਜੇ ਸਥਾਨ 'ਤੇ ਰਹੀ । ਗੁਰਪ੍ਰੀਤ ਕੌਰ ਨੇ ਸਭ ਤੋਂ ਪਹਿਲਾਂ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਕਾਲਜ ਪ੍ਰਿੰਸੀਪਲ ਅਤੇ ਆਪਣੇ ਗੁਰੂਆਂ ਵੱਲੋਂ ਦਿੱਤੇ ਮਾਰਗ ਦਰਸ਼ਨ ਲਈ ਖੁਸ਼ੀ ਜ਼ਾਹਰ ਕੀਤੀ। ਪੂਨਮ ਨੇ ਕਿਹਾ, ਮੈਂ ਆਪਣੇ ਅਧਿਆਪਕਾਂ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੇ ਵਿੱਚ ਵਿਸ਼ਵਾਸ ਪੈਦਾ ਕੀਤਾ ਅਤੇ ਪ੍ਰਿੰਸੀਪਲ ਸਰ ਜਿਨ੍ਹਾਂ ਨੇ ਮੈਨੂੰ ਮੇਰੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਹੀ ਦਿਸ਼ਾ ਦਿਖਾਈ । ਕਾਲਜ ਦੀ ਕਾਰਜਕਾਰੀ ਡਾਇਰੈਕਟਰ ਅਰਾਧਨਾ ਬੌਰੀ ਨੇ ਵਿਦਿਆਰਥੀ ਅਧਿਆਪਕਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ । ਪਿੰਸੀਪਲ ਡਾ: ਅਰਜਿੰਦਰ ਸਿੰਘ ਨੇ ਦੱਸਿਆ ਕਿ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵਧੀਆ ਪ੍ਰਦਰਸ਼ਨ ਕਰਕੇ ਸਮੈਸਟਰ-2 ਦੀ ਪ੍ਰੀਖਿਆ ਪਾਸ ਕੀਤੀ ਹੈ । ਉਨ੍ਹਾਂ ਵਿਦਿਆਰਥੀ-ਅਧਿਆਪਕਾਂ ਨੂੰ ਇਸ ਸਿਧਾਂਤਕ ਗਿਆਨ ਨੂੰ ਅਧਿਆਪਨ ਪ੍ਰੈਕਟਿਸ ਸਕੂਲਾਂ ਵਿੱਚ ਵੀ ਅਮਲੀ ਰੂਪ ਵਿੱਚ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਪ੍ਰਬੰਧਕਾਂ, ਪ੍ਰਿੰਸੀਪਲ ਅਤੇ ਫੈਕਲਟੀ ਮੈਂਬਰਾਂ ਨੇ ਸਾਰੇ ਵਿਦਿਆਰਥੀ-ਅਧਿਆਪਕਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੱਤੀ।

## ਸਰਕਾਰੀ ਸਕੂਲ ਨਾਰੂ ਨੰਗਲ ਨੇ ਜ਼ੋਨਲ ਐਥਲੈਟਿਕ ਮੀਟ 'ਚ 29 ਗੋਲਡ ਤੇ 2 ਸਿਲਵਰ ਮੈਡਲ ਜਿੱਤੇ

**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)** ਜ਼ਿਲ੍ਹਾ ਸਿੱਖਿਆ ਅਫਸਰ ਲਲਿਤਾ ਅਰੋੜਾ (ਸੈ.ਸਿ.) ਹੁਸ਼ਿਆਰਪੁਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੀ ਯੋਗ ਅਗਵਾਈ ਹੇਠ 68ਵੀਂ ਜੋਨਲ ਅਥਲੈਟਿਕ ਮੀਟ ਸ਼ੇਰਗੜ੍ਹ ਜੋਨ ਦੀਆਂ ਖੇਡਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਨ ਵਿਖੇ ਕਰਵਾਈਆਂ ਗਈਆ। ਜਿਸ ਵਿੱਚ ਨਾਰੂ ਨੰਗਲ ਸਕੂਲ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਸਕੂਲ ਨੇ ਅਥਲੈਟਿਕਸ ਦੇ ਸਾਰੇ ਇਵੈਂਟਸ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, 600 ਮੀਟਰ ਅਤੇ 1500 ਮੀਟਰ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਲੌਂਗ ਜੰਪ ਅੰਡਰ 14, ਅੰਡਰ 17 ਅਤੇ ਅੰਡਰ 19 ਕੁੜੀਆਂ ਦੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਕੁੜੀਆਂ ਅੰਡਰ-14, ਅੰਡਰ-17 ਦੇ ਵਿੱਚ 4 ਗੁਣਾ 100 ਮੀਟਰ ਰਿਲੇ ਰੇਸ ਦੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਮੁੰਡਿਆਂ ਦੀ ਰਿਲੇ ਰੇਸ ਦੇ ਵਿੱਚ 4 ਗੁਣਾ 100 ਮੀਟਰ 17 ਸਾਲ ਉਮਰ ਵਰਗ ਦੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ 19 ਸਾਲ ਦੇ ਵਿੱਚ ਦੂਸਰਾ ਸਥਾਨ ਹਾਸਲ ਕੀਤਾ। ਸਕੂਲ ਨੇ ਓਵਰਆਲ ਟਰੌਫੀ ਹਾਸਲ ਕੀਤੀ।ਪ੍ਰਿੰਸੀਪਲ ਸ਼ੈਲੇਂਦਰ ਠਾਕੁਰ ਨੇ ਜੇਤੂ ਖਿਡਾਰੀਆਂ ਨੂੰ ਸ਼ਾਬਾਸ਼ ਦਿੱਤੀ।



## 'ਵੈਲੀ ਯਾਰ' ਦਾ ਪੋਸਟਰ ਰਿਲੀਜ਼



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਅਨੇਕਾਂ ਹੀ ਗੀਤਾਂ ਨਾਲ ਚਰਚਾ ਚ ਰਹਿਣ ਵਾਲੇ ਗਾਇਕ ਮਨਵੀਰ ਰਾਣਾ ਦਾ ਨਵਾਂ ਦੋਗਾਣਾ 'ਵੈਲੀ ਯਾਰ' ਪੇਸ਼ਕਾਰ ਮਨਜੀਤ ਸਿੰਘ ਤੇ ਟਰਾਂਟੋ ਮਿਊਜ਼ਿਕ ਕੰਪਨੀ ਕੈਨੇਡਾ ਵੱਲੋਂ ਰਿਲੀਜ਼ ਜਾਵੇਗਾ ਜਿਸ ਦਾ ਪੋਸਟਰ ਬਲਕਾਰ ਸਿੰਘ ਇਨਕਮ ਟੈਕਸ ਵਿਭਾਗ ਕੰਪਨੀ ਦੇ ਐਮ ਡੀ ਮਨਜੀਤ ਸਿੰਘ, ਰਿੱਪੀ ਕਿੰਨੜਾ ਮੁੱਖ ਸੰਪਾਦਿਕ ਸੰਗੀਤ ਦਰਪਣ, ਗਾਇਕ ਬੂਟਾ ਮਹੁੰਮਦ, ਗਾਇਕ ਫਿਰੋਜ਼ ਖਾਨ ਦੋਗਾਣਾ ਜੋੜੀ ਸੁੱਚਾ ਰੰਗੀਲਾ ਤੇ ਮਨਦੀਪ ਮੈਂਡੀ, ਵਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ ਜਾਣਕਾਰੀ ਦਿੰਦਿਆਂ ਮਨਵੀਰ ਰਾਣਾ ਨੇ ਦੱਸਿਆ ਕਿ ਇਸ ਟਰੈਕ ਦਾ ਸੰਗੀਤ ਪਤਰਸ ਚੀਮਾਂ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਨੂੰ ਲਿਖਿਆ ਹੈ ਰਜਨੀਸ਼ ਕੁਮਾਰੀ ਇਟਲੀ ਨੇ ਵੀਡੀਓ ਐਨ ਬੀ ਸਾਬ ਵਲੋਂ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਟਰੈਕ ਨੂੰ ਤਿਆਰ ਕਰਵਾਉਣ ਵਿੱਚ ਮੀਕਾ ਰਾਜੋਵਾਲੀਆ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।

## ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਮਨਾਇਆ




**ਮੋਹਾਲੀ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਛੇ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਵਿੱਚ ਜਾਣੂੰ ਕਰਵਾਇਆ। ਸ਼੍ਰੋਮਣੀ ਪ੍ਰਚਾਰਕ ਭਾਈ ਜਰਨੈਲ ਸਿੰਘ ਲੁਧਿਆਣੇ ਵਾਲਿਆਂ ਨੇ ਆਪਣੇ ਪ੍ਰਵਚਨਾਂ ਅਤੇ ਵਿਆਖਿਆ ਰਾਹੀਂ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਕਰਵਾਉਣ ਅਤੇ ਬਾਬਾ ਬੁੱਢਾ ਜੀ ਦੁਆਰਾ ਉਸ ਮੌਕੇ ਲਏ ਗਏ ਪਹਿਲੇ ਹੁਕਮਨਾਮਾ ਸਾਹਿਬ ਬਾਰੇ ਦੱਸਿਆ।

## ਬੇਬੇ ਨਾਨਕੀ ਗਰਲਜ਼ ਸਕੂਲ ਦੀਆਂ ਖਿਡਾਰਨਾਂ ਨੇ 6 ਗੋਲਡ ਸਮੇਤ 11 ਮੈਡਲ ਜਿੱਤੇ



**ਫਗਵਾੜਾ (ਡਾ. ਰਮਨ)** ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਅਤੇ ਡਾਇਰੈਕਟਰ ਵਿਓਮਾ ਭੋਗਲ ਢੱਟ ਦੀ ਅਗਵਾਈ ਹੇਠ ਸਿੱਖਿਆ ਦਾ ਪ੍ਰਸਾਰ ਕਰ ਰਹੇ ਬੇਬੇ ਨਾਨਕੀ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਦੀਆਂ ਵਿਦਿਆਰਥਣਾਂ ਨੇ ਏਸ਼ੀਅਨ ਮਾਰਸ਼ਲ ਆਰਟਸ ਐਂਡ ਸਪੋਰਟਸ ਖੇਡਾਂ-2024 ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਛੇ ਗੋਲਡ ਮੈਡਲ ਚਾਰ ਸਿਲਵਰ ਤੇ ਇਕ ਬ੍ਰਾਂਜ ਮੈਡਲ ਸਮੇਤ ਕੁੱਲ 11 ਮੈਡਲ ਹਾਸਲ ਕੀਤੇ ਹਨ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਰਜਨੀ ਗੁਪਤਾ ਨੇ ਦਸਿਆ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਵਿਖੇ ਇਹਨਾਂ ਖੇਡਾਂ 'ਚ ਭਾਗ ਲੈਂਦੇ ਹੋਏ ਸਕੂਲ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਖੇਡਾਂ ਵਿੱਚ ਮੱਲਾਂ ਮਾਰੀਆ।ਵਿਦਿਆਰਥਣ ਬਿੰਦੀਆ ਅਤੇ ਨਿਸ਼ੂ ਕੁਮਾਰੀ ਨੇ ਕਬੱਡੀ ਟੀਮ ਵਿੱਚ ਭਾਗ ਲੈਂਦਿਆਂ ਗੋਲਡ ਮੈਡਲ ਹਾਸਲ ਕੀਤਾ।ਬਿੰਦੀਆ ਨੇ ਇਸ ਤੋਂ ਇਲਾਵਾ ਕਿੱਕ ਬਾਕਸਿੰਗ ਵਿੱਚ ਸਿਲਵਰ ਮੈਡਲ, ਆਂਨਸੀ ਨੇ ਕਿੱਕ ਬਾਕਸਿੰਗ ਵਿੱਚ ਸਿਲਵਰ ਮੈਡਲ ਅਤੇ ਤਾਈਕਵਾਂਡੋ ਵਿਚ ਗੋਲਡ ਮੈਡਲ ਜਦਕਿ ਸਾਨਿਆ ਨੇ ਸਿਲਵਰ ਮੈਡਲ, ਭਾਰਤੀ ਨੇ ਕਿੱਕ ਬਾਕਸਿੰਗ ਵਿੱਚ ਸਿਲਵਰ ਮੈਡਲ ਅਤੇ ਤਾਈਕਵਾਂਡੋ ਵਿੱਚ ਗੋਲਡ ਮੈਡਲ ਹਾਸਲ ਕਰਕੇ ਸਕੂਲ ਅਤੇ ਸ਼ਹਿਰ ਦਾ ਨਾਮ ਚਮਕਾਇਆ ਹੈ। ਇਸੇ ਤਰ੍ਹਾਂ ਹੋਰ ਵਿਦਿਆਰਥਣਾਂ ਨੇ ਵੀ ਵੱਖ-2 ਖੇਡਾਂ 'ਚ ਗੋਲਡ, ਸਿਲਵਰ ਤੇ ਬ੍ਰਾਂਜ ਮੈਡਲ ਪ੍ਰਾਪਤ ਕੀਤੇ ਹਨ। ਵਿਦਿਆਰਥਣਾਂ ਦੀ ਇਸ ਪ੍ਰਾਪਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਅਤੇ ਡਾਇਰੈਕਟਰ ਵਿਓਮਾ ਭੋਗਲ ਢੱਟ ਨੇ ਜਿੱਥੇ ਜੇਤੂ ਵਿਦਿਆਰਥਣਾਂ ਨੂੰ ਅਸ਼ੀਰਵਾਦ ਦਿੱਤਾ।

## ਅਧਿਆਪਕ ਦਿਵਸ ਮੌਕੇ ਅਧਿਆਪਕਾਂ ਦਾ ਸਨਮਾਨ



**ਕਰਤਾਰਪੁਰ : (ਹਰਮੇਸ਼ ਦੱਤ )** ਸੰਤ ਬਾਬਾ ਓਂਕਾਰ ਨਾਥ ਸੀਨੀਅਰ ਸੈਕੰਡਰੀ ਸਕੂਲ, ਕਾਲਾ ਬਾਹੀਆਂ (ਜਲੰਧਰ) ਵਿਖੇ ਅਧਿਆਪਕ ਦਿਵਸ ਮਨਾਇਆ ਗਿਆ।ਇਸ ਮੌਕੇ ਸਰਵਪੱਲੀ ਡਾ. ਰਾਧਾ ਕ੍ਰਿਸ਼ਨਨ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਪੂਰਨਿਆਂ 'ਤੇ ਚਲਣ ਦਾ ਪ੍ਰਣ ਲਿਆ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਅਧਿਆਪਕਾਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ।ਮੈਨੇਜਿੰਗ ਡਾਇਰੈਕਟਰ ਅਮਰੀਕ ਸਿੰਘ ਨੇ ਕਿਹਾ ਕਿ ਅਧਿਆਪਕ ਦੀ ਦਿੱਤੀ ਸਹੀ ਸਿੱਖਿਆ ਵਿਦਿਆਰਥੀਆਂ ਨੂੰ ਆਪਣੀ ਚਾਹੀ ਮੰਜ਼ਲ ਵੱਲ ਲੈ ਜਾਂਦੀ ਹੈ।ਅਧਿਆਪਕ ਵਿਦਿਆਰਥੀਆਂ ਲਈ ਜੀਵਨ ਵਿੱਚ ਚਾਨਣ ਮੁਨਾਰੇ ਵਾਂਗ ਹੁੰਦੇ ਹਨ।ਉਨ੍ਹਾਂ ਨੇ ਅਧਿਆਪਕ ਦਿਵਸ ਮੌਕੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੱਤੀ।ਸਕੂਲ ਚੇਅਰਮੈਨ ਸਤਨਾਮ ਸਿੰਘ ਅਤੇ ਪ੍ਰਧਾਨ ਚਰਨਾ ਰਾਮ ਨੇ ਵਿਦਿਆਰਥੀਆਂ ਨੂੰ ਅਧਿਆਪਕਾਂ ਦਾ ਵੱਧ ਤੋਂ ਵੱਧ ਸਤਿਕਾਰ ਕਰਨ ਅਤੇ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ 'ਤੇ ਚੱਲਣ ਲਈ ਕਿਹਾ।ਸਕੂਲ ਪ੍ਰਿੰਸੀਪਲ ਮੈਡਮ ਕੁਲਵਿੰਦਰ ਕੌਰ ਨੇ ਸਾਰੇ ਅਧਿਆਪਕਾਂ ਨੂੰ ਅਧਿਆਪਕ ਦਿਵਸ ਦੀ ਵਧਾਈ ਦਿੱਤੀ ਅਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।ਸਕੂਲ ਵਿਦਿਆਰਥੀਆਂ ਨੇ ਆਪਣੇ ਵੱਲੋਂ ਬਣਾਏ ਅਧਿਆਪਕਾਂ ਲਈ ਸ਼ੁੱਭ ਕਾਮਨਾਵਾਂ ਵਾਲੇ ਕਾਰਡ ਅਧਿਆਪਕਾਂ ਨੂੰ ਦਿੱਤੇ। ਇਸ ਮੌਕੇ ਚੇਅਰਮੈਨ ਸਤਨਾਮ ਸਿੰਘ, ਪ੍ਰਧਾਨ ਚਰਨਾ ਰਾਮ, ਮੈਂਬਰ ਚਰਨ ਸਿੰਘ, ਰਣਜੀਤ ਸਿੰਘ, ਮਹਿੰਦਰ ਸਿੰਘ, ਰਵਿੰਦਰ ਪਾਲ, ਗੇਂਦੀ ਰਾਮ, ਮੈਨੇਜਿੰਗ ਡਾਇਰੈਕਟਰ ਅਮਰੀਕ ਸਿੰਘ, ਪ੍ਰਿੰਸੀਪਲ ਮੈਡਮ ਕੁਲਵਿੰਦਰ ਕੌਰ ਮੈਡਮ ਸੀਮਾ ਅਤੇ ਸਕੂਲ ਸਟਾਫ਼ ਹਾਜ਼ਰ ਸੀ।


## ਜਨਮ ਦਿਨ ਮੁਬਾਰਕ



ਤਕਦੀਰ ਕੌਰ (ਹੁਸ਼ਿਆਰਪੁਰ)

## ਵਰ੍ਹੇਗੰਢ ਮੁਬਾਰਕ



ਸਤਨਾਮ ਸਿੰਘ ਤੇ ਰੀਨਾ ਸਰਮਾਲ ਵਾਸੀ ਗੁਰਦਾਸਪੁਰ ਨੇ ਆਪਣੇ ਵਿਆਹ ਦੀ 14ਵੀਂ ਵਰ੍ਹੇਗੰਢ ਮਨਾਈ।




## ਲਾਇਲਪੁਰ ਖ਼ਾਲਸਾ ਕਾਲਜ ਦੇ ਐੱਮ ਏ ਹਿਸਟਰੀ ਦੂਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ

**ਜਲੰਧਰ (ਸ਼ੈਲੀ ਐਲਬਰਟ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਮ ਏ ਹਿਸਟਰੀ ਦੂਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਨੇ 10 'ਚੋਂ 8.00 ਐਸ ਜੀ ਪੀ ਏ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ 'ਚੋਂ ਤੀਜਾ, ਨੀਤੂ ਕੁਮਾਰੀ ਨੇ 7.40 ਐਸ ਜੀ ਪੀ ਏ ਪ੍ਰਾਪਤ ਕਰਕੇ ਛੇਵਾਂ, ਦੀਪਕ ਬੈਂਸ ਨੇ 7.20 ਐਸ ਜੀ ਪੀ ਏ ਪ੍ਰਾਪਤ ਕਰਕੇ ਸਤਵਾਂ, ਮੰਗਲਜੀਤ ਨੇ 7.00 ਸੀ ਜੀ ਪੀ ਏ ਪ੍ਰਾਪਤ ਕਰਕੇ ਅੱਠਵਾਂ ਸਥਾਨ ਅਤੇ ਕਮਲ ਸਹੋਤਾ ਨੇ 6.80 ਸੀ.ਜੀ.ਪੀ.ਏ. ਪ੍ਰਾਪਤ ਕਰਕੇ ਨੌਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ।